JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

To view our online newspaper visit punjabipost.ca/epaper | Vol 21* Issue 184 | Friday, September 23, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਮਾਹਿਰਾਂ ਦੀ ਉਮੀਦ ਤੋਂ ਵੀ ਘੱਟ ਲੱਗੇ ਕੋਵਿਡ-19 ਦੇ ਟੀਕੇ



ਓਨਟਾਰੀਓ, 22 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਵਿੱਚ ਕੋਵਿਡ-19 ਖਿਲਾਫ ਵੈਕਸੀਨੇਸ਼ਨ ਕਰਵਾਉਣ ਵਾਲੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਗਿਣਤੀ ਉਸ ਅੰਕੜੇ ਨਾਲੋਂ ਵੀ ਘੱਟ ਹੈ ਜਿਸ ਘੱਟ ਗਿਣਤੀ ਦੀ ਮਾਹਿਰਾਂ ਨੂੰ ਉਮੀਦ ਸੀ।

ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਕੋਵਿਡ-19 ਵੈਕਸੀਨ ਦੇ ਸ਼ੌਟਸ ਦੋ ਮਹੀਨੇ ਤੋਂ ਉਪਲਬਧ ਹਨ ਪਰ ਹੁਣ ਤੱਕ ਇਸ ਉਮਰ ਵਰਗ ਦੇ ਸਿਰਫ ਛੇ ਫੀ ਸਦੀ ਬੱਚਿਆਂ ਵੱਲੋਂ ਹੀ ਪਹਿਲੀ ਡੋਜ਼ ਲਵਾਈ ਗਈ ਹੈ। ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਕੀਰਨ ਮੂਰ ਦਾ ਕਹਿਣਾ ਹੈ ਕਿ ਜਿੰਨੇ ਬੱਚਿਆਂ ਵੱਲੋਂ ਇਸ ਅਰਸੇ ਦੌਰਾਨ ਟੀਕੇ ਲਵਾਉਣ ਦੀ ਉਮੀਦ ਸੀ ਇਹ ਅੰਕੜੇ ਉਸ ਨਾਲੋਂ ਕਿਤੇ ਘੱਟ ਹਨ।

ਇੱਕ ਇੰਟਰਵਿਊ ਵਿੱਚ ਉਨ੍ਹਾਂ ਦੱਸਿਆ ਕਿ ਉਹ ਚਾਹੁੰਦੇ ਹਨ ਕਿ ਛੇ ਤੋਂ ਚਾਰ ਸਾਲ ਉਮਰ ਵਰਗ ਦੇ ਬੱਚਿਆਂ ਨੂੰ ਮਾਪੇ ਵੱਧ ਤੋਂ ਵੱਧ ਇਹ ਟੀਕੇ ਲਵਾਉਣ। ਯੂਨੀਵਰਸਿਟੀ ਆਫ ਓਟਵਾ ਵਿੱਚ ਹੈਲਥ ਸਾਇੰਸਿਜ਼ ਦੀ ਫੈਕਲਟੀ ਨਾਲ ਸਬੰਧਤ ਐਪਿਡੇਮੌਲੋਜਿਸਟ ਤੇ ਐਸੋਸਿਏਟ ਪ੍ਰੋਫੈਸਰ ਰੇਅਵਤ ਦਿਓਨੰਦਨ ਨੇ ਆਖਿਆ ਕਿ ਸਾਨੂੰ ਇਹ ਡਰ ਤਾਂ ਸੀ ਕਿ ਇਹ ਅੰਕੜੇ ਘੱਟ ਹੋਣਗੇ ਪਰ ਐਨੇ ਘੱਟ ਹੋਣਗੇ ਇਹ ਨਹੀਂ ਸੀ ਪਤਾ। ਉਨ੍ਹਾਂ ਆਖਿਆ ਕਿ ਬਹੁਤ ਸਾਰੇ ਲੋਕਾਂ ਨੂੰ ਇਹ ਗਲਤਫਹਿਮੀ ਹੈ ਕਿ ਮਹਾਂਮਾਰੀ ਮੁੱਕ ਚੁੱਕੀ ਹੈ ਤੇ ਜੇ ਬੱਚਿਆਂ ਨੂੰ ਕੋਵਿਡ-19 ਹੁੰਦਾ ਵੀ ਹੈ ਤਾਂ ਉਹ ਬਹੁਤਾ ਬਿਮਾਰ ਨਹੀਂ ਪੈਂਦੇ।

## ਅਸਫਲ ਜੰਗ ਨੂੰ ਘਸੀਟ ਰਿਹਾ ਹੈ ਰੂਸ : ਟਰੂਡੋ



ਸੰਯੁਕਤ ਰਾਸ਼ਟਰ, 22 ਸਤੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਰੂਸ ਵੱਲੋਂ ਯੂਕਰੇਨ ਨਾਲ ਕੀਤੀ ਜਾ ਰਹੀ ਜੰਗ ਦੀ ਇੱਕ ਵਾਰੀ ਮੁੜ ਨਿਖੇਧੀ ਕਰਦਿਆਂ ਆਖਿਆ ਕਿ ਕਈ ਥਾਂਵਾਂ ਉੱਤੇ ਹੁਣ ਜਦੋਂ ਰੂਸ ਨੂੰ ਮੂੰਹ ਦੀ ਖਾਣੀ ਪੈ ਰਹੀ ਹੈ ਉਹ ਆਪਣੀ ਘਬਰਾਹਟ ਨੂੰ ਲੁਕਾਉਣ ਲਈ ਇਸ ਅਸਫਲ ਜੰਗ ਨੂੰ ਜਾਰੀ ਰੱਖ ਰਿਹਾ ਹੈ। ਦੁਨੀਆਂ ਭਰ ਤੋਂ ਆਏ ਆਗੂਆਂ ਵੱਲੋਂ ਇਸ ਜੰਗ ਦੀ ਨਿਖੇਧੀ ਕੀਤੀ ਗਈ।

ਸੰਯੁਕਤ ਰਾਸ਼ਟਰ ਦੇ ਆਪਣੇ ਦੋ ਰੋਜ਼ਾ ਦੌਰੇ ਨੂੰ ਸਮੇਟਦਿਆਂ ਟਰੂਡੋ ਨੇ ਆਪਣੀਆਂ ਰਵਾਇਤੀ ਤਰਜੀਹਾਂ ਵਾਲੇ ਏਜੰਡੇ ਜਿਵੇਂ ਕਿ ਕਲਾਈਮੇਟ ਚੇਂਜ, ਬਾਇਓਡਾਇਵਰਸਿਟੀ ਤੇ ਕੌਮਾਂਤਰੀ ਵਿਕਾਸ ਦੀ ਗੱਲ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਸਾਰਿਆਂ ਦਾ ਬਹੁਤਾ ਧਿਆਨ ਸੱਤ ਮਹੀਨੇ ਤੋਂ ਰੂਸ ਤੇ ਯੂਕਰੇਨ ਦਰਮਿਆਨ ਚੱਲ ਰਹੀ ਜੰਗ ਵੱਲ ਹੀ ਰਿਹਾ। ਇਸ ਦੌਰਾਨ ਵੀਡੀਓ ਰਾਹੀਂ ਜਨਰਲ ਅਸੈਂਬਲੀ ਨੂੰ ਸੰਬੋਧਨ ਕਰ ਰਹੇ ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੈਲੈਂਸਕੀ ਨੇ ਇੱਕ ਵਾਰੀ ਫਿਰ ਕੌਮਾਂਤਰੀ ਭਾਈਚਾਰੇ ਨੂੰ ਰੂਸ ਨੂੰ ਸਜ਼ਾ ਦੇਣ ਤੇ ਇਸ ਨੂੰ ਅਲੱਗ ਥਲੱਗ ਕਰਨ ਲਈ ਦਬਾਅ ਪਾਇਆ।

ਇਸ ਤੋਂ ਇਲਾਵਾ ਜ਼ੈਲੈਂਸਕੀ ਨੇ ਆਖਿਆ ਕਿ ਬੁੱਧਵਾਰ ਨੂੰ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਵੱਲੋਂ ਯੂਕਰੇਨ ਖਿਲਾਫ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਦਿੱਤੀ ਗਈ ਧਮਕੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਰੂਸ ਖਿਲਾਫ ਸਖ਼ਤ ਕਾਰਵਾਈ ਕੀਤੇ ਜਾਣ ਦੀ ਲੋੜ ਹੈ। ਇਸ ਦੌਰਾਨ ਕੀਤੀ ਗਈ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰੂਡੋ ਨੇ ਆਖਿਆ ਕਿ ਹੁਣ ਜਦੋਂ ਪੁਤਿਨ ਨੂੰ ਕਿਸੇ ਪਾਸੇ ਤੋਂ ਸਫਲਤਾ ਨਹੀਂ ਮਿਲ ਰਹੀ ਤਾਂ ਉਹ ਇਸ ਤਰ੍ਹਾਂ ਦੀਆਂ ਖਤਰਨਾਕ ਧਮਕੀਆਂ ਦੇਣ ਉੱਤੇ ਉਤਾਰੂ ਹੈ।

ਉਨ੍ਹਾਂ ਆਖਿਆ ਕਿ ਅੰਸ਼ਕ ਤੌਰ ਉੱਤੇ ਆਪਣੇ ਲੋਕਾਂ ਦੀ ਸੈਨਾ ਵਿੱਚ ਕੀਤੀ ਜਾ ਰਹੀ ਭਰਤੀ ਇਸ ਗੱਲ ਦਾ ਸਬੂਤ ਹੈ ਕਿ ਪੁਤਿਨ ਬੌਖਲਾ ਗਿਆ ਹੈ ਤੇ ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਹਾਲਾਤ ਉਸ ਦੀ ਇੱਛਾ ਮੁਤਾਬਕ ਨਹੀਂ ਢਲ ਰਹੇ। ਇਸ ਮੌਕੇ ਟਰੂਡੋ ਨੇ ਇਹ ਵੀ ਆਖਿਆ ਕਿ ਉਹ ਰੂਸ ਖਿਲਾਫ ਹੋਰ ਸਖ਼ਤ ਪਾਬੰਦੀਆਂ ਲਾਵੇਗਾ, ਯੂਕਰੇਨ ਦੀ ਫੌਜ ਨੂੰ ਸਿਖਲਾਈ ਦੇਵੇਗਾ ਤੇ ਹਰ ਤਰ੍ਹਾਂ ਦੀ ਸੰਭਵ ਮਦਦ ਵੀ ਮੁਹੱਈਆ ਕਰਾਵੇਗਾ। ਟਰੂਡੋ ਨੇ ਇਹ ਵੀ ਆਖਿਆ ਕਿ ਰੂਸ ਵੱਲੋਂ ਦਿੱਤੀਆਂ ਜਾ ਰਹੀਆਂ ਧਮਕੀਆਂ ਨੂੰ ਸਾਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਤੇ ਇਨ੍ਹਾਂ ਦਾ ਡਟ ਕੇ ਸਾਹਮਣਾ ਕਰਨਾ ਚਾਹੀਦਾ ਹੈ।

ਇਸ ਦੌਰਾਨ ਵੀਡੀਓ ਰਾਹੀਂ ਯੂਐਨ ਅਸੈਂਬਲੀ ਨੂੰ ਸੰਬੋਧਨ ਕਰਦਿਆਂ ਜ਼ੈਲੈਂਸਕੀ ਨੇ ਯੂਐਨ ਦੇ ਬਾਨੀ ਮੈਂਬਰ ਰੂਸ ਨੂੰ ਕੌਮਾਂਤਰੀ ਹਾਲਾਤ ਵਿੱਚ ਵੋਟ ਕਰਨ ਦੇ ਅਧਿਕਾਰ ਤੋਂ ਵਾਂਝਾ ਕਰਨ ਦੀ ਅਪੀਲ ਕੀਤੀ ਤੇ ਯੂਐਨ ਦੀ ਸਕਿਊਰਿਟੀ ਕਾਊਂਸਲ ਵਿੱਚ ਵੀਟੋ ਦਾ ਅਧਿਕਾਰ ਵੀ ਰੂਸ ਤੋਂ ਵਾਪਿਸ ਲੈਣ ਦੀ ਮੰਗ ਕੀਤੀ।

## ਵਸਾਗਾ ਬੀਚ ਉੱਤੇ ਕਾਰ ਰੈਲੀ ਕਰਨ ਵਾਲੇ 20 ਲੋਕਾਂ ਨੂੰ ਕੀਤਾ ਗਿਆ ਚਾਰਜ



ਓਨਟਾਰੀਓ, 22 ਸਤੰਬਰ (ਪੋਸਟ ਬਿਊਰੋ) : ਅਗਸਤ ਦੇ ਅਖੀਰ ਵਿੱਚ ਵਸਾਗਾ ਬੀਚ ਉੱਤੇ ਹੋਈ ਕਾਰ ਰੈਲੀ ਤੋਂ ਬਾਅਦ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਵੱਲੋਂ ਦਰਜਨ ਤੋਂ ਵੀ ਵੱਧ ਵਿਅਕਤੀਆਂ ਨੂੰ ਚਾਰਜ ਕੀਤਾ ਗਿਆ।

ਵੀਰਵਾਰ ਨੂੰ ਟਵਿੱਟਰ ਉੱਤੇ ਪੋਸਟ ਕੀਤੇ ਗਏ ਵੀਡੀਓ ਵਿੱਚ ਓਪੀਪੀ ਸੈਂਟਰਲ ਰੀਜਨ ਦੇ ਸਾਰਜੈਂਟ ਰੌਬਰਟ ਸਿੰਪਸਨ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ 26 ਤੋਂ 28 ਅਗਸਤ ਤੱਕ ਵਸਾਗਾ ਬੀਚ ਉੱਤੇ ਵਾਪਰੀ ਘਟਨਾ ਦੇ ਸਬੰਧ ਵਿੱਚ 20 ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਹੈ। ਇਹ ਚਾਰਜ ਖਤਰਨਾਕ ਢੰਗ ਨਾਲ ਕਰਤਬ ਦਿਖਾਉਣ, ਕਾਰ ਰੇਸਿੰਗ, ਸਟੰਟ ਡਰਾਈਵਿੰਗ, ਤੋੜ ਭੰਨ੍ਹ ਤੇ ਹਾਈਵੇਅ ਟਰੈਫਿਕ ਐਕਟ ਦੀ ਉਲੰਘਣਾ ਕਰਨ ਦੇ ਸਬੰਧ ਵਿੱਚ ਲਾਏ ਗਏ ਹਨ।

ਚਾਰਜ ਕੀਤੇ ਗਏ ਵਿਅਕਤੀਆਂ ਵਿੱਚ 17 ਤੋਂ 37 ਸਾਲ ਦੇ ਵਿਅਕਤੀ ਸ਼ਾਮਲ ਹਨ। ਇਨ੍ਹਾਂ ਵਿੱਚੋਂ ਬਹੁਤੇ ਓਨਟਾਰੀਓ, ਜਿਸ ਵਿੱਚ ਸੈਂਟਰਲ ਰੀਜਨ ਤੇ ਗ੍ਰੇਟਰ ਟੋਰਾਂਟੋ ਏਰੀਆ ਵੀ ਸ਼ਾਮਲ ਹੈ, ਭਰ ਵਿੱਚ ਰਹਿਣ ਵਾਲੇ ਹਨ। ਅਜੇ ਵੀ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ ਤੇ ਵਾਧੂ ਚਾਰਜ ਵੀ ਲਾਏ ਜਾਣ ਦੀ ਸੰਭਾਵਨਾ ਹੈ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

OURR HOME & APPLIANCES
UPGRADE TO SMART SCREEN FRIDGE IN JUST $499
FALL
For Ourr Exclusive Deals
PRICE $4699
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
5781 Highway 7 Unit 10, Vaughan., ON L4L 1T8, (416)-477-5556
416-551-5553
WWW.OURRHOMEAPPLIANCES.COM

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Pure Vegetarian
MUFFIN'S INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਗੋਲੀਆਂ ਮਾਰ ਕੇ 17 ਸਾਲਾ ਲੜਕੇ ਦਾ ਕੀਤਾ ਗਿਆ ਕਤਲ

ਸਕਾਰਬਰੋ, 22 ਸਤੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਸਕਾਰਬਰੋ ਵਿੱਚ ਇੱਕ 17 ਸਾਲਾ ਲੜਕੇ ਨੂੰ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਹ ਘਟਨਾ ਦੁਪਹਿਰੇ 3:43 ਉੱਤੇ ਗਿਲਡਰ ਡਰਾਈਵ ਤੇ ਐਗਲਿੰਟਨ ਐਵਨਿਊ ਈਸਟ ਏਰੀਆ ਵਿੱਚ ਇੱਕ ਰਿਹਾਇਸ਼ੀ ਇਮਾਰਤ ਨੇੜੇ ਵਾਪਰੀ। ਪੁਲਿਸ ਨੇ ਦੱਸਿਆ ਕਿ ਪੰਜ ਟੀਨੇਜਰਜ਼ ਨੂੰ ਇਲਾਕੇ ਤੋਂ ਭੱਜਕੇ ਜਾਂਦਿਆਂ ਵੇਖਿਆ ਗਿਆ। ਪਰ ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਉਹ ਟੀਨੇਜਰਜ਼ ਮਸ਼ਕੂਕ ਸਨ ਜਾਂ ਗੋਲੀਆਂ ਦੀ ਆਵਾਜ਼ ਸੁਣਨ ਤੋਂ ਬਾਅਦ ਭੱਜ ਰਹੇ ਸਨ। ਅਜੇ ਤੱਕ ਕਿਸੇ ਮਸ਼ਕੂਕ ਦਾ ਵੇਰਵਾ ਵੀ ਜਾਰੀ ਨਹੀਂ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਜ਼ਖ਼ਮੀ ਲੜਕੇ ਨੂੰ




ਹਸਪਤਾਲ ਲਿਜਾਇਆ ਗਿਆ ਪਰ ਦੁਪਹਿਰੇ 4:30 ਵਜੇ ਤੋਂ ਪਹਿਲਾਂ ਉਸ ਦੀ ਮੌਤ ਹੋ ਗਈ। ਉਸ ਨੂੰ ਕਈ ਗੋਲੀਆਂ ਲੱਗੀਆਂ ਸਨ। ਪੁਲਿਸ ਵੱਲੋਂ ਇਲਾਕੇ ਦੀ ਜਾਂਚ ਕੀਤੇ ਜਾਣ ਦੌਰਾਨ ਇਸ ਵਾਰਦਾਤ ਦੇ ਨੇੜੇ ਸਥਿਤ ਗਲੈਨ ਰੇਵੀਨ ਜੂਨੀਅਰ ਪਬਲਿਕ ਸਕੂਲ ਨੂੰ ਹੋਲਡ ਤੇ ਸਕਿਓਰ ਤਹਿਤ ਰੱਖਿਆ ਗਿਆ ਪਰ ਕੁੱਝ ਸਮੇਂ ਬਾਅਦ ਇਹ ਹੁਕਮ ਵਾਪਿਸ ਲੈ ਲਏ ਗਏ। ਹੋਮੀਸਾਈਡ ਯੂਨਿਟ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਕੰਜ਼ਰਵੇਟਿਵਾਂ ਤੇ ਐਨਡੀਪੀ ਲਈ ਸਮਾਂ ਸਾਜ਼ਗਾਰ, ਲਿਬਰਲਾਂ ਨੂੰ ਨੀਂਦ ਤੋਂ ਜਾਗਣ ਦੀ ਲੋੜ : ਨੈਨੋਜ਼

ਓਟਵਾ, 22 ਸਤੰਬਰ (ਪੋਸਟ ਬਿਊਰੋ) :ਨੈਨੋਜ਼ ਵੱਲੋਂ ਕਰਵਾਏ ਗਏ ਇੱਕ ਤਾਜ਼ਾ ਸਰਵੇਖਣ ਵਿੱਚ ਸਾਹਮਣੇ ਆਇਆ ਹੈ ਕਿ ਪਿਛਲੇ ਚਾਰ ਹਫਤਿਆਂ ਵਿੱਚ ਕੰਜ਼ਰਵੇਟਿਵ ਪਾਰਟੀ ਦੀ ਸਥਿਤੀ ਮਜ਼ਬੂਤ ਹੋਈ ਹੈ ਜਦਕਿ ਪਸੰਦੀਦਾ ਪਾਰਟੀ ਦੇ ਇੰਡੈਕਸ ਵਿੱਚ ਪੰਜ ਫੀ ਸਦੀ ਦੀ ਕਮੀ ਤੋਂ ਬਾਅਦ ਲਿਬਰਲ ਦੂਜੇ ਸਥਾਨ ਉੱਤੇ ਪਹੁੰਚ ਗਏ ਹਨ।

ਸੱਤਾਧਾਰੀ ਲਿਬਰਲਾਂ ਨਾਲੋਂ ਕੰਜ਼ਰਵੇਟਿਵ ਤਿੰਨ ਅੰਕਾਂ ਨਾਲ ਅੱਗੇ ਚੱਲ ਰਹੇ ਹਨ ਤੇ ਐਨਡੀਪੀ ਇਸ ਅਰਸੇ ਵਿੱਚ ਛੇ ਅੰਕਾਂ ਦਾ ਮੁਨਾਫਾ ਕਮਾ ਕੇ ਤੀਜੇ ਸਥਾਨ ਉੱਤੇ ਬਣੀ ਹੋਈ ਹੈ। ਨੈਨੋਜ਼ ਰਿਸਰਚ ਦੇ ਬਾਨੀ ਤੇ ਚੀਫ ਡਾਟਾ ਸਾਇੰਟਿਸਟ ਨਿੱਕ ਨੈਨੋਜ਼ ਦਾ ਕਹਿਣਾ ਹੈ ਕਿ ਐਨਡੀਪੀ ਦੇ




ਸਹਾਰੇ ਨਾਲ ਅੱਗੇ ਵੱਧ ਰਹੇ ਲਿਬਰਲਾਂ ਦੀ ਸਥਿਤੀ ਪਹਿਲਾਂ ਦੇ ਮੁਕਾਬਲੇ ਕਮਜ਼ੋਰ ਪਈ ਹੈ। ਉਨ੍ਹਾਂ ਆਖਿਆ ਕਿ ਲਿਬਰਲਾਂ ਲਈ ਇਸ ਸਮੇਂ ਇਹ ਬਹੁਤ ਹੀ ਮਾੜੀ ਖਬਰ ਹੈ।

ਉਨ੍ਹਾਂ ਆਖਿਆ ਕਿ ਇਨ੍ਹਾਂ ਅੰਕੜਿਆਂ ਨਾਲ ਸਟੀਫਨ ਹਾਰਪਰ ਦੀ ਅਗਵਾਈ ਵਾਲੀ 2011 ਵਿੱਚ ਬਣੀ ਸਰਕਾਰ ਦੇ ਸਮਿਆਂ ਦੀ ਯਾਦ ਆ ਰਹੀ ਹੈ ਤੇ ਉਸ ਸਮੇਂ ਹੀ ਐਨਡੀਪੀ ਨੇ ਜੈਕ ਲੇਅਟਨ ਦੀ ਅਗਵਾਈ ਵਿੱਚ ਵੱਡੀਆਂ ਵੋਟਾਂ ਖਿੱਚ ਕੇ ਲਿਬਰਲਾਂ ਨੂੰ ਖੂੰਜੇ ਲਾ ਦਿੱਤਾ ਸੀ। ਉਨ੍ਹਾਂ ਇਹ ਵੀ ਆਖਿਆ ਕਿ ਜੇ ਇਹੋ ਸਥਿਤੀ ਬਰਕਰਾਰ ਰਹਿੰਦੀ ਹੈ ਤੇ ਐਨਡੀਪੀ ਵੀ ਚੰਗੀ ਕਾਰਗੁਜ਼ਾਰੀ ਵਿਖਾਉਣੀ ਜਾਰੀ ਰੱਖਦੀ ਹੈ ਤਾਂ ਇਹ ਪਿਏਰ ਪੌਲੀਏਵਰ ਤੇ ਕੰਜ਼ਰਵੇਟਿਵਾਂ ਲਈ ਬਹੁਤ ਹੀ ਚੰਗੀ ਖਬਰ ਹੋਵੇਗੀ। ਇਸ ਸਮੇਂ ਕੰਜ਼ਰਵੇਟਿਵਾਂ ਤੇ ਐਨਡੀਪੀ ਲਈ ਸਮਾਂ ਕਾਫੀ ਸਾਜ਼ਗਾਰ ਚੱਲ ਰਿਹਾ ਹੈ ਤੇ ਦੋਵੇਂ ਪਾਰਟੀਆਂ ਲਿਬਰਲਾਂ ਦੀ ਵੋਟ ਤੋੜਨ ਵਿੱਚ ਕਾਮਯਾਬ ਹੋ ਰਹੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਲਿਬਰਲਾਂ ਨੂੰ ਨੀਂਦ ਵਿੱਚੋਂ ਜਾਗਣ ਦਾ ਸਮਾਂ ਆ ਗਿਆ ਹੈ ਤਾਂ ਕਿ ਉਹ ਆਪਣੇ ਨਾਲੋਂ ਟੁੱਟ ਰਹੇ ਵੋਟਰਾਂ ਨੂੰ ਮੁੜ ਨਾਲ ਜੋੜ ਸਕਣ।

# ਬੱਚਿਆਂ ਨੂੰ ਐਕਸਪਾਇਰ ਹੋਈ ਦਵਾਈ ਦੇਣ ਤੋਂ ਵਰਜ ਰਹੇ ਹਨ ਡਾਕਟਰ

ਓਟਵਾ, 22 ਸਤੰਬਰ (ਪੋਸਟ ਬਿਊਰ') : ਟਾਇਲੇਨੋਲ ਵਰਗੀ ਬੱਚਿਆਂ ਦੀ ਦਵਾਈ ਦੀ ਘਾਟ ਕਾਰਨ ਡਾਕਟਰਾਂ ਵੱਲੋਂ ਮਾਪਿਆਂ ਨੂੰ ਇਹੋ ਸਲਾਹ ਦਿੱਤੀ ਜਾ ਰਹੀ ਹੈ ਕਿ ਉਹ ਕਿਸੇ ਵੀ ਹਾਲ ਆਪਣੇ ਬਿਮਾਰ ਬੱਚਿਆ ਨੂੰ ਐਕਸਪਾਇਰ ਹੋਈ ਦਵਾਈ ਨਾ ਦੇਣ। ਇਸ ਤੋਂ ਇਲਾਵਾ ਮਾਪਿਆਂ ਨੂੰ ਇਹ ਵੀ ਆਖਿਆ ਜਾ ਰਿਹਾ ਹੈ ਕਿ ਉਹ ਭਰੋਸੇਯੋਗ ਹੈਲਥ ਪ੍ਰੋਫੈਸ਼ਨਲਜ਼ ਨਾਲ ਗੱਲ ਕਰਕੇ ਆਪਣੇ ਬੱਚਿਆਂ ਦੀ ਬਿਮਾਰੀ ਤੇ ਉਨ੍ਹਾਂ ਦੀ ਐਨਜ਼ਾਈਟੀ ਦਾ ਕੋਈ ਹੱਲ ਲੱਭਣ।

ਇਸ ਤੋਂ ਇਲਾਵਾ ਪਰਿਵਾਰਾਂ ਨੂੰ ਇਹ ਸਲਾਹ ਵੀ ਦਿੱਤੀ ਜਾ ਰਹੀ ਹੈ ਕਿ ਉਹ ਘਬਰਾਹਟ ਵਿੱਚ ਐਂਵੇਂ ਹੀ ਦਵਾਈਆਂ ਨਾ ਖਰੀਦਣ ਤੇ ਇਸ ਗੱਲ ਦਾ ਵੀ ਖਿਆਲ ਰੱਖਣ ਕਿ ਬੱਚਿਆਂ ਦੇ ਇਲਾਜ ਲਈ ਹੋਰ ਕਈ ਬਦਲ ਮੌਜੂਦ ਹਨ। ਇਸ ਤਰ੍ਹਾਂ ਦੇ ਅਫਰਾ ਤਫਰੀ ਵਾਲੇ ਮਾਹੌਲ ਵਿੱਚ ਉਨ੍ਹਾਂ ਲੋਕਾਂ ਨੂੰ ਵੀ ਨੁਕਸਾਨ ਪਹੁੰਚ



ਸਕਦਾ ਹੈ ਜਿਨ੍ਹਾਂ ਨੂੰ ਅਸਲ ਵਿੱਚ ਇਸ ਦਵਾਈ ਦੀ ਲੋੜ ਹੈ। ਹੈਲਥ ਕੈਨੇਡਾ ਵੱਲੋਂ ਪਹਿਲਾਂ ਅਗਸਤ ਦੇ ਮੱਧ ਵਿੱਚ ਬੱਚਿਆਂ ਦੀ ਦਰਦ ਨਿਵਾਰਕ ਦਵਾਈ ਟਾਇਲੇਨੋਲ ਦੀ ਘਾਟ ਦੀ ਪੁਸ਼ਟੀ ਕੀਤੀ ਗਈ ਸੀ। ਇਨ੍ਹਾਂ ਵਿੱਚ ਬੱਚਿਆਂ ਲਈ ਲੀਕੁਇਡ ਟਾਇਲੇਨੋਲ ਤੇ ਚਬਾ ਕੇ ਖਾਧੀ ਜਾਣ ਵਾਲੀ ਐਸੇਟਾਮਾਇਨੋਫੇਨ ਟੇਬਲੈਟਸ ਸ਼ਾਮਲ ਸਨ।

ਕੈਨੇਡੀਅਨ ਫਾਰਮਾਸਿਸਟ ਐਸੋਸਿਏਸ਼ਨ ਦੀ ਚੀਫ ਫਾਰਮਾਸਿਸਟ ਆਫੀਸਰ ਡੈਨੀਅਲ ਪੇਸ ਅਨੁਸਾਰ ਇਸ ਦਵਾਈ ਦੀ ਘਾਟ ਡਿਮਾਂਡ ਵੱਧ ਜਾਣ ਕਾਰਨ ਪੈਦਾ ਹੋਈ ਹੈ। ਉਨ੍ਹਾਂ ਆਖਿਆ ਕਿ ਇਸ ਦਵਾਈ ਦਾ ਉਤਪਾਦਨ ਵੀ ਲੋੜੋਂ ਵੱਧ ਕੀਤਾ ਜਾ ਰਿਹਾ ਹੈ ਪਰ ਮੰਗ ਹੀ ਜ਼ਿਆਦਾ ਹੋਣ ਕਾਰਨ ਇਸ ਦੀ ਘਾਟ ਮਹਿਸੂਸ ਹੋ ਰਹੀ ਹੈ। ਹੁਣ ਬੱਚੇ ਸਕੂਲਾਂ ਵਿੱਚ ਪਰਤ ਚੁੱਕੇ ਹਨ ਤੇ ਇਸ ਨਾਲ ਮਾਪਿਆਂ ਨੂੰ ਬੱਚਿਆਂ ਨੂੰ ਕਈ ਤਰ੍ਹਾਂ ਦੇ ਵਾਇਰਸ ਹੋਣ ਦਾ ਡਰ ਬਣਿਆ ਹੋਇਆ ਹੈ।

# ਲਗਜ਼ਰੀ ਕਾਰਾਂ, ਗਹਿਣੇ ਤੇ ਪੈਸੇ ਚੋਰੀ ਕਰਨ ਵਾਲੇ ਗਿਰੋਹ ਦੇ 3 ਮੈਂਬਰ ਗ੍ਰਿਫਤਾਰ

ਬਰੈਂਪਟਨ, 22 ਸਤੰਬਰ (ਪੋਸਟ ਬਿਊਰੋ) : ਪੀਲ ਰੀਜਨ ਵਿੱਚ ਲਗਜ਼ਰੀ ਕਾਰਾਂ, ਗਹਿਣੇ, ਗੰਨਜ਼, ਡਰੱਗਜ਼ ਤੇ ਪੈਸੇ ਚੋਰੀ ਕਰਨ ਦੇ ਸਬੰਧ ਵਿੱਚ ਸਾਲ ਭਰ ਤੋਂ ਚੱਲ ਰਹੀ ਜਾਂਚ ਮਗਰੋਂ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਡਰਾਈਵਵੇਅ ਵਿੱਚ ਪਾਰਕ ਕੀਤੀਆਂ ਲਗਜ਼ਰੀ ਕਾਰਾਂ ਵਾਲੇ ਘਰਾਂ ਨੂੰ ਨਿਸ਼ਾਨਾ ਬਣਾ ਕੇ ਹਿੰਸਕ ਡਾਕਿਆਂ ਨੂੰ ਅੰਜਾਮ ਦੇਣ ਦੀਆਂ ਤਿੰਨ ਘਟਨਾਵਾਂ ਸਾਹਮਣੇ ਆਉਣ ਤੋਂ ਬਾਅਦ ਉਨ੍ਹਾਂ ਨੇ ਪਿਛਲੇ ਸਾਲ ਸਤੰਬਰ ਵਿੱਚ ਪ੍ਰੋਜੈਕਟ ਮੈਮਫਿਸ ਲਾਂਚ ਕੀਤਾ ਸੀ। ਇੱਕ ਮਾਮਲੇ ਵਿੱਚ ਮਸ਼ਕੂਕਾਂ ਨੇ ਇੱਕ ਘਰ ਵਿੱਚ ਦਾਖਲ ਹੋ ਕੇ ਘਰ ਦੇ ਜੀਆਂ ਉੱਤੇ ਹਮਲਾ ਕਰਕੇ ਉਨ੍ਹਾਂ ਤੋਂ ਪੈਸੇ ਦੀ ਮੰਗ ਕੀਤੀ। ਘਰ ਦੇ ਮੈਂਬਰਾਂ ਨੂੰ ਹੋਰ ਡਰਾਉਣ ਲਈ ਇੱਕ ਮਸ਼ਕੂਕ ਵੱਲੋਂ ਜ਼ਮੀਨ ਉੱਤੇ ਗੋਲੀ ਵੀ ਚਲਾਈ ਗਈ। ਫਿਰ ਮਸ਼ਕੂਕ ਘਰ ਤੋਂ ਜਾਂਦੇ ਸਮੇਂ 400,000 ਡਾਲਰ ਦੇ ਮੁੱਲ ਦੀ 2021 ਮਾਡਲ ਦੀ ਬੈਂਟਲੇ ਬੈਂਟਿਆਗਾ ਵੀ ਚੋਰੀ ਕਰਕੇ ਲੈ ਗਏ। ਪੁਲਿਸ ਨੇ ਦੱਸਿਆ ਕਿ ਚੋਰੀ ਦੀ ਇਸ ਗੱਡੀ ਨੂੰ ਜਲਦ ਹੀ ਲੱਭ ਲਿਆ ਗਿਆ ਤੇ ਜਾਂਚਕਾਰਾਂ ਨੇ ਇਸ ਨੂੰ ਆਪਣੇ ਕਬਜੇ ਵਿੱਚ ਵੀ ਲੈ ਲਿਆ।



ਇਸ ਮਾਮਲੇ ਵਿੱਚ ਦੋ ਮਸ਼ਕੂਕਾਂ ਸਮੇਤ ਇੱਕ ਮਹਿਲਾ ਮਸ਼ਕੂਕ ਦੀ ਪਛਾਣ ਵੀ ਕੀਤੀ ਗਈ, ਜਿਸ ਨੇ ਰੀਸਟੋਰ ਕੀਤੀ ਹੋਈ 2017 ਮਾਡਲ ਦੀ ਰੇਂਜ ਰੋਵਰ ਟਰਾਂਸਪੋਰਟੇਸ਼ਨ ਮੰਤਰਾਲੇ ਕੋਲ ਜਾਅਲੀ ਢੰਗ ਨਾਲ ਰਜਿਸਟਰ ਕਰਵਾਉਣ ਵਿੱਚ ਮਦਦ ਕੀਤੀ। ਇਸ ਸਬੰਧ ਵਿੱਚ ਪੁਲਿਸ ਵੱਲੋਂ ਕਿਚਨਰ ਦੇ 29 ਸਾਲਾ ਅਹਿਮਤ ਇਬ੍ਰਾਹਿਮੀ, 30 ਸਾਲਾ ਐਂਥਨੀ ਪੁਟਜੂ ਤੇ ਕੈਂਬ੍ਰਿਜ ਦੀ 28 ਸਾਲਾ ਡਾਇਨਾ ਬਿਟਿਕੀ ਨੂੰ ਕ੍ਰਾਈਮ ਨਾਲ ਹਾਸਲ ਕੀਤੀ ਪ੍ਰਾਪਰਟੀ, ਪੀਸ ਅਧਿਕਾਰੀ ਦੇ ਕੰਮ ਵਿੱਚ ਅੜਿੱਕਾ ਪਾਉਣ ਤੇ ਜਾਅਲੀ ਦਸਤਾਵੇਜ਼ ਤਿਆਰ ਕਰਨ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ।

ਇਸ ਮਾਮਲੇ ਦੀ ਜਾਂਚ ਦੌਰਾਨ ਪੁਲਿਸ ਨੇ ਆਖਿਆ ਕਿ ਉਨ੍ਹਾਂ ਪ੍ਰੋਵਿੰਸ਼ੀਅਲ ਕ੍ਰਾਈਮ ਰਿੰਗ ਦਾ ਪਰਦਾਫਾਸ਼ ਕੀਤਾ ਹੈ। ਇਸ ਰਿੰਗ ਦਾ ਸਬੰਧ ਡਰੱਗ ਸਮਗਲਿੰਗ, ਚੋਰੀ ਕੀਤੀਆਂ ਗਈਆਂ ਕਾਰਾਂ ਆਦਿ ਨਾਲ ਹੈ। ਇਸ ਸਬੰਧ ਵਿੱਚ ਇਸ ਸਾਲ ਦੇ ਸ਼ੁਰੂ ਵਿੱਚ ਪੁਲਿਸ ਵੱਲੋਂ ਪ੍ਰੋਜੈਕਟ ਮਾਇਰਾ ਸ਼ੁਰੂ ਕੀਤਾ ਗਿਆ ਸੀ ਤੇ 242 ਮੁਜਰਮਾਨਾ ਮਾਮਲਿਆਂ ਲਈ 28 ਵਿਅਕਤੀਆਂ ਨੂੰ ਚਾਰਜ ਕੀਤਾ ਗਿਆ ਸੀ। ਜਾਂਚ ਦੌਰਾਨ ਪੁਲਿਸ ਨੂੰ 214 ਚੋਰੀ ਦੀਆਂ ਗੱਡੀਆਂ ਬਰਾਮਦ ਹੋਈਆਂ, ਜਿਨ੍ਹਾਂ ਦੀ ਕੀਮਤ 12 ਮਿਲੀਅਨ ਡਾਲਰ ਤੋਂ ਵੀ ਕਿਤੇ ਜ਼ਿਆਦਾ ਸੀ। ਜਾਂਚਕਾਰਾਂ ਦਾ ਕਹਿਣਾ ਹੈ ਕਿ ਚੋਰੀ ਦੀਆਂ ਗੱਡੀਆਂ ਨੂੰ ਗੈਰਕਾਨੂੰਨੀ ਢੰਗ ਨਾਲ ਰਜਿਸਟਰ ਕਰਵਾਉਣ ਵਿੱਚ ਮਦਦ ਕਰਨ ਲਈ ਸਰਵਿਸ ਓਨਟਾਰੀਓ ਦੇ ਕੁੱਝ ਕਰਮਚਾਰੀਆਂ ਨੂੰ ਵੀ ਦੋਸ਼ੀ ਪਾਇਆ ਗਿਆ ਹੈ।

ਪੀਲ ਪੁਲਿਸ ਨੇ ਦੱਸਿਆ ਕਿ ਪ੍ਰੋਜੈਕਟ ਮਾਇਰਾ ਨਾਲ ਸਬੰਧਤ ਜਾਂਚ ਦੌਰਾਨ ਇੱਕ ਹੋਰ ਗਰੁੱਪ ਸਾਹਮਣੇ ਆਇਆ। ਇਸ ਗਰੁੱਪ ਵੱਲੋਂ 17 ਮਈ, 2022 ਨੂੰ ਬਰੈਂਪਟਨ ਦੇ ਘਰ ਵਿੱਚ ਦਾਖਲ ਹੋ ਕੇ ਚਰੀ ਨੂੰ ਅੰਜਾਮ ਦਿੱਤਾ। ਇਸ ਲਈ ਬਰੈਂਪਟਨ ਦੇ ਦੋ ਵਿਅਕਤੀਆਂ 24 ਸਾਲਾ ਇਸਮਾਈਲ ਅਜੀਰੋਬਾ ਤੇ 25 ਸਾਲਾ ਸ਼ਰੀਫ ਰੌਬਿਨਸਨ ਨੂੰ ਗੱਡੀਆਂ ਚੋਰੀ ਕਰਨ ਤੇ ਹਥਿਆਰਾਂ ਨਾਲ ਸਬੰਧਤ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਗ੍ਰਿਫਤਾਰੀ ਸਮੇਂ ਦੋਵੇਂ ਵਿਅਕਤੀ ਪੈਰੋਲ ਉੱਤੇ ਜੇਲ੍ਹ ਤੋਂ ਬਾਹਰ ਸਨ। ਇਨ੍ਹਾਂ ਤੋਂ ਇਲਾਵਾ ਟੋਰਾਂਟੋ ਦੇ 24 ਸਾਲਾ ਹੈਰਿਸ ਮੁਹੰਮਦ ਨੂੰ ਡਾਕਿਆਂ ਤੇ ਹਥਿਆਰਾਂ ਨਾਲ ਸਬੰਧਤ ਜੁਰਮਾਂ ਲਈ ਅੱਠ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਆਪਣੇ ਮਾਪਿਆਂ ਦੇ ਕਤਲ ਦੇ ਦੋਸ਼ ਵਿੱਚ ਲੜਕੇ ਨੂੰ ਕੀਤਾ ਗਿਆ ਚਾਰਜ

ਟੋਰਾਂਟੋ, 22 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਇੱਕ ਅਪਾਰਟਮੈਂਟ ਵਿੱਚੋਂ ਬੁੱਧਵਾਰ ਨੂੰ ਦੋ ਲਾਸ਼ਾਂ ਮਿਲਣ ਤੋਂ ਬਾਅਦ ਇੱਕ 28 ਸਾਲਾ ਵਿਅਕਤੀ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ। ਇਸ ਵਿਅਕਤੀ ਨੂੰ ਆਪਣੇ ਮਾਪਿਆਂ ਦੇ ਕਤਲ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ।

ਛੁਰੇਬਾਜ਼ੀ ਦੀ ਖਬਰ ਮਿਲਣ ਤੋਂ ਬਾਅਦ ਪੁਲਿਸ ਤੜਕੇ 1:40 ਉੱਤੇ ਬਰਗਾਮੋਂਟ ਤੇ ਇਸਲਿੰਗਟਨ ਐਵਨਿਊ ਨੇੜੇ ਸਥਿਤ ਇੱਕ ਬਿਲਡਿੰਗ ਵਿੱਚ ਪਹੁੰਚੀ। ਜਾਂਚਕਾਰਾਂ ਅਨੁਸਾਰ ਇੱਕ ਪੁਰਸ਼ ਤੇ ਮਹਿਲਾ ਇੱਕ ਅਪਾਰਟਮੈਂਟ ਵਿੱਚ ਮ੍ਰਿਤਕ ਪਾਏ ਗਏ ਜਦਕਿ ਇੱਕ ਵਿਅਕਤੀ ਉਨ੍ਹਾਂ ਦੇ ਨੇੜੇ ਚਾਕੂ ਨਾਲ ਕੀਤੇ ਗਏ ਜ਼ਖ਼ਮਾਂ ਨਾਲ ਬੈਠਾ ਮਿਲਿਆ।



ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਲਿਜ-ਾਇਆ ਗਿਆ। ਉਸ ਦੇ ਜ਼ਖ਼ਮ ਜਾਨਲੇਵਾ ਨਹੀਂ ਸਨ।

ਵੀਰਵਾਰ ਸਵੇਰੇ ਪੁਲਿਸ ਨੇ ਮ੍ਰਿਤਕਾਂ ਦੀ ਪਛਾਣ 68 ਸਾਲਾ ਕੌਲਿਨ ਹੈਨਰੀ ਤੇ 67 ਸਾਲਾ ਵੈਰੌਨਿਕਾ ਹੈਨਰੀ ਵਜੋਂ ਕੀਤੀ। ਟੋਰਾਂਟੋ ਵਾਸੀ ਮਸ਼ਕੂਕ ਅਲਫਾ ਹੈਨਰੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਤੇ ਉਸ ਉੱਤੇ ਇਸ ਘਟਨਾ ਦੇ ਸਬੰਧ ਵਿੱਚ ਫਰਸਟ ਡਿਗਰੀ ਮਰਡਰ ਦੇ ਦੋ ਮਾਮਲੇ ਦਰਜ ਕੀਤੇ ਗਏ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਮ੍ਰਿਤਕ ਜੋੜੇ ਦਾ ਲੜਕਾ ਹੈ। ਅਜੇ ਇਹ ਚਾਰਜ ਅਦਾਲਤ ਵਿੱਚ ਸਿੱਧ ਨਹੀਂ ਹੋਏ ਹਨ।

# ਵੈਕਸੀਨ ਬਾਰੇ ਬਾਰਡਰ ਨਿਯਮਾਂ ਨੂੰ ਖਤਮ ਕਰਨ ਦੀ ਤਿਆਰੀ ਕਰ ਰਿਹਾ ਹੈ ਕੈਨੇਡਾ

## ਐਰਾਈਵਕੈਨ ਨੂੰ ਵੀ ਚੋਣਵਾਂ ਐਪ ਬਣਾਉਣ ਦੀ ਹੈ ਯੋਜਨਾ

ਓਟਵਾ, 22 ਸਤੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਸਤੰਬਰ ਦੇ ਅੰਤ ਤੱਕ ਕੋਵਿਡ-19 ਸਬੰਧੀ ਵੈਕਸੀਨ ਬਾਰੇ ਬਾਰਡਰ ਨਿਯਮਾਂ ਨੂੰ ਖ਼ਤਮ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਸਰਕਾਰ ਐਰਾਈਵਕੈਨ ਨੂੰ ਵੀ ਚੋਣਵਾਂ ਐਪ ਬਣਾਉਣ ਦੀ ਯੋਜਨਾ ਬਣਾ ਰਹੀ ਹੈ।

ਮਹਾਂਮਾਰੀ ਸਬੰਧੀ ਆਪਣੀਆਂ ਨੀਤੀਆਂ ਵਿੱਚ ਸਰਕਾਰ ਇਸ ਮਹੀਨੇ ਦੇ ਅੰਤ ਤੱਕ ਤਬਦੀਲੀ ਕਰੇਗੀ। ਭਰੋਸੇਯੋਗ ਸੂਤਰਾਂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਲਿਬਰਲ ਸਰਕਾਰ ਨੇ ਟਰੈਵਲਰਜ਼ ਲਈ ਕੋਵਿਡ-19 ਟੈਸਟਿੰਗ ਨੂੰ ਖ਼ਤਮ ਕਰਨ ਦਾ ਸੰਕੇਤ ਵੀ ਦਿੱਤਾ ਹੈ।

ਜੂਨ ਦੇ ਅਖੀਰ ਵਿੱਚ ਫੈਡਰਲ ਸਰਕਾਰ ਨੇ ਆਖਿਆ ਸੀ ਕਿ ਬਾਰਡਰ ਪਾਬੰਦੀਆਂ, ਜਿਨ੍ਹਾਂ ਵਿੱਚ




ਕੈਨੇਡਾ ਦਾਖਲ ਹੋਣ ਲਈ ਵੈਕਸੀਨੇਸ਼ਨ ਦਾ ਸਬੂਤ ਵਿਖਾਉਣਾ ਵੀ ਲਾਜ਼ਮੀ ਸੀ, ਘੱਟੋ ਘੱਟ 30 ਸਤੰਬਰ ਤੱਕ ਜਾਰੀ ਰਹਿਣਗੀਆਂ। ਤਾਜ਼ਾ ਰਿਪੋਰਟ ਮੁਤਾਬਕ ਫੈਡਰਲ ਸਰਕਾਰ ਵੱਲੋਂ ਇਨ੍ਹਾਂ ਮਾਪਦੰਡਾਂ ਨੂੰ ਅੱਗੇ ਨਾ ਵਧਾਉਣ ਦਾ ਮਨ ਬਣਾਇਆ ਜਾ ਰਿਹਾ ਹੈ।

ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਸਰਕਾਰ ਵੈਕਸੀਨੇਸ਼ਨ ਨਾਲ ਸਬੰਧਤ ਕਿਹੜੇ ਨਿਯਮਾਂ ਨੂੰ ਇਸ ਮਹੀਨੇ ਦੇ ਅੰਤ ਤੱਕ ਬਦਲੇਗੀ। ਇਸ ਸਬੰਧ ਵਿੱਚ ਐਲਾਨ ਜਲਦ ਹੀ ਆਉਣ ਵਾਲੇ ਦਿਨਾਂ ਵਿੱਚ ਕੀਤੇ ਜਾਣ ਦੀ ਸੰਭਾਵਨਾ ਹੈ। ਇਹ ਵੀ ਸਪਸ਼ਟ ਨਹੀਂ ਹੈ ਕਿ ਅਮਰੀਕਾ ਵੀ ਕੈਨੇਡਾ ਦੀ ਤਰਜ਼ ਉੱਤੇ ਇਨ੍ਹਾਂ ਨਿਯਮਾਂ ਵਿੱਚ ਤਬਦੀਲੀ ਕਰੇਗਾ ਜਾਂ ਨਹੀਂ। ਪਰ ਅਮਰੀਕਾ ਦਾਖਲ ਹੋਣ ਵਾਲੇ ਸਾਰੇ ਟਰੈਵਲਰਜ਼, ਜਿਹੜੇ ਅਮਰੀਕੀ ਨਾਗਰਿਕ ਨਹੀਂ ਹਨ, ਨੂੰ ਅਜੇ ਵੀ ਪੂਰੀ ਵੈਕਸੀਨੇਸ਼ਨ ਦਾ ਸਬੂਤ ਦੇਣਾ ਪੈਂਦਾ ਹੈ।

# ਕੈਨੇਡੀਅਨਾਂ ਉੱਤੇ ਮਹਿੰਗਾਈ ਦੀ ਪੈ ਰਹੀ ਮਾਰ ਦੇ ਮੁੱਦੇ ਉੱਤੇ ਪੌਲੀਏਵਰ ਨੇ ਸਰਕਾਰ ਨੂੰ ਘੇਰਿਆ

ਓਟਵਾ, 22 ਸਤੰਬਰ (ਪੋਸਟ ਬਿਊਰੋ) :ਹਾਊਸ ਆਫ ਕਾਮਨਜ਼ ਵਿੱਚ ਵਿਰੋਧੀ ਧਿਰ ਦੇ ਆਗੂ ਵਜੋਂ ਆਪਣੀ ਪਾਰੀ ਦੀ ਸ਼ੁਰੂਆਤ ਕਰਦਿਆਂ ਕੰਜ਼ਰਵੇਟਿਵ ਲੀਡਰ ਪਿਏਰ ਪੌਲੀਏਵਰ ਨੇ ਪ੍ਰਸ਼ਨ ਕਾਲ ਦੌਰਾਨ ਸਰਕਾਰ ਨੂੰ ਲੰਮੇਂ ਹੱਥੀਂ ਲਿਆ। ਰਹਿਣ ਸਹਿਣ ਉੱਤੇ ਆ ਰਹੀ ਲਾਗਤ ਤੇ ਮਹਿੰਗਾਈ ਨਾਲ ਨਜਿੱਠਣ ਵਿੱਚ ਅਸਫਲ ਰਹੀ ਲਿਬਰਲ ਸਰਕਾਰ ਨੂੰ ਪੌਲੀਏਵਰ ਨੇ ਕਟਹਿਰੇ ਵਿੱਚ ਖੜ੍ਹਾਇਆ।

ਫਰੈਂਚ ਵਿੱਚ ਗੱਲ ਕਰਦਿਆਂ ਪੌਲੀਏਵਰ ਨੇ ਲਿਬਰਲਾਂ ਨੂੰ ਪੁੱਛਿਆ ਕਿ ਕੀ ਉਹ ਨਿਰਧਾਰਤ ਟੈਕਸਾਂ ਵਿੱਚ ਵਾਧੇ ਨੂੰ ਰੱਦ ਕਰਨਗੇ? ਉਨ੍ਹਾਂ ਆਖਿਆ ਕਿ ਕੈਨੇਡਾ ਪੈਨਸ਼ਨ ਪਲੈਨ ਤੇ ਇੰਪਲੌਇਮੈਂਟ ਇੰਸ਼ੋਰੈਂਸ ਪ੍ਰੀਮੀਅਮਜ਼ ਵਿੱਚ ਵਾਧੇ ਨੂੰ ਕੈਨੇਡੀਅਨਜ਼ ਅਦਾ ਕਰਨ ਦੇ ਸਮਰੱਥ ਨਹੀਂ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਇਸ ਸਮੇਂ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਿੱਚ ਹਿੱਸਾ ਲੈਣ ਲਈ ਨਿਊ ਯੌਰਕ ਹੋਣ ਕਾਰਨ ਉਨ੍ਹਾਂ ਦੀ ਥਾਂ ਉੱਤੇ ਲਿਬਰਲਾਂ ਦਾ ਪੱਖ ਰੱਖਣ ਦੀ ਜ਼ਿੰਮੇਵਾਰੀ ਐਸੋਸਿਏਟ ਮਨਿ-ਸਟਰ ਆਫ ਫਾਇਨਾਂਸ ਐਂਡ ਟੂਰਿਜ਼ਮ ਰੈਂਡੀ ਬੌਇਜ਼ੋਨਾਲਟ ਨੇ ਨਿਭਾਈ। ਉਨ੍ਹਾਂ ਇਸ ਸਵਾਲ ਦਾ ਫਰੈਂਚ ਵਿੱਚ ਹੀ ਜਵਾਬ ਦਿੰਦਿਆਂ



ਆਖਿਆ ਕਿ ਪੂਰੇ ਸੈਸ਼ਨ ਦੌਰਾਨ ਤੁਹਾਨੂੰ ਦੋ ਮੁੱਦਿਆਂ ਉੱਤੇ ਸਰਕਾਰ ਦਾ ਨਜ਼ਰੀਆ ਵੇਖਣ ਨੂੰ ਮਿਲੇਗਾ। ਸਰਕਾਰ ਉਨ੍ਹਾਂ ਕੈਨੇਡੀਅਨਜ਼ ਦੀ ਮਦਦ ਲਈ ਕੰਮ ਕਰ ਰਹੀ ਹੈ ਜਿਹੜੇ ਸੱਭ ਤੋਂ ਵੱਧ ਲੋੜਵੰਦ ਹਨ। ਦੂਜੇ ਪਾਸੇ ਕੰਜ਼ਰਵੇਟਿਵ ਪਾਰਟੀ ਤੇ ਇਸ ਦੇ ਮੈਂਬਰ ਹਨ ਜਿਨ੍ਹਾਂ ਨੂੰ ਕੈਨੇਡੀਅਨਜ਼ ਦੀ ਜਮ੍ਹਾਂ ਨਹੀਂ ਪਈ।

ਟਰੂਡੋ ਤੇ ਪੌਲੀਏਵਰ ਦਾ ਸਾਹਮਣਾ ਪਹਿਲੀ ਵਾਰੀ ਵੀਰਵਾਰ ਨੂੰ ਹੋਣ ਦੀ ਸੰਭਾਵਨਾ ਹੈ। ਪੌਲੀਏਵਰ ਨੇ ਆਖਿਆ ਕਿ ਗਰੌਸਰੀ, ਗੈਸ ਦੀਆਂ ਕੀਮਤਾਂ ਤੇ ਹਾਊਸਿੰਗ ਦੀਆਂ ਅਸਮਾਨੀ ਛੋਹ ਰਹੀਆਂ ਕੀਮਤਾਂ ਕਾਰਨ ਕੈਨੇਡੀਅਨਾਂ ਨੂੰ ਵੱਡੀ ਆਰਥਿਕ ਮਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਆਖਿਆ ਕਿ ਮਹਿੰਗਾਈ ਦੇ ਇਸ ਦੌਰ ਵਿੱਚ ਲਿਬਰਲ ਸਰਕਾਰ ਕੈਨੇਡੀਅਨਜ਼ ਲਈ ਕੁੱਝ ਨਹੀਂ ਕਰ ਰਹੀ। ਇਸ ਦੇ ਜਵਾਬ ਵਿੱਚ ਲਿਬਰਲਾਂ ਨੇ ਆਖਿਆ ਕਿ ਸਰਕਾਰ ਵੱਲੋਂ ਮੰਗਲਵਾਰ ਨੂੰ ਦੋ ਬਿੱਲ ਪੇਸ਼ ਕੀਤੇ ਗਏ ਹਨ ਜਿਨ੍ਹਾਂ ਵਿੱਚੋਂ ਇੱਕ ਘੱਟ ਤੋਂ ਦਰਮਿਆਨੀ ਆਮਦਨ ਵਾਲੇ ਪਰਿਵਾਰਾਂ ਲਈ ਜੀਐਸਟੀ ਛੋਟ ਨੂੰ ਦੁੱਗਣਾ ਕਰਨ ਬਾਰੇ ਹੈ ਤੇ ਦੂਜਾ ਡੈਂਟਲ ਤੇ ਹਾਊਸਿੰਗ ਬੈਨੇਫਿਟਸ ਦੇ ਸਬੰਧ ਵਿੱਚ ਹੈ।

# ਗੁਐਲਫ ਵਿੱਚ ਹੋਏ ਹਾਦਸੇ ਵਿੱਚ ਮੋਟਰਸਾਈਕਲਿਸਟ ਦੀ ਹੋਈ ਮੌਤ

ਗੁਐਲਫ, 22 ਸਤੰਬਰ (ਪੋਸਟ ਬਿਊਰੋ) : ਗੁਐਲਫ, ਓਨਟਾਰੀਓ ਦੇ ਉੱਤਰ ਵੱਲ ਵਾਪਰੇ ਹਾਦਸੇ ਵਿੱਚ ਮੋਟਰਸਾਈਕਲਿਸਟ ਦੀ ਮੌਤ ਹੋ ਗਈ ਜਦਕਿ ਇੱਕ ਹਰ ਡਰਾਈਵਰ ਜ਼ਖ਼ਮੀ ਹੋ ਗਿਆ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦਾ ਕਹਿਣਾ ਹੈ ਕਿ ਹਾਈਵੇਅ 6 ਤੇ ਵੈਲਿੰਗਟਨ ਰੋਡ 38 ਦੇ ਇੰਟਰਸੈਕਸ਼ਨ ਉੱਤੇ ਮੰਗਲਵਾਰ ਰਾਤ ਨੂੰ 8:45 ਉੱਤੇ ਮੋਟਰਸਾਈਕਲ ਤੇ ਸੇਡਾਨ ਦਰਮਿਆਨ ਖਤਰਨਾਕ ਹਾਦਸਾ ਵਾਪਰਿਆ। ਉਨ੍ਹਾਂ



ਆਖਿਆ ਕਿ ਮੋਟਰਸਾਈਕਲਿਸਟ ਦੀ ਮੌਤ ਹੋ ਗਈ ਤੇ ਸੇਡਾਨ ਦੇ ਡਰਾਈਵਰ ਨੂੰ ਹਸਪਤਾਲ ਲਿਜਾਇਆ ਗਿਆ। ਪੁਲਿਸ ਨੇ ਦੱਸਿਆ ਕਿ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ।

# ਹਾਦਸੇ ਵਿੱਚ ਜ਼ਖ਼ਮੀ ਹੋਏ 26 ਸਾਲਾ ਮੋਟਰਸਾਈਕਲਿਸਟ ਦੀ ਹਾਲਤ ਨਾਜ਼ੁਕ

ਟੋਰਾਂਟੋ, 22 ਸਤੰਬਰ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਵਿੱਚ ਹੋਏ ਹਾਦਸੇ ਕਾਰਨ ਇੱਕ ਮੋਟਰਸਾਈਕਲਿਸਟ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਤੇ ਗਾਰਡੀਨਰ ਐਕਸਪ੍ਰੈੱਸਵੇਅ ਤੇ ਡੌਨ ਵੈਲੀ ਪਾਰਕਵੇਅ ਦਾ ਵੱਡਾ ਹਿੱਸਾ ਬੰਦ ਕਰਨਾ ਪਿਆ।

ਇਹ ਹਾਦਸਾ ਸ਼ੁੱਕਰਵਾਰ ਤੜਕੇ 1:25 ਉੱਤੇ ਉਸ ਸਮੇਂ ਵਾਪਰਿਆ ਜਦੋਂ ਡੀਵੀਪੀ ਉੱਤੇ ਉੱਤਰ ਵੱਲ ਜਾ ਰਿਹਾ ਮੋਟਰਸਾਈਕਲ ਪ੍ਰਿੰਸ ਐਡਵਰਡ ਵਾਇਆਡਕਟ ਨੇੜੇ ਗਾਰਡਰੇਲ ਨਾਲ ਟਕਰਾ ਗਿਆ। ਪੁਲਿਸ ਦਾ ਕਹਿਣਾ ਹੈ ਕਿ 26 ਸਾਲਾ ਮੋਟਰਸਾਈਕਲ ਸਵਾਰ ਇਸ ਹਾਦਸੇ ਵਿੱਚ ਬੁਰੀ ਤਰ੍ਹਾਂ ਜ਼ਖ਼ਮੀ



ਹੋ ਗਿਆ। ਉਸ ਨੂੰ ਹਸਪਤਾਲ ਲਿਜ-ਾਇਆ ਗਿਆ ਤੇ ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਪੂਰਬ ਵਾਲੇ ਪਾਸੇ ਗਾਰਡੀਨਰ ਐਕਸਪ੍ਰੈੱਸਵੇਅ ਨੂੰ ਜਾਰਵਿਸ ਤੋਂ ਡੀਵੀਪੀ ਤੱਕ ਤੇ ਉੱਤਰ ਵਾਲੇ ਪਾਸੇ ਡੀਵੀਪੀ ਨੂੰ ਗਾਰਡੀਨਰ ਤੋਂ ਬੇਅਵਿਊ/ਬਲੂਅਰ ਰੈਂਪ ਤੱਕ ਬੰਦ ਕਰ ਦਿੱਤਾ ਗਿਆ ਸੀ। ਇਸ ਸੜਕ ਨੂੰ ਸਵੇਰੇ 7:00 ਵਜੇ ਖੋਲ੍ਹਿਆ ਗਿਆ।

# ਬਾਰ ਦੇ ਬਾਹਰ ਇੱਕ ਵਿਅਕਤੀ ਨੂੰ ਮਾਰਿਆ ਗਿਆ ਚਾਕੂ

ਟੋਰਾਂਟੋ, 22 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਕ੍ਰਿਸਟੀ ਪਿੱਟਸ ਪਾਰਕ ਨੇੜੇ ਐਤਵਾਰ ਸਵੇਰੇ ਹੋਈ ਲੜਾਈ ਦੌਰਾਨ ਇੱਕ ਵਿਅਕਤੀ ਨੂੰ ਚਾਕੂ ਮਾਰ ਦਿੱਤਾ ਗਿਆ।

ਇਹ ਘਟਨਾ ਕ੍ਰਿਸਟੀ ਤੇ ਓਸਿੰਗਟਨ ਐਵਨਿਊਜ਼ ਦਰਮਿਆਨ 802 ਬਲੂਅਰ ਸਟਰੀਟ ਵੈਸਟ ਨੇੜੇ ਤੜਕੇ 3:45 ਤੋਂ ਠੀਕ ਪਹਿਲਾਂ ਵਾਪਰੀ। ਟੋਰਾਂਟੋ ਪੁਲਿਸ ਅਨੁਸਾਰ ਜਿਸ ਵਿਅਕਤੀ ਨੂੰ ਚਾਕੂ ਮਾਰਿਆ ਗਿਆ ਉਸ ਦੀ ਬਾਰ ਦੇ ਬਾਹਰ ਕੁੱਝ ਵਿਅਕਤੀਆਂ ਨਾਲ ਝੜਪ ਹੋ ਗਈ। ਜਾਂਚਕਾਰਾਂ ਨੇ ਦੱਸਿਆ ਕਿ ਤੂੰ ਤੂੰ ਮੈਂ ਮੈਂ ਤੋਂ ਬਾਅਦ ਉਸ ਵਿਅਕਤੀ ਨੂੰ




ਅਹਿਸਾਸ ਹੋਇਆ ਕਿ ਉਸ ਨੂੰ ਚਾਕੂ ਮਾਰ ਦਿੱਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਜਿੱਥੇ ਉਸ ਦੀ ਹਾਲਤ ਸਥਿਰ ਤੇ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਟੋਰਾਂਟੋ ਪੁਲਿਸ ਫੋਰੈਂਸਿਕ ਆਇਡੈਂਟੀਫਿਕੇਸ਼ਨ ਸਰਵਿਸਿਜ਼ ਦੇ ਅਧਿਕਾਰੀਆਂ ਵੱਲੋਂ ਮੌਕੇ ਦਾ ਮੁਆਇਨਾ ਵੀ ਕੀਤਾ ਗਿਆ।

# 12 ਫੀ ਸਦੀ ਤੱਕ ਵੱਧ ਚੁੱਕੇ ਹਨ ਇੰਸ਼ੋਰੈਂਸ ਰੇਟ

ਓਨਟਾਰੀਓ, 22 ਸਤੰਬਰ (ਪੋਸਟ ਬਿਊਰੋ) : ਮਹਾਂਮਾਰੀ ਦੌਰਾਨ ਕਈ ਇੰਸ਼ੋਰੈਂਸ ਕੰਪਨੀਆਂ ਵੱਲੋਂ ਆਪਣੇ ਪ੍ਰੀਮੀਅਮਜ਼ ਵਿੱਚ ਕਟੌਤੀ ਕੀਤੀ ਗਈ ਤੇ ਜਾਂ ਫਿਰ ਛੋਟ ਦਿੱਤੀ ਗਈ ਪਰ ਹੁਣ ਜਦੋਂ ਟਰੈਫਿਕ ਮਹਾਂਮਾਰੀ ਤੋਂ ਪਹਿਲਾਂ ਵਾਲੇ ਪੱਧਰ ਉੱਤੇ ਪਰਤ ਰਿਹਾ ਹੈ ਤਾਂ ਅਜਿਹੇ ਵਿੱਚ ਕੁੱਝ ਇੰਸ਼ੋਰੈਂਸ ਕੰਪਨੀਆਂ ਵੱਲੋਂ ਆਪਣੇ ਰੇਟਸ ਵਿੱਚ ਵਾਧਾ ਕੀਤਾ ਜਾ ਰਿਹਾ ਹੈ।

Ratesdotca ਦੀ ਇੰਸ਼ੋਰੈਂਸ ਮਾਹਿਰ ਤਨੀਸ਼ਾ ਕਿਸ਼ਨ ਨੇ ਦੱਸਿਆ ਕਿ ਇਸ ਸਮੇਂ ਤਾਂ ਕੁੱਝ ਕੁ ਕੰਪਨੀਆਂ ਵੱਲੋਂ ਇਹ ਵਾਧਾ ਕੀਤਾ ਜਾ ਰਿਹਾ ਹੈ ਪਰ ਜਲਦ ਹੀ ਦੂਜੀਆਂ ਕੰਪਨੀਆਂ ਦੇ ਵੀ ਅਜਿਹਾ ਕਰਨ ਦੀ ਸੰਭਾਵਨਾ ਹੈ। ਵੈੱਬਸਾਈਟ ਅਨੁਸਾਰ ਕੁੱਝ ਕੰਪਨੀਆਂ ਵੱਲੋਂ ਇਨ੍ਹਾਂ ਦਰਾਂ ਵਿੱਚ ਇੱਕ ਤੋਂ 12 ਫੀ ਸਦੀ ਦਾ ਵਾਧਾ ਕੀਤਾ ਗਿਆ ਹੈ। ਇਹ ਵੀ ਦੱਸਿਆ ਗਿਆ ਕਿ ਪੈਫਕੋ ਇੰਸ਼ੋਰੈਂਸ ਕੰਪਨੀ ਨੇ ਇਨ੍ਹਾਂ ਦਰਾਂ ਵਿੱਚ 5 ਫੀ ਸਦੀ ਜਦਕਿ ਜੈਨਿਥ ਇੰਸ਼ੋਰੈਂਸ ਕੰਪਨੀ ਨੇ



ਇੰਸ਼ੋਰੈਂਸ ਦਰਾਂ ਵਿੱਚ 10.37 ਫੀ ਸਦੀ ਦਾ ਵਾਧਾ ਕੀਤਾ ਹੈ।

ਕਿਸ਼ਨ ਨੇ ਆਖਿਆ ਕਿ ਮਹਾਂਮਾਰੀ ਤੋਂ ਬਾਅਦ ਟਰੈਫਿਕ ਵਧਣ ਕਾਰਨ ਹਾਦਸੇ ਵੀ ਪਹਿਲਾਂ ਵਾਂਗ ਹੀ ਹੋਣ ਲੱਗੇ ਹਨ। ਉੱਤੋਂ ਮਹਿੰਗਾਈ ਕਾਰਨ ਟੁੱਟੀਆਂ ਭੱਜੀਆਂ ਗੱਡੀਆਂ ਨੂੰ ਠੀਕ ਕਰਨਾ ਵੀ ਖਰਚੀਲਾ ਹੋ ਗਿਆ ਹੈ, ਗੱਡੀਆਂ ਦੇ ਕਈ ਹਿੱਸੇ ਲੱਭਦੇ ਹੀ ਨਹੀਂ ਤੇ ਜੇ ਤੁਸੀਂ ਹਾਦਸੇ ਦਾ ਸ਼ਿਕਾਰ ਹੋਈ ਗੱਡੀ ਨੂੰ ਬਦਲਣਾ ਚਾਹੁੰਦੇ ਹੋ ਤਾਂ ਉਸ ਲਈ ਲੰਮੀਂ ਉਡੀਕ ਸੂਚੀ ਹੈ।

# ਮਿਲਟਨ ਆਟੋ ਰਿਪੇਅਰ ਸ਼ੌਪ ਵਿੱਚ ਵਾਪਰੀ ਸ਼ੂਟਿੰਗ ਦੀ ਘਟਨਾ ਵਿੱਚ ਪੰਜਾਬੀ ਮੂਲ ਦੇ ਵਿਅਕਤੀ ਦੀ ਹੋਈ ਮੌਤ

ਮਿਸੀਸਾਗਾ, 22 ਸਤੰਬਰ (ਪੋਸਟ ਬਿਊਰੋ) : ਮਿਸੀਸਾਗਾ ਪਲਾਜ਼ਾ ਤੇ ਮਿਲਟਨ ਆਟੋ ਰਿਪੇਅਰ ਸ਼ੌਪ ਵਿੱਚ ਪਿਛਲੇ ਸੋਮਵਾਰ ਵਾਪਰੀ ਸ਼ੂਟਿੰਗ ਦੀ ਘਟਨਾ ਵਿੱਚ ਮਾਰੇ ਗਏ ਤਿੰਨ ਵਿਅਕਤੀਆਂ ਵਿੱਚ ਇੱਕ ਪੰਜਾਬੀ ਮੂਲ ਦਾ ਵਿਅਕਤੀ ਵੀ ਸ਼ਾਮਲ ਹੋ ਗਿਆ ਹੈ। ਇਸ ਘਟਨਾ ਵਿੱਚ ਜ਼ਖ਼ਮੀ ਹੋਏ ਸਤਵਿੰਦਰ ਸਿੰਘ ਦੀ ਵੀ ਸ਼ਨਿੱਚਰਵਾਰ ਨੂੰ ਮੌਤ ਹੋ ਗਈ।

ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਸ਼ੁਰੂ ਕੀਤੇ ਗਏ ਗੋਫੰਡਮੀ ਪੇਜ ਵਿੱਚ ਆਖਿਆ ਗਿਆ ਕਿ ਸਤਵਿੰਦਰ ਸਿੰਘ ਆਪਣੇ ਪਰਿਵਾਰ ਦਾ ਬਹੁਤ ਹੀ ਪਿਆਰਾ ਬੇਟਾ, ਭਰਾ ਤੇ ਗ੍ਰੈਂਡਸਨ ਸੀ। ਉਸ ਦੇ ਜਾਣ ਨਾਲ ਪਰਿਵਾਰ ਕਾਫੀ ਟੁੱਟ ਗਿਆ ਹੈ। 28 ਸਾਲਾ ਸਤਵਿੰਦਰ ਸਿੰਘ ਇਸੇ ਆਟੋ ਸ਼ੌਪ ਉੱਤੇ ਪਾਰਟ ਟਾਈਮ ਕੰਮ ਕਰਦਾ ਸੀ। ਪਿਛਲੇ ਹਫਤੇ ਵਾਪਰੀ ਸ਼ੂਟਿੰਗ ਦੀ ਘਟਨਾ ਵਿੱਚ ਜ਼ਖ਼ਮੀ ਹੋਣ ਤੋਂ ਬਾਅਦ ਉਸ ਨੂੰ ਲਾਈਫ ਸਪੋਰਟ ਉੱਤੇ ਰੱਖਿਆ ਗਿਆ ਸੀ। ਪੁਲਿਸ ਨੇ ਦੱਸਿਆ ਕਿ ਸ਼ਨਿੱਚਰਵਾਰ ਨੂੰ ਉਸ ਦੀ ਮੌਤ ਹੋ ਗਈ। ਉਸ ਦੀ ਮੌਤ ਸਮੇਂ ਉਸ ਦੇ ਦੋਸਤ ਤੇ ਪਰਿਵਾਰਕ ਮੈਂਬਰ ਉਸ ਦੇ ਕੋਲ ਹੀ ਸਨ।

ਭਾਰਤ ਵਿੱਚ ਬੀਬੀਏ ਤੇ ਐਮਬੀਏ ਦੀ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਉਹ ਗਲੋਬਲ ਬਿਜ਼ਨਸ ਮੈਨੇਜਮੈਂਟ ਦੀ ਪੜ੍ਹਾਈ ਕਰਨ ਲਈ ਕੈਨੇਡਾ ਆ ਗਿਆ।



ਉਸ ਦੇ ਕਜ਼ਨ ਨੇ ਦੱਸਿਆ ਕਿ ਇੱਕ ਸਾਲ ਪਹਿਲਾਂ ਉਹ ਓਨਟਾਰੀਓ ਆਇਆ ਸੀ ਤੇ ਮਈ ਵਿੱਚ ਹੀ ਮਿਲਟਨ ਸ਼ਿਫਟ ਹੋਇਆ ਸੀ। ਉਸ ਨੇ ਕੌਨੈਸਟੋਗਾ ਕਾਲਜ ਤੋਂ ਪਿਛਲੇ ਮਹੀਨੇ ਹੀ ਆਪਣੀ ਪੜ੍ਹਾਈ ਮੁਕੰਮਲ ਕੀਤੀ ਸੀ।

ਪੁਲਿਸ ਅਜੇ ਤੱਕ ਹਮਲੇ ਦੇ ਪਿੱਛੇ ਕਾਰਨ ਦਾ ਪਤਾ ਨਹੀਂ ਲਗਾ ਪਾਈ ਹੈ। ਪੁਲਿਸ ਵੱਲੋਂ ਇਸ ਹਮਲੇ ਲਈ 40 ਸਾਲਾ ਸ਼ੌਨ ਪੈਟਰੀ ਨੂੰ ਜ਼ਿੰਮੇਵਾਰ ਦੱਸਿਆ ਗਿਆ, ਉਸ ਦਾ ਮੁਜਰਮਾਨਾ ਰਿਕਾਰਡ ਵੀ ਹੈ। ਉਸ ਨੇ ਵੀ ਥੋੜ੍ਹੇ ਅਰਸੇ ਲਈ ਇਸੇ ਆਟੋ ਸ਼ੌਪ ਵਿੱਚ ਕੰਮ ਕੀਤਾ ਸੀ। ਪੈਟਰੀ ਨੇ ਸੱਭ ਤੋਂ ਪਹਿਲਾਂ ਮਿਸੀਸਾਗਾ ਦੇ ਟਿਮ ਹੌਰਟਨਜ਼ ਵਿੱਚ ਟੋਰਾਂਟੋ ਪੁਲਿਸ ਕਾਂਸਟੇਬਲ ਐਂਡਰਿਊ ਹੌਂਗ ਦੀ ਜਾਨ ਲਈ। ਫਿਰ ਉਹ ਮਿਲਟਨ ਦੀ ਇਸ ਆਟੋ ਸ਼ੌਪ ਪਹੁੰਚਿਆ ਤੇ ਉਸ ਨੇ ਸਤਵਿੰਦਰ ਸਿੰਘ ਤੇ ਆਪਣੇ ਸਾਬਕਾ ਬੌਸ ਨੂੰ ਵੀ ਗੋਲੀਆਂ ਮਾਰੀਆਂ। ਬਾਅਦ ਵਿੱਚ ਪੁਲਿਸ ਨੇ ਹੈਮਿਲਟਨ ਵਿੱਚ ਉਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ।

# ਮਹਾਂਮਾਰੀ ਖ਼ਤਮ ਹੋ ਚੁੱਕੀ ਹੈ : ਬਾਇਡਨ



ਵਾਸ਼ਿੰਗਟਨ, 22 ਸਤੰਬਰ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਇੱਕ ਇੰਟਰਵਿਊ ਵਿੱਚ ਆਖਿਆ ਕਿ ਮਹਾਂਮਾਰੀ ਖ਼ਤਮ ਹੋ ਚੁੱਕੀ ਹੈ। ਇਹ ਇੰਟਰਵਿਊ ਐਤਵਾਰ ਨੂੰ ਪ੍ਰਸਾਰਤ ਕੀਤਾ ਗਿਆ। ਇੱਥੇ ਦੱਸਣਾ ਬਣਦਾ ਹੈ ਕਿ ਅਜੇ ਵੀ ਕਰੋਨਾਵਾਇਰਸ ਦੀ ਮਾਰ ਅਮਰੀਕਾ ਵਿੱਚ ਵਗ ਰਹੀ ਹੈ ਤੇ ਸੈਂਕੜੇ ਅਮੈਰੀਕਨਜ਼ ਰੋਜ਼ਾਨਾ ਇਸ ਮਹਾਂਮਾਰੀ ਦਾ ਸ਼ਿਕਾਰ ਹੋ ਰਹੇ ਹਨ। ਡਿਟਰੌਇਟ ਆਟੋ ਸ਼ੋਅ ਮੌਕੇ ਬਾਇਡਨ ਵੱਲੋਂ ਇਹ ਇੰਟਰਵਿਊ ਦਿੱਤਾ ਗਿਆ। ਇਸ ਆਟੋ ਸ਼ੋਅ ਵਿੱਚ ਹਿੱਸਾ ਲੈਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਪਹੁੰਚੇ। ਉਨ੍ਹਾਂ ਆਖਿਆ ਕਿ ਅਜੇ ਵੀ ਕੋਵਿਡ ਕਾਰਨ ਪਰੇਸ਼ਾਨੀ ਚੱਲ ਰਹੀ ਹੈ। ਅਸੀਂ ਇਸ ਬਾਰੇ ਕਾਫੀ ਕੰਮ ਵੀ ਕਰ ਰਹੇ ਹਾਂ। ਪਰ ਮਹਾਂਮਾਰੀ ਖ਼ਤਮ ਹੋ ਚੁੱਕੀ ਹੈ। ਉਨ੍ਹਾਂ ਆਖਿਆ ਕਿ ਜੇ ਤੁਸੀਂ ਧਿਆਨ ਦਿੱਤਾ ਹੋਵੇ ਤਾਂ ਸਾਹਮਣੇ ਆਵੇਗਾ ਕਿ ਹੁਣ ਕੋਈ ਮਾਸਕ ਨਹੀਂ ਪਾ ਰਿਹਾ। ਹਰ ਕੋਈ ਖੁਸ਼ ਨਜ਼ਰ ਆ ਰਿਹਾ ਹੈ। ਬਾਇਡਨ ਦੇ ਕਾਰਜਕਾਲ ਵਿੱਚ ਪਹਿਲਾਂ ਦੇ ਮੁਕਾਬਲੇ ਹੁਣ ਕੋਵਿਡ-19 ਮਹਾਂਮਾਰੀ ਕਾਫੀ ਹੱਦ ਤੱਕ ਖ਼ਤਮ ਹੋਈ ਹੈ। ਕੁੱਝ ਸਮੇਂ ਪਹਿਲਾਂ ਤੱਕ ਅਤਿਆਧੁਨਿਕ ਦੇਖਭਾਲ, ਮੈਡੀਕੇਸ਼ਨਜ਼ ਤੇ ਵੈਕਸੀਨੇਸ਼ਨਜ਼ ਵੱਡੀ ਪੱਧਰ ਉੱਤੇ ਉਪਲਬਧ ਹੋਣ ਦੇ ਬਾਵਜੂਦ ਰੋਜ਼ਾਨਾ 3,000 ਅਮੈਰੀਕਨਜ਼ ਦੀ ਮੌਤ ਕੋਵਿਡ-19 ਕਾਰਨ ਹੋ ਰਹੀ ਸੀ। ਪਰ ਯੂਐਸ ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਐਂਡ ਪ੍ਰਿਵੈਂਸ਼ਨ ਅਨੁਸਾਰ ਅਮਰੀਕਾ ਵਿੱਚ ਮਹਾਂਮਾਰੀ ਕਾਰਨ 400 ਲੋਕ ਰੋਜ਼ਾਨਾ ਮਰਦੇ ਰਹੇ ਹਨ।

# ਪਰਮਾਨੈਂਟ ਸਟੇਟਸ ਦੇਣ ਦੀ ਮੰਗ ਨੂੰ ਲੈ ਕੇ ਮਾਈਗ੍ਰੈਂਟਸ ਨੇ ਕੈਨੇਡਾ ਭਰ ਵਿੱਚ ਕੱਢੀਆਂ ਰੈਲੀਆਂ



ਟੋਰਾਂਟੋ, 22 ਸਤੰਬਰ (ਪੋਸਟ ਬਿਊਰੋ) : ਹਜ਼ਾਰਾਂ ਦੀ ਗਿਣਤੀ ਵਿੱਚ ਮਾਈਗ੍ਰੈਂਟਸ ਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਐਤਵਾਰ ਨੂੰ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਰੈਲੀਆਂ ਕੱਢੀਆਂ ਗਈਆਂ ਤੇ ਜਿਨ੍ਹਾਂ ਲੋਕਾਂ ਕੋਲ ਦਸਤਾਵੇਜ਼ ਨਹੀਂ ਹਨ ਉਨ੍ਹਾਂ ਨੂੰ ਪਰਮਾਨੈਂਟ ਸਟੇਟਸ ਦੇਣ ਦੀ ਮੰਗ ਕੀਤੀ ਗਈ।

ਜਿਨ੍ਹਾਂ ਮਾਈਗ੍ਰੈਂਟਸ ਕੋਲ ਦਸਤਾਵੇਜ਼ ਨਹੀਂ ਉਨ੍ਹਾਂ ਲਈ ਰੈਗੂਲਰਾਈਜ਼ੇਸ਼ਨ ਪ੍ਰੋਗਰਾਮ ਲਾਗੂ ਕਰਨ ਦੀ ਮੰਗ ਵੀ ਕੀਤੀ ਗਈ। ਮਾਮਲੇ ਦੀ ਪੈਰਵੀ ਕਰਨ ਵਾਲਿਆਂ ਨੇ ਆਖਿਆ ਕਿ ਲੰਮੇਂ ਸਮੇਂ ਤੋਂ ਚੱਲੀ ਆ ਰਹੀ ਇਸ ਮੰਗ ਨੂੰ ਇਸ ਵਾਰੀ ਅਮਲੀ ਰੂਪ ਵਿੱਚ ਲਾਗੂ ਕਰ ਦਿੱਤਾ ਜਾਵੇਗਾ ਅਜਿਹਾ ਮਹਿਸੂਸ ਹੋ ਰਿਹਾ ਹੈ। ਫੈਡਰਲ ਸਰਕਾਰ ਵੱਲੋਂ ਕੁੱਝ ਅਜਿਹੇ ਕਦਮ ਚੁੱਕੇ ਗਏ ਹਨ ਜਿਨ੍ਹਾਂ ਤੋਂ ਇਹ ਲੱਗ ਰਿਹਾ ਹੈ।

ਚੇਂਜ ਲਈ ਮਾਇਗ੍ਰੈਂਟ ਵਰਕਰਜ਼ ਅਲਾਇੰਸ ਦੇ ਐਗਜ਼ੈਕਟਿਵ ਡਾਇਰੈਕਟਰ ਸਈਅਦ ਹੁਸੈਨ ਨੇ ਆਖਿਆ ਕਿ ਉਸ ਦੇ ਗਰੁੱਪ ਵੱਲੋਂ ਲੰਮੇਂ ਸਮੇਂ ਤੋਂ ਕੀਤੀ ਜਾ ਰਹੀ ਮੰਗ ਵੱਲ ਧਿਆਨ ਦੇਣ ਤੇ ਕੈਨੇਡਾ ਵਿੱਚ ਬਿਨਾਂ ਦਸਤਾਵੇਜ਼ ਵਾਲੇ ਲੋਕਾਂ ਨੂੰ ਮੂਲ ਅਧਿਕਾਰ ਦੇਣ ਦੀ ਕੀਤੀ ਜਾ ਰਹੀ ਮੰਗ ਸੁਣਨ ਦਾ ਓਟਵਾ ਸਰਕਾਰ ਕੋਲ ਇਹ ਵਧੀਆ ਮੌਕਾ ਹੈ। ਕਈ ਸਾਲਾਂ ਤੋਂ ਜੋ ਗਲਤ ਹੁੰਦਾ ਆ ਰਿਹਾ ਹੈ ਉਸ ਨੂੰ ਸਹੀ ਕਰਨ ਦਾ ਹੁਣ ਸਾਡੇ ਕੋਲ ਇਤਿਹਾਸਕ ਮੌਕਾ ਹੈ। ਪਾਰਲੀਆਮੈਂਟ ਨੂੰ ਇਸ ਮਾਮਲੇ ਵਿੱਚ ਦੇਰ ਨਹੀਂ ਕਰਨੀ ਚਾਹੀਦੀ।

ਜ਼ਿਕਰਯੋਗ ਹੈ ਕਿ ਕੋਵਿਡ-19 ਮਹਾਂਮਾਰੀ ਦੌਰਾਨ ਓਟਵਾ ਵੱਲੋਂ ਹੈਲਥ ਸੈਕਟਰ ਵਿੱਚ ਕੰਮ ਕਰਨ ਵਾਲੇ ਤੇ ਪਨਾਹ ਮੰਗਣ ਵਾਲੇ ਵਰਕਰਜ਼ ਲਈ ਰੈਗੂਲਰਾਈਜ਼ੇਸ਼ਨ ਪ੍ਰੋਗਰਾਮ ਲਾਂਚ ਕੀਤਾ ਗਿਆ ਸੀ। ਉਸ ਸਮੇਂ ਤੋਂ ਹੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਹ ਸੰਕੇਤ ਦਿੱਤਾ ਹੈ ਕਿ ਉਹ ਇਸ ਪਹਿਲਕਦਮੀ ਦਾ ਪਸਾਰ ਕਰਨ ਦਾ ਇਰਾਦਾ ਰੱਖਦੇ ਹਨ।

# ਵੇਜ ਕੈਪ ਲਾਅ ਨਾਲ ਕਿਸੇ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਨਹੀਂ ਹੁੰਦੀ

ਓਨਟਾਰੀਓ, 22 ਸਤੰਬਰ (ਪੋਸਟ ਬਿਊਰੋ) : ਪ੍ਰੋਵਿੰਸ ਦਾ ਕਹਿਣਾ ਹੈ ਕਿ ਪਬਲਿਕ ਸੈਕਟਰ ਦੇ ਵਰਕਰਜ਼ ਉੱਤੇ ਲਾਏ ਗਏ ਵੇਜ ਕੈਪ ਕਾਨੂੰਨ ਨਾਲ ਕਿਸੇ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਨਹੀਂ ਹੁੰਦੀ।



ਪਬਲਿਕ ਸੈਕਟਰ ਦੇ ਸੈਂਕੜੇ ਕਰਮਚਾਰੀਆਂ ਦੀ ਨੁਮਾਇੰਦਗੀ ਕਰਨ ਵਾਲੇ ਗਰੁੱਪ ਵੱਲੋਂ ਬਿੱਲ 124 ਦੀ ਸੰਵਿਧਾਨਕਤਾ ਨੂੰ ਚੁਣੌਤੀ ਦਿੱਤੀ ਗਈ ਹੈ। ਇਹ ਬਿੱਲ 2019 ਵਿੱਚ ਪਾਸ ਹੋਇਆ ਸੀ ਤੇ ਇਸ ਨਾਲ ਓਨਟਾਰੀਓ ਦੇ ਪਬਲਿਕ ਸਰਵਿਸ ਇੰਪਲੌਈਜ਼ ਦੇ ਨਾਲ ਨਾਲ ਹੋਰਨਾਂ ਪਬਲਿਕ ਸੈਕਟਰ ਵਰਕਰਜ਼ ਲਈ ਹਰ ਸਾਲ ਭੱਤਿਆਂ ਵਿੱਚ ਸਿਰਫ ਇੱਕ ਫੀ ਸਦੀ ਵਾਧਾ ਕਰਨ ਦੀ ਲਿਮਿਟ ਲਾ ਦਿੱਤੀ ਗਈ ਸੀ।

ਇਸ ਸਬੰਧੀ ਕੇਸ ਪਿਛਲੇ ਹਫਤੇ ਸ਼ੁਰੂ ਹੋਇਆ। ਇਸ ਦਾ ਵਿਰੋਧ ਕਰਨ ਵਾਲਿਆਂ ਵਿੱਚ ਸਰਕਾਰੀ ਵਰਕਰਜ਼, ਅਧਿਆਪਕ, ਨਰਸਾਂ ਤੇ ਯੂਨੀਵਰਸਿਟੀ ਫੈਕਲਟੀ ਤੋਂ ਇਲਾਵਾ ਹੋਰ ਕਰਮਚਾਰੀ ਵੀ ਸ਼ਾਮਲ ਹਨ। ਇਨ੍ਹਾਂ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਇਸ ਕਾਨੂੰਨ ਨੇ ਅਰਥਭਰਪੂਰ ਸਾਂਝੀ ਬਾਰਗੇਨਿੰਗ ਨੂੰ ਖ਼ਤਮ ਕਰ ਦਿੱਤਾ ਹੈ ਤੇ ਇਸ ਨਾਲ ਕੈਨੇਡੀਅਨ ਚਾਰਟਰ ਆਫ ਰਾਈਟਸ ਤੇ ਫਰੀਡਮ ਦੀ ਉਲੰਘਣਾਂ ਹੁੰਦੀ ਹੈ। ਦੂਜੇ ਪਾਸੇ ਇਸ ਬਿੱਲ ਨੂੰ ਲਾਗੂ ਹੋਇਆਂ ਤਿੰਨ ਸਾਲ ਦਾ ਸਮਾਂ ਹੋ ਚੁੱਕਿਆ ਹੈ ਤੇ ਟੋਰੀਜ਼ ਦਾ ਕਹਿਣਾ ਹੈ ਕਿ ਇਹ ਕੁੱਝ ਸਮੇਂ ਲਈ ਅਪਨਾਈ ਗਈ ਪਹੁੰਚ ਹੈ, ਜਿਹੜੀ ਘਾਟੇ ਨੂੰ ਖ਼ਤਮ ਕਰਨ ਲਈ ਸ਼ੁਰੂ ਕੀਤੀ ਗਈ ਸੀ। ਪ੍ਰੋਵਿੰਸ ਦਾ ਇਹ ਵੀ ਕਹਿਣਾ ਹੈ ਕਿ ਇਸ ਚਾਰਟਰ ਨਾਲ ਬਾਰਗੇਨਿੰਗ ਦੀ ਪ੍ਰਕਿਰਿਆ ਦੀ ਹਿਫਾਜ਼ਤ ਹੁੰਦੀ ਹੈ ਤੇ ਉਸ ਦੇ ਨਿਕਲਣ ਵਾਲੇ ਨਤੀਜਿਆਂ ਨਾਲ ਇਸ ਦਾ ਕੋਈ ਲੈਣਾ ਦੇਣਾ ਨਹੀਂ ਹੈ।

# ਛੁਰੇਬਾਜ਼ੀ ਕਾਰਨ ਮਹਿਲਾ ਦੀ ਹੋਈ ਮੌਤ, 1 ਵਿਅਕਤੀ ਗ੍ਰਿਫਤਾਰ

ਮਿਸੀਸਾਗਾ, 22 ਸਤੰਬਰ (ਪੋਸਟ ਬਿਊਰੋ) : ਮਿਸੀਸਾਗਾ ਦੇ ਇੱਕ ਸਟੋਰ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਮਹਿਲਾ ਦੀ ਮੌਤ ਹੋ ਗਈ ਤੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਸੋਮਵਾਰ ਨੂੰ ਸ਼ਾਮੀਂ 6:00 ਵਜੇ ਦੇ ਨੇੜੇ ਤੇੜੇ ਮੈਵਿਸ ਰੋਡ ਤੇ ਬ੍ਰਿਟੈਨੀਆ ਰੋਡ ਇਲਾਕੇ ਵਿੱਚ ਲੜਾਈ ਹੋਣ ਦੀਆਂ ਖਬਰਾਂ ਦੇ ਕੇ ਪੀਲ ਪੁਲਿਸ ਨੂੰ ਇੱਕ ਸਟੋਰ ਦੇ ਪਾਰਕਿੰਗ ਲੌਟ ਵਿੱਚ ਸੱਦਿਆ ਗਿਆ। ਇੱਥੇ ਮਹਿਲਾ ਨੂੰ ਚਾਕੂ ਮਾਰੇ ਜਾਣ ਕਾਰਨ ਮੌਕੇ ਉੱਤੇ ਹੀ ਉਸ ਦੀ ਮੌਤ ਹੋ ਗਈ। ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਹਿਰਾ-



ਸਤ ਵਿੱਚ ਲੈ ਲਿਆ ਗਿਆ।

ਇੱਕ ਚਸ਼ਮਦੀਦ ਨੇ ਦੱਸਿਆ ਕਿ ਉਨ੍ਹਾਂ ਨੂੰ ਕੈਨੇਡੀਅਨ ਟਾਇਰ ਦੇ ਅੰਦਰੋਂ ਚੀਕਣ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ ਤੇ ਉਨ੍ਹਾਂ ਸ਼ੌਪਰਜ਼ ਨੂੰ ਭੱਜ ਕੇ ਸਟੋਰ ਤੋਂ ਬਾਹਰ ਆਉਂਦਿਆਂ ਵੇਖਿਆ। ਪੁਲਿਸ ਨੇ ਦੱਸਿਆ ਕਿ ਹਮਲਾ ਕਰਨ ਵਾਲਾ ਵਿਅਕਤੀ ਵੀ ਜ਼ਖ਼ਮੀ ਸੀ ਤੇ ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਉਸ ਦੀ ਹਾਲਤ ਬਾਰੇ ਅਜੇ ਕੋਈ ਜਾਣਕਾਰੀ ਹਾਸਲ ਨਹੀਂ ਹੋ ਸਕੀ ਹੈ।

## ਝਗੜੇ ਵਿੱਚ ਆਪਣੇ ਸਾਥੀ ਨੂੰ ਜ਼ਖ਼ਮੀ ਕਰਨ ਵਾਲੇ 13 ਸਾਲਾ ਲੜਕੇ ਨੂੰ ਕੀਤਾ ਗਿਆ ਚਾਰਜ

ਓਨਟਾਰੀਓ, 22 ਸਤੰਬਰ (ਪੋਸਟ ਬਿਊਰੋ) : ਇੱਕ ਝਗੜੇ ਦੌਰਾਨ 13 ਸਾਲਾ ਟੀਨੇਜਰ ਦੇ ਬੁਰੀ ਤਰ੍ਹਾਂ ਜ਼ਖ਼ਮੀ ਹੋ ਜਾਣ ਤੋਂ ਬਾਅਦ ਦੂਜੇ 13 ਸਾਲਾ ਲੜਕੇ ਨੂੰ ਚਾਰਜ ਕੀਤਾ ਗਿਆ ਹੈ। 13 ਸਾਲਾ ਲੜਕੇ ਦੇ ਸਕੂਲ ਤੋਂ ਘਰ ਪਰਤਣ ਉੱਤੇ ਬੇਹੋਸ਼ ਹੋ ਕੇ ਡਿੱਗ ਜਾਣ ਤੋਂ ਬਾਅਦ ਉਸ ਨੂੰ ਹਸਪਤਾਲ ਲਿਜਾਇਆ ਗਿਆ ਤੇ ਇਸ ਦੌਰਾਨ ਬੁੱਧਵਾਰ ਨੂੰ ਸਾਊਥ ਸਿਮਕੋਅ ਪੁਲਿਸ ਸਰਵਿਸ ਨਾਲ ਸੰਪਰਕ ਕੀਤਾ ਗਿਆ। ਇੱਕ ਨਿਊਜ਼ ਰਲੀਜ਼ ਅਨੁਸਾਰ ਪੁਲਿਸ ਵੱਲੋਂ ਇਹ ਪੁਸ਼ਟੀ ਕੀਤੀ ਗਈ ਕਿ ਝਗੜੇ ਤੋਂ ਬਾਅਦ ਹੀ ਇੱਕ ਟੀਨੇਜਰ ਜ਼ਖ਼ਮੀ ਹੋਇਆ। ਜਾਂਚ ਦੌਰਾਨ ਪੁਲਿਸ ਨੂੰ ਇਸ ਝਗੜੇ ਦੀ ਵੀਡੀਓ ਬਾਰੇ ਪਤਾ ਲੱਗਿਆ ਜਿਹੜੀ ਸੋਸ਼ਲ ਮੀਡੀਆ ਉੱਤੇ ਸਰਕੂਲੇਟ ਹੋ ਰਹੀ ਸੀ। ਅਜੇ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਘਟਨਾ ਕਿੱਥੇ ਵਾਪਰੀ ਤੇ ਇਹ ਝਗੜਾ ਕਿਸ ਕਾਰਨ ਹੋਇਆ। ਸੋਮਵਾਰ ਨੂੰ ਟਾਊਨ ਆਫ ਬ੍ਰੈਡਫੋਰਡ ਵੈਸਟ ਗਵਿਲਿਨਬਰੀ ਤੋਂ ਮਸ਼ਕੂਕ ਨੂੰ ਚਾਰਜ ਕੀਤਾ ਗਿਆ ਤੇ ਬਾਅਦ ਵਿੱਚ ਉਸ ਦੇ ਮਾਪਿਆਂ ਦੀ ਹਾਜ਼ਰੀ ਵਿੱਚ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਉਸ ਨੂੰ ਅਦਾਲਤ ਵਿੱਚ ਪੇਸ਼ ਹੋਣਾ ਹੋਵੇਗਾ।

# ਮੈਕਸਿਕੋ ਵਿੱਚ ਮੁੜ ਆਇਆ ਜ਼ਬਰਦਸਤ ਭੂਚਾਲ, ਦੋ ਦੀ ਮੌਤ

ਮੈਕਸਿਕੋ ਸਿਟੀ, 22 ਸਤੰਬਰ (ਪੋਸਟ ਬਿਊਰੋ) : ਵੀਰਵਾਰ ਸਵੇਰੇ ਮੈਕਸਿਕੋ ਵਿੱਚ ਆਏ ਜ਼ਬਰਦਸਤ ਭੂਚਾਲ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ ਕਈ ਬਿਲਡਿੰਗਾਂ ਨੂੰ ਨੁਕਸਾਨ ਪਹੁੰਚਿਆ। ਇਸ ਦੌਰਾਨ ਢਿੱਗਾਂ ਡਿੱਗਣ ਕਾਰਨ ਤੇ ਜ਼ਮੀਨ ਖਿਸਕਣ ਨਾਲ ਵੀ ਕਾਫੀ ਨੁਕਸਾਨ ਹੋਇਆ। ਭੂਚਾਲ ਦੀ ਗਤੀ ਰਿਕਟਰ ਪੈਮਾਨੇ ਉੱਤੇ 6.8



ਮਾਪੀ ਗਈ। ਇਹ ਭੂਚਾਲ ਤੜਕੇ 1:19 ਵਜੇ ਆਇਆ। ਇਸ ਦਾ ਕੇਂਦਰ ਤਿੰਨ ਦਿਨ ਪਹਿਲਾਂ ਆਏ 7.6 ਗਤੀ ਦੇ ਭੂਚਾਲ ਦੇ ਨੇੜੇ ਹੀ ਸੀ। ਇਹ ਭੂਚਾਲ ਮਿਕੋਆਚਾਨ ਸਟੇਟ ਵਿੱਚ ਆਇਆ ਸੀ। ਯੂਐਸ ਜਿਓਲੌਜੀਕਲ ਸਰਵੇਅ ਅਨੁਸਾਰ ਵੀਰਵਾਰ ਨੂੰ ਆਏ ਭੂਚਾਲ ਦਾ ਕੇਂਦਰ ਮਿਕੋਆਚਾਨ ਵਿੱਚ ਐਗੁਈਲੀਲਾ ਦੇ ਦੱਖਣ-ਪੱਛਮ ਵਿੱਖਚ ਜ਼ਮੀਨ ਤੋਂ 15 ਮੀਲ ਹੇਠਾਂ ਸੀ। ਮਿਕੋਆਚਾਨ ਸਟੇਟ ਸਰਕਾਰ ਨੇ ਆਖਿਆ ਕਿ ਭੂਚਾਲ ਪੂਰੇ ਸੂਬੇ ਵਿੱਚ ਮਹਿਸੂਸ ਕੀਤਾ ਗਿਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com



WE'RE HIRING
Esthetician/Hairstylist
Fantasie Salon And Spa is hiring both the positions
full time and part time
Minimum 2 years of experience required.
Contact 437-999-9300

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
Call Rick or Manminder Cheema: 416.749.9596 / 416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਪਾਰਕਿੰਗ ਗੈਰਾਜ ਵਿੱਚ ਕਈ ਗੱਡੀਆਂ ਨੂੰ ਅੱਗ ਲੱਗਣ ਕਾਰਨ ਖਾਲੀ ਕਰਵਾਇਆ ਗਿਆ ਈਟਨ ਸੈਂਟਰ

ਟੋਰਾਂਟੋ, 22 ਸਤੰਬਰ (ਪੋਸਟ ਬਿਊਰੋ) : ਪਾਰਕਿੰਗ ਗੈਰਾਜ ਵਿੱਚ ਕਈ ਗੱਡੀਆਂ ਨੂੰ ਅੱਗ ਲੱਗ ਜਾਣ ਤੋਂ ਬਾਅਦ ਟੋਰਾਂਟੋ ਫਾਇਰ ਕ੍ਰਿਊ ਵੱਲੋਂ ਅਹਿਤਿਆਤਨ ਈਟਨ ਸੈਂਟਰ ਨੂੰ ਖਾਲੀ ਕਰਵਾ ਲਿਆ ਗਿਆ।

ਟੋਰਾਂਟੋ ਫਾਇਰ ਦੇ ਬੁਲਾਰੇ ਨੇ ਦੱਸਿਆ ਕਿ ਮਾਲ ਦੇ ਤੀਜੀ ਮੰਜ਼ਿਲ ਉੱਤੇ ਸਥਿਤ ਪਾਰਕਿੰਗ ਗੈਰਾਜ ਵਿੱਚ ਤਿੰਨ ਗੱਡੀਆਂ ਨੂੰ ਅੱਗ ਲੱਗ ਗਈ। ਫਾਇਰਫਾਈਟਰਜ਼ ਵੱਲੋਂ ਅੱਗ ਉੱਤੇ ਕਾਬੂ ਪਾ ਲਿਆ ਗਿਆ ਹੈ। ਇਸ ਦੇ ਨਾਲ ਹੀ ਈਟਨ ਸੈਂਟਰ ਦੇ ਅੰਦਰੋਂ ਆ ਰਹੇ ਧੂੰਏ ਨੂੰ ਵੀ ਸਾਫ ਕੀਤਾ ਗਿਆ ਤੇ ਫਰਸਟ ਰਿਸਪਾਂਡਰਜ਼ ਵੱਲੋਂ ਨਾਲ ਲੱਗਦੀਆਂ ਮੰਜ਼ਿਲਾਂ ਦੀ ਜਾਂਚ ਵੀ ਕਰ ਲਈ ਗਈ।




ਮਾਲ ਨੂੰ ਖਾਲੀ ਕਰਵਾਏ ਜਾਣ ਮਗਰੋਂ ਈਟਨ ਸੈਂਟਰ ਦੇ ਬਾਹਰ ਵੱਡੀ ਗਿਣਤੀ ਵਿੱਚ ਲੋਕ ਇੱਕਠੇ ਹੋ ਗਏ। ਇਸ ਘਟਨਾ ਵਿੱਚ ਕਿਸੇ ਦੇ ਵੀ ਜ਼ਖ਼ਮੀ ਹੋਣ ਦੀ ਖਬਰ ਨਹੀਂ ਮਿਲੀ ਹੈ। ਟੋਰਾਂਟੋ ਫਾਇਰ ਵੱਲੋਂ ਸਾਰਿਆਂ ਨੂੰ ਇਸ ਇਲਾਕੇ ਵਿੱਚ ਜਾਣ ਤੋਂ ਵਰਜਿਆ ਗਿਆ। ਕੁਈਨ ਸਟਰੀਟ ਨੂੰ ਯੰਗ ਤੋਂ ਬੇਅ ਸਟਰੀਟ ਤੱਕ ਬੰਦ ਕਰ ਦਿੱਤਾ ਗਿਆ।

# ਰੂਸ ਤੋਂ ਦੇਸ਼ ਦਾ ਇਕ-ਇਕ ਹਿੱਸਾ ਲਵਾਂਗੇ ਵਾਪਿਸ : ਜ਼ੇਲੇਂਸਕੀ

ਸੰਯੁਕਤ ਰਾਸ਼ਟਰ, 22 ਸਤੰਬਰ (ਪੋਸਟ ਬਿਊਰੋ): ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਵਿਸ਼ਵ ਭਾਈਚਾਰੇ ਨੂੰ ਰੂਸ ਨੂੰ ਉਸ ਦੇ ਹਮਲੇ ਲਈ ਸਜ਼ਾ ਦੇਣ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ ਆਪਣੇ ਦੇਸ਼ ਦਾ ਇਕ-ਇਕ ਹਿੱਸਾ ਵਾਪਸ ਲੈਣ ਦਾ ਵਾਅਦਾ ਕੀਤਾ ਹੈ। ਜ਼ਿਕਰਯੋਗ ਹੈ ਕਿ ਰੂਸ ਨੇ ਆਪਣੀ ਕਾਰਵਾਈ ਵਧਾਉਣ ਦਾ ਫ਼ੈਸਲਾ ਕੀਤਾ ਹੈ। ਰੂਸ ਦੇ ਰਾਸ਼ਟਰਪਤੀ ਵੋਲੋਦੀਮੀਰ ਪੁਤਿਨ ਨੇ ਬੁੱਧਵਾਰ ਨੂੰ ਯੂਕ੍ਰੇਨ ਦੇ ਨਾਲ ਲਗਭਗ ਸੱਤ ਮਹੀਨਿਆਂ ਦੀ ਲੜਾਈ ਵਿੱਚ ਝਟਕਿਆਂ ਤੋਂ ਬਾਅਦ ਲਗਭਗ ਤਿੰਨ ਲੱਖ ਰਿਜ਼ਰਵ ਸੈਨਿਕਾਂ ਦੀ ਅੰਸ਼ਕ ਤਾਇਨਾਤੀ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਨੂੰ ਰੂਸ ਦੀ ਪ੍ਰਭੂਸੱਤਾ ਲਈ ਜ਼ਰੂਰੀ ਦੱਸਦੇ ਹੋਏ ਦੋਸ਼ ਲਗਾਇਆ ਸੀ ਕਿ ਪੱਛਮੀ ਦੇਸ਼ ਉਨ੍ਹਾਂ ਦੇ ਦੇਸ਼ (ਰੂਸ) ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਇਸ ਤੋਂ ਥੋੜ੍ਹੀ ਦੇਰ ਬਾਅਦ ਹੀ ਜ਼ੇਲੇਂਸਕੀ ਨੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੂੰ ਇਕ ਵੀਡੀਓ ਸੰਦੇਸ਼ ਵਿੱਚ ਕਿਹਾ ਕਿ ਇਹ ਘੋਸ਼ਣਾ ਇਸ ਗੱਲ ਦਾ ਸਬੂਤ ਹੈ ਕਿ ਰੂਸ ਯੁੱਧ ਨੂੰ ਖ਼ਤਮ ਕਰਨ ਲਈ ਗੱਲਬਾਤ ਕਰਨ ਲਈ ਤਿਆਰ ਨਹੀਂ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਜਿੱਤ ਉਨ੍ਹਾਂ ਦੇ ਦੇਸ਼ ਦੀ ਹੀ ਹੋਵੇਗੀ। ਰਾਸ਼ਟਰਪਤੀ ਨੇ ਕਿਹਾ, "ਅਸੀਂ ਇਕ ਵਾਰ ਫਿਰ ਦੇਸ਼ ਦੇ ਹਰ ਹਿੱਸੇ ਵਿੱਚ ਯੂਕ੍ਰੇਨ ਦਾ ਝੰਡਾ ਲਹਿਰਾਵਾਂਗੇ।" ਅਸੀਂ ਇਹ ਹਥਿਆਰਾਂ ਦੇ ਦਮ 'ਤੇ ਕਰ ਸਕਦੇ ਹਾਂ ਪਰ ਸਾਨੂੰ ਕੁਝ ਸਮਾਂ ਲੱਗੇਗਾ।



ਜ਼ੇਲੇਂਸਕੀ ਨੇ ਇਸ ਸਬੰਧ ਵਿਚ ਕੋਈ ਵਿਸਤ੍ਰਿਤ ਚਰਚਾ ਨਹੀਂ ਕੀਤੀ। ਹਾਲਾਂਕਿ, ਇਸ ਨੇ ਜ਼ੋਰ ਦਿੱਤਾ ਕਿ ਰੂਸ ਦੁਆਰਾ ਕੋਈ ਵੀ ਪਹਿਲਕਦਮੀ ਚੀਜ਼ਾਂ ਨੂੰ ਲਟਕਾਉਣ ਦਾ ਸਿਰਫ਼ ਇਕ ਬਹਾਨਾ ਹੈ ਅਤੇ ਰੂਸ ਦੀ ਕਾਰਵਾਈ ਉਸਦੇ ਇਰਾਦਿਆਂ ਨੂੰ ਸਪੱਸ਼ਟ ਕਰਦੀ ਹੈ। "ਉਹ ਗੱਲਬਾਤ ਦੀ ਗੱਲ ਕਰਦੇ ਹਨ ਅਤੇ ਵਾਧੂ ਸੈਨਿਕਾਂ ਦੀ ਤਾਇਨਾਤੀ ਦਾ ਐਲਾਨ ਕਰਦੇ ਹਨ। ਉਹ ਗੱਲਬਾਤ ਦੀ ਗੱਲ ਕਰਦੇ ਹਨ, ਪਰ ਯੂਕਰੇਨ-ਨਿਯੰਤਰਿਤ ਖੇਤਰਾਂ ਵਿੱਚ ਪ੍ਰੌਕਸੀ ਰਾਏਸ਼ੁਮਾਰੀ ਦਾ ਐਲਾਨ ਕਰਦੇ ਹਨ। ਫਰਵਰੀ ਦੇ ਅਖੀਰ ਵਿੱਚ ਰੂਸ ਵੱਲੋਂ ਯੂਕਰੇਨ ਵਿੱਚ ਫੌਜੀ ਕਾਰਵਾਈ ਸ਼ੁਰੂ ਕਰਨ ਤੋਂ ਬਾਅਦ ਪਹਿਲੀ ਵਾਰ ਸੰਯੁਕਤ ਰਾਸ਼ਟਰ ਮਹਾਸਭਾ ਦੀ ਬੈਠਕ ਲਈ ਵਿਸ਼ਵ ਨੇਤਾ ਇਕੱਠੇ ਹੋਏ ਹਨ। ਜ਼ੇਲੇਨਸਕੀ ਨੇ ਇੱਥੇ ਵਿਅਕਤੀਗਤ ਤੌਰ 'ਤੇ ਨਾ ਆਉਣ ਅਤੇ ਵੀਡੀਓ ਰਾਹੀਂ ਇਕੱਠ ਨੂੰ ਸੰਬੋਧਨ ਕਰਨ ਦੀ ਵਿਸ਼ੇਸ਼ ਇਜਾਜ਼ਤ ਲਈ ਹੈ। ਰੂਸ ਨੇ ਅਜੇ ਸੰਯੁਕਤ ਰਾਸ਼ਟਰ ਮਹਾਸਭਾ ਨੂੰ ਸੰਬੋਧਨ ਕਰਨਾ ਹੈ।

## ਬਾਥਰਸਟ ਤੇ ਲੇਕ ਸ਼ੋਰ ਨੇੜੇ ਇੱਕ ਵਿਅਕਤੀ ਨੂੰ ਮਾਰੀ ਗਈ ਗੋਲੀ




ਟੋਰਾਂਟੋ, 22 ਸਤੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਟੋਰਾਂਟੋ ਦੇ ਵਾਟਰਫਰੰਟ ਨੇੜੇ ਇੱਕ ਵਿਅਕਤੀ ਨੂੰ ਗੋਲੀ ਮਾਰ ਦਿੱਤੇ ਜਾਣ ਦੇ ਮਾਮਲੇ ਵਿੱਚ ਪੁਲਿਸ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ। ਇਹ ਘਟਨਾ ਬਾਥਰਸਟ ਸਟਰੀਟ ਤੇ ਫੋਰਟ ਯੌਰਕ ਬੁਲੇਵਾਰਡ ਇਲਾਕੇ ਵਿੱਚ ਰਾਤੀਂ 10:30 ਵਜੇ ਵਾਪਰੀ। ਜ਼ਖ਼ਮੀਂ ਹਾਲਤ ਵਿੱਚ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ। ਅਜੇ ਤੱਕ ਕਿਸੇ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ

GURU NANAK NISHKAM SEWA CENTRE
CANADA Regd.

ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ

GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledon

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca
GroVerCPA Professional Corporation

214-7895 Tranmere Drive, Mississauga ON L5S 1V9



# ਸਕੂਲ ਯੂਨੀਫੌਰਮਜ਼ ਵਿੱਚ ਪਾਇਆ ਗਿਆ ਜ਼ਹਿਰੀਲਾ ਕੈਮੀਕਲ

ਟੋਰਾਂਟੋ, 22 ਸਤੰਬਰ (ਪੋਸਟ ਬਿਊਰੋ) : ਇੱਕ ਨਵੇਂ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਪੂਰੇ ਨੌਰਥ ਅਮਰੀਕਾ ਵਿੱਚ ਬੱਚਿਆਂ ਦੀਆਂ ਸਕੂਲ ਯੂਨੀਫੌਰਮਜ਼ ਤੇ ਹੋਰ ਕੱਪੜਿਆਂ ਵਿੱਚ ਜ਼ਹਿਰੀਲਾ ਕੈਮੀਕਲ ਪਾਇਆ ਗਿਆ ਹੈ। ਇਹ ਕੈਮੀਕਲ ਬੱਚਿਆਂ ਦੀਆਂ ਸਕੂਲ ਯੂਨੀਫੌਰਮਜ਼ ਨੂੰ ਦਾਗ ਧੱਬਿਆਂ ਤੋਂ ਬਚਾਉਣ ਲਈ ਕੱਪੜਿਆਂ ਵਿੱਚ ਪਾਇਆ ਜਾਂਦਾ ਹੈ। ਇੱਕ ਅਧਿਐਨਕਰਤਾ ਨੇ ਆਖਿਆ ਕਿ ਬੱਚਿਆ ਦੀ ਸਿਹਤ ਨੂੰ ਛਿੱਕੇ ਟੰਗ ਕੇ ਕਾਰੋਬਾਰ ਚਮਕਾਇਆ ਜਾ ਰਿਹਾ ਹੈ। ਯੂਨੀਵਰਸਿਟੀ ਆਫ ਟੋਰਾਂਟੋ ਦੀ ਐਨਵਾਇਰਮੈਂਟਲ ਸਾਇੰਸਿਜ਼ ਪ੍ਰੋਫੈਸਰ ਮਿਰੀਅਮ ਡਾਇਮੰਡ ਨੇ ਆਖਿਆ ਕਿ ਬੱਚਿਆਂ ਦੀ ਸਿਹਤ ਦਾ ਧਿਆਨ ਰੱਖਿਆ ਜਾਣਾ ਇਸ ਨਾਲੋਂ ਕਿਤੇ ਜ਼ਰੂਰੀ ਹੈ ਕਿ ਉਨ੍ਹਾਂ ਦੇ ਕੱਪੜੇ ਦਾਗ ਮੁਕਤ ਰਹਿਣ।



ਐਨਵਾਇਰਮੈਂਟਲ ਐਂਡ ਸਾਇੰਸ ਟੈਕਨੋਲਾਜੀ ਜਰਨਲ ਵਿੱਚ ਛਪੇ ਇਸ ਅਧਿਐਨ ਵਿੱਚ ਡਾਇਮੰਡ ਤੇ ਨੌਰਥ ਅਮਰੀਕਾ ਦੇ ਹੋਰਨਾਂ ਖੋਜਾਰਥੀਆਂ ਨੇ ਬੱਚਿਆਂ ਦੀਆਂ ਸਕੂਲ ਯੂਨੀਫੌਰਮਜ਼ ਤੇ ਹੋਰਨਾਂ ਕੱਪੜਿਆਂ ਵਿੱਚ ਪੌਲੀਫਲੂਓਰੋਆਕਿਲ ਸਬਸਟਾਂਸਿਜ਼ (ਪੀਐਫਏਐਸ) ਦੀ ਵੱਡੀ ਮਾਤਰਾ ਪਾਈ। ਇਨ੍ਹਾਂ ਨੂੰ ਫੌਰੈਵਰ ਕੈਮੀਕਲਜ਼ ਵੀ ਆਖਿਆ ਜਾਂਦਾ ਹੈ। ਇਸ ਕੈਮੀਕਲ ਦੀ ਵਰਤੋਂ ਬੱਚਿਆਂ ਦੀਆਂ ਸਕੂਲ ਯੂਨੀਫੌਰਮਜ਼ ਤੋਂ ਇਲਾਵਾ ਸਨੋਅ ਸੂਟਸ, ਮਿਟਨਜ਼, ਬਿੱਬਾਂ ਤੇ ਹੈਟਜ਼ ਵਿੱਚ ਹੁੰਦੀ ਹੈ ਤੇ ਇਹ ਕੱਪੜੇ ਕੈਨੇਡਾ ਤੇ ਅਮਰੀਕਾ ਵਿੱਚ ਵੱਡੀ ਪੱਧਰ ਉੱਤੇ ਵਿਕਦੇ ਹਨ।

ਇਹ ਵੀ ਆਖਿਆ ਗਿਆ ਕਿ ਇਨ੍ਹਾਂ ਕੈਮੀਕਲਜ਼ ਨੂੰ ਟੁੱਟਣ ਤੇ ਖ਼ਤਮ ਹੋਣ ਵਿੱਚ ਕਈ ਸਾਲ ਲੱਗ ਜਾਂਦੇ ਹਨ ਤੇ ਇਹ ਮਿੱਟੀ ਤੇ ਪਾਣੀ ਨੂੰ ਗੰਧਲਾ ਕਰਕੇ ਐਨਵਾਇਰਮੈਂਟ ਨੂੰ ਪ੍ਰਦੂਸ਼ਿਤ ਕਰਦੇ ਹਨ। ਜੇ ਇਨਸਾਨ ਵੱਲੋਂ ਇਸ ਨੂੰ ਖਾ ਲਿਆ ਜਾਂਦਾ ਹੈ ਤਾਂ ਉਹ ਉਸ ਲਈ ਜ਼ਹਿਰੀਲਾ ਸਾਬਤ ਹੋ ਸਕਦਾ ਹੈ। ਅਧਿਐਨ ਵਿੱਚ ਪਾਇਆ ਗਿਆ ਕਿ ਵੱਖ ਵੱਖ ਤਰ੍ਹਾਂ ਦੇ 72 ਉਤਪਾਦਾਂ ਦੀ ਕੀਤੀ ਗਈ ਜਾਂਚ ਵਿੱਚ ਇਹ ਕੈਮੀਕਲ 65 ਫੀ ਸਦੀ ਪਾਇਆ ਗਿਆ ਜਦਕਿ ਸਕੂਲ ਯੂਨੀਫੌਰਮਜ਼, ਜੋ ਕਿ 100 ਫੀ ਸਦੀ ਕੌਟਨ ਤੋਂ ਬਣੀਆਂ ਹੁੰਦੀਆਂ ਹਨ ਤੇ ਉਨ੍ਹਾਂ ਵਿੱਚ ਮਾਮੂਲੀ ਸਿੰਥੈਟਿਕ ਵੀ ਪਾਇਆ ਜਾਂਦਾ ਹੈ, ਵਿੱਚ ਇਸ ਕੈਮੀਕਲ ਦੀ ਮਾਤਰਾ ਸੱਭ ਤੋਂ ਵੱਧ ਪਾਈ ਗਈ।

## ਭਾਰਤੀ ਹਾਈ ਕਮਿਸ਼ਨ ਵਲੋਂ ਲਿਸਟਰ ਵਿਚ ਭਾਰਤੀ ਭਾਈਚਾਰੇ ਵਿਰੁੱਧ ਹਿੰਸਾ ਦੀ ਨਿੰਦਾ, ਕਾਰਵਾਈ ਦੀ ਮੰਗ



ਲਿਸਟਰ, 22 ਸਤੰਬਰ (ਪੋਸਟ ਬਿਊਰੋ): ਲੰਡਨ ਵਿਚ ਭਾਰਤੀ ਹਾਈ ਕਮਿਸ਼ਨ ਨੇ ਲਿਸਟਰ ਵਿਚ ਭਾਰਤੀ ਭਾਈਚਾਰੇ ਵਿਰੁੱਧ ਹਿੰਸਾ ਦੀ ਨਿੰਦਾ ਕੀਤੀ ਅਤੇ ਹਮਲਿਆਂ ਵਿਚ ਸ਼ਾਮਲ ਲੋਕਾਂ ਵਿਰੁੱਧ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ।

ਹਾਈ ਕਮਿਸ਼ਨ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਅਸੀਂ ਲਿਸਟਰ ਵਿੱਚ ਭਾਰਤੀ ਭਾਈਚਾਰੇ ਵਿਰੁੱਧ ਹਿੰਸਾ ਅਤੇ ਹਿੰਦੂ ਧਰਮ ਅਸਥਾਨ ਦੇ ਸਥਾਨਾਂ 'ਤੇ ਪ੍ਰਤੀਕਾਂ ਨੂੰ ਨੁਕਸਾਨ ਪਹੁੰਚਾਉਣ ਦੀ ਨਿੰਦਾ ਕਰਦੇ ਹਾਂ। ਅਸੀਂ ਪ੍ਰਸ਼ਾਸਨ ਕੋਲ ਮਾਮਲਾ ਉਠਾਇਆ ਹੈ ਅਤੇ ਪ੍ਰਸ਼ਾਸਨ ਤੋਂ ਸਾਡੀ ਮੰਗ ਹੈ ਕਿ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਸੁਰੱਖਿਆ ਪ੍ਰਦਾਨ ਕੀਤੀ ਜਾਵੇ।

ਜਿਕਰਯੋਗ ਹੈ ਕਿ ਲਿਸਟਰ ਪੁਲਿਸ ਨੇ ਹਿੰਸਾ ਦੇ ਮਾਮਲੇ ਵਿੱਚ ਹੁਣ ਤੱਕ 27 ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ ਹੈ ਪਰ ਤਣਾਅ ਬਰਕਰਾਰ ਹੈ। ਇੰਗਲੈਂਡ ਦੇ ਸ਼ਹਿਰ ਲੈਸਟਰ ਵਿੱਚ ਭਾਰਤ-ਪਾਕਿ ਏਸ਼ੀਆ ਕੱਪ ਦੇ ਮੈਚ ਤੋਂ ਬਾਅਦ ਦੋ ਭਾਈਚਾਰਿਆਂ ਵਿੱਚ ਤਣਾਅ ਪੈਦਾ ਹੋ ਗਿਆ।

ਜਿਸਦੇ ਚੱਲਦੇ ਹਿੰਸਾ ਦੀਆਂ ਘਟਨਾਵਾਂ ਲਗਾਤਾਰ ਸਾਹਮਣੇ ਆ ਰਹੀਆਂ ਹਨ। ਇਸ ਦੌਰਾਨ ਇਕ ਧਾਰਮਿਕ ਸਥਾਨ 'ਤੇ ਭੰਨਤੋੜ ਅਤੇ ਝੰਡਾ ਉਤਾਰਨ ਦੀ ਗੱਲ ਵੀ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਮੁਤਾ-ਬਕ 28 ਅਗਸਤ ਨੂੰ ਏਸ਼ੀਆ ਕੱਪ ਦੇ ਮੈਚ 'ਚ ਪਾਕਿਸਤਾਨ ਦੀ ਹਾਰ ਤੋਂ ਲੈਸਟਰ 'ਚ ਹਿੰਦੂ-ਮੁਸਲਮਾਨਾਂ ਵਿਚਾਲੇ ਤਣਾਅ ਸ਼ੁਰੂ ਹੋ ਗਿਆ ਸੀ। ਇਸ ਤੋਂ ਬਾਅਦ 6 ਸਤੰਬਰ ਨੂੰ ਲਿਸਟਰ 'ਚ ਨਾਰਾਜ਼ ਪਾਕਿਸਤਾਨੀ ਮੁਸਲਮਾਨਾਂ ਨੇ ਹਿੰਦੂਆਂ ਨੂੰ ਨਿਸ਼ਾਨਾ ਬਣਾਇਆ।

## ਅਫ਼ਰੀਕੀ ਦੇਸ਼ਾਂ ਵਿੱਚ ਚੀਨ ਦੇ ਹਥਿਆਰਾਂ ਦੀ ਵਿੱਕਰੀ ਘਾਤਕ, ਲੱਖਾਂ ਲੋਕਾਂ ਦਾ ਜੀਵਨ ਪ੍ਰਭਾਵਿਤ

ਬੀਜਿੰਗ, 22 ਸਤੰਬਰ (ਪੋਸਟ ਬਿਊਰੋ): ਅਫਰੀਕੀ ਦੇਸ਼ਾਂ ਵਿੱਚ ਚੀਨੀ ਹਥਿਆਰਾਂ ਦੀ ਵਿਕਰੀ ਉੱਥੋਂ ਦੇ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰ ਰਹੀ ਹੈ। ਰਿਪੋਰਟਾਂ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਅਫਰੀਕੀ ਦੇਸ਼ਾਂ ਵਿੱਚ ਚੀਨੀ ਹਥਿਆਰਾਂ ਦੀ ਵਿਕਰੀ ਕਾਰਨ ਟਕਰਾਅ ਵਧ ਰਿਹਾ ਹੈ ਅਤੇ ਲੋਕ ਆਪਣੇ ਘਰ ਛੱਡਣ ਲਈ ਮਜਬੂਰ ਹੋ ਰਹੇ ਹਨ।

ਇਨਸਾਈਡ ਓਵਰ ਦੀ ਰਿਪੋਰਟ ਮੁਤਾਬਕ, ਅਫਰੀਕਾ ਦੇ ਸਬ-ਸਹਾਰਨ ਖੇਤਰ ਸਮੇਤ ਲਗਭਗ ਸਾਰੇ ਦੇਸ਼ ਛੋਟੇ ਅਤੇ ਵੱਡੇ ਹਥਿਆਰਬੰਦ ਸੰਘਰਸ਼ਾਂ ਦੀ ਲਪੇਟ 'ਚ ਹਨ। ਉਹ ਵੱਡੇ ਅੰਦਰੂਨੀ ਉਜਾੜੇ ਦਾ ਸ਼ਿਕਾਰ ਹਨ। ਹਲਕੇ ਅਤੇ ਛੋਟੇ ਹਥਿਆਰਾਂ ਦੀ ਵਿਕਰੀ ਨੂੰ ਇਸ ਦਾ ਕਾਰਨ ਮੰਨਿਆ ਜਾ ਰਿਹਾ ਹੈ। ਰਿਪੋਰਟ ਮੁਤਾਬਕ ਹਥਿਆਰਾਂ ਦੇ ਵਧਣ ਦਾ ਕਾਰਨ ਮਾੜੇ ਪ੍ਰਸ਼ਾਸਨ, ਭ੍ਰਿਸ਼ਟਾਚਾਰ, ਕਮਜ਼ੋਰ ਸਰਹੱਦਾਂ, ਗ਼ਰੀਬੀ ਅਤੇ ਬੇਰੁਜ਼ਗਾਰੀ ਨੂੰ ਮੰਨਿਆ ਜਾ ਸਕਦਾ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੀ ਇੱਕ ਰਿਪੋਰਟ ਦੇ ਅਨੁਸਾਰ, ਚੀਨ ਚੌਥੇ ਗਲੋਬਲ ਹਥਿਆਰ ਸਪਲਾਇਰ ਵਜੋਂ ਉੱਭਰ ਰਿਹਾ ਹੈ ਅਤੇ 2017 ਅਤੇ 2021 ਦੇ ਵਿਚਕਾਰ ਕੁੱਲ ਵਿਸ਼ਵ ਹਥਿਆਰਾਂ ਦੀ ਬਰਾਮਦ ਦਾ 4.6% ਹਿੱਸਾ ਹੈ। ਕੁੱਲ ਵਿਸ਼ਵ ਹਥਿਆਰਾਂ ਦੇ ਨਿਰਯਾਤ ਦਾ 10 ਪ੍ਰਤੀਸ਼ਤ ਅਫਰੀਕੀ ਦੇਸ਼ਾਂ ਦਾ ਹੈ। ਇਥੋਪੀਆ, ਸੂਡਾਨ, ਨਾਈਜੀਰੀਆ, ਤਨਜ਼ਾਨੀਆ, ਕੈਮਰੂਨ, ਜ਼ਿੰਬਾਬਵੇ, ਜ਼ੈਂਬੀਆ, ਗੈਬੋਨ, ਅਲਜੀਰੀਆ, ਨਾਮੀਬੀਆ, ਘਾਨਾ, ਬੁਰੂੰਡੀ, ਕੀਨੀਆ ਅਤੇ ਮੋਜ਼ਾਮਬੀਕ ਪਿਛਲੇ ਪੰਜ ਸਾਲਾਂ ਵਿੱਚ ਚੀਨੀ ਹਥਿਆਰਾਂ ਦੇ ਵੱਡੇ ਆਯਾਤਕ ਵਜੋਂ ਉਭਰੇ ਹਨ।



ਮਾਹਿਰਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਚੀਨ ਵਰਗੇ ਦੇਸ਼ ਆਪਣਾ ਰਵੱਈਆ ਨਹੀਂ ਬਦਲਦੇ ਅਤੇ ਅਫਰੀਕੀ ਦੇਸ਼ਾਂ 'ਤੇ ਹਥਿਆਰਾਂ ਦੀ ਵਿਕਰੀ 'ਤੇ ਸ਼ਰਤਾਂ ਨਹੀਂ ਲਗਾਉਂਦੇ, ਉਦੋਂ ਤੱਕ ਮਹਾਂਦੀਪ 'ਚ ਹਥਿਆਰਾਂ ਦੇ ਗ਼ੈਰ-ਕਾਨੂੰਨੀ ਪ੍ਰਸਾਰ ਨੂੰ ਰੋਕਿਆ ਨਹੀਂ ਜਾ ਸਕਦਾ। ਜੇਨਸ ਡਿਫੈਂਸ ਵੀਕਲੀ ਦੇ ਅਨੁਸਾਰ, ਸਾਰੇ 54 ਅਫਰੀਕੀ ਦੇਸ਼ਾਂ ਵਿੱਚ ਲਗਭਗ 70 ਪ੍ਰਤੀਸ਼ਤ ਬਖਤਰਬੰਦ ਫ਼ੌਜੀ ਵਾਹਨ ਚੀਨੀ ਮੂਲ ਦੇ ਹਨ ਅਤੇ ਮਹਾਂਦੀਪ ਦੇ ਸਾਰੇ ਫ਼ੌਜੀ ਵਾਹਨਾਂ ਵਿੱਚੋਂ ਲਗਭਗ 20 ਪ੍ਰਤੀਸ਼ਤ ਚੀਨ ਦੁਆਰਾ ਸਪਲਾਈ ਕੀਤੇ ਜਾਂਦੇ ਹਨ।

# ਸਾਊਦੀ ਅਰਬ ਦੇ ਮਦੀਨਾ ਵਿਚ ਮਿਲਿਆ ਸੋਨੇ ਅਤੇ ਤਾਂਬੇ ਦਾ ਖਜ਼ਾਨਾ, ਨਿਵੇਸ਼ਕ ਮਿਲਣ ਦੀ ਆਸ ਬੱਝੀ

ਨਵੀਂ ਦਿੱਲੀ, 22 ਸਤੰਬਰ (ਪੋਸਟ ਬਿਊਰੋ): ਸਾਊਦੀ ਅਰਬ ਦੇ ਮਦੀਨਾ ਵਿੱਚ ਸੋਨੇ ਅਤੇ ਤਾਂਬੇ ਦੇ ਭੰਡਾਰ ਮਿਲੇ ਹਨ। ਨਵੇਂ ਸੋਨੇ ਦੇ ਭੰਡਾਰ ਮਿਲਣ ਨਾਲ ਦੇਸ਼ ਨੂੰ ਵੱਡੀ ਗਿਣਤੀ ਵਿਚ ਅੰਤਰਰਾਸ਼ਟਰੀ ਅਤੇ ਸਥਾਨਕ ਨਿਵੇਸ਼ਕ ਮਿਲਣ ਦੀ ਆਸ ਬੱਝੀ ਹੈ। ਇਸ ਨਾਲ ਮਾਈਨਿੰਗ ਖੇਤਰ ਵਿੱਚ ਹੋਰ ਨਿਵੇਸ਼ ਵਧੇਗਾ।

ਸਾਊਦੀ ਅਰਬ ਦੇ ਭੂ-ਵਿਗਿਆਨਕ ਸਰਵੇਖਣ ਨੇ ਸੋਨੇ ਅਤੇ ਤਾਂਬੇ ਦੇ ਨਵੇਂ ਸਥਾਨਾਂ ਦੀ ਖੋਜ ਦਾ ਐਲਾਨ ਕੀਤਾ ਹੈ। ਸਾਊਦੀ ਅਰਬ ਦੇ ਉਹ ਖੇਤਰ ਜਿੱਥੇ ਸੋਨੇ ਦੀਆਂ ਧਾਤ ਦੀਆਂ ਸਾਈਟਾਂ ਮਿਲੀਆਂ ਹਨ, ਉਹ ਮਦੀਨਾ ਵਿੱਚ ਅਬਾ ਅਲ-ਰਾਹਾ, ਉਮ ਅਲ-ਬਾਰਾਕ ਸ਼ੀਲਡ, ਹਿਜਾਜ਼ ਦੇ ਬਾਹਰਵਾਰ ਸਥਿਤ ਹਨ। ਮਦੀਨਾ ਦੇ ਇਸ ਖੇਤਰ ਵਿੱਚ ਸੋਨੇ ਦੀ ਖੋਜ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਪਹਿਲਾਂ ਉਮ ਅਲ-ਬਾਰਾਕ ਸ਼ੀਲਡ ਵਿੱਚ ਸੋਨੇ ਦੇ ਧਾਤੂ ਦੀ ਘਾਟ ਸੀ। ਰਿਪੋਰਟ ਦੇ ਅਨੁਸਾਰ, ਸਾਊਦੀ ਅਰਬ ਵਿੱਚ ਸੋਨੇ ਅਤੇ ਤਾਂਬੇ ਦੇ ਧਾਤ ਦੀਆਂ ਸਾਈਟਾਂ ਦੀ ਨਵੀਂ ਖੋਜ ਤੋਂ ਸਥਾਨਕ ਅਤੇ ਗਲੋਬਲ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨ ਦੀ ਉਮੀਦ ਹੈ। ਇਸ ਖੋਜ ਨਾਲ ਲਗਭਗ ਚਾਰ ਹਜ਼ਾਰ ਨਵੀਆਂ ਨੌਕਰੀਆਂ ਪੈਦਾ ਹੋਣ ਦੀ ਵੀ ਉਮੀਦ ਹੈ।



ਸਾਊਦੀ ਅਰਬ 'ਚ ਹੋਈ ਨਵੀਂ ਖੋਜ ਦੇ ਬਾਰੇ 'ਚ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ ਨਵੀਂ ਖੋਜ ਨਾਲ ਸਾਊਦੀ 'ਚ ਮਾਈਨਿੰਗ ਦੀਆਂ ਨਵੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ। ਇਸ ਦੇ ਨਾਲ ਹੀ ਇਸ ਖੇਤਰ ਵਿੱਚ ਨਿਵੇਸ਼ ਦੇ ਹੋਰ ਮੌਕੇ ਵੀ ਖੁੱਲ੍ਹਣਗੇ।

ਸਾਊਦੀ ਅਰਬ ਦੇ ਭੂ-ਵਿਗਿਆਨਕ ਸਰਵੇਖਣ ਵਿਭਾਗ ਨੇ ਸੋਨੇ ਅਤੇ ਤਾਂਬੇ ਦੇ ਨਵੇਂ ਸਥਾਨਾਂ ਦੀ ਖੋਜ ਦਾ ਐਲਾਨ ਕੀਤਾ ਹੈ। ਸਾਊਦੀ ਅਰਬ ਦੇ ਉਹ ਖੇਤਰ ਜਿੱਥੇ ਸੋਨੇ ਦੀਆਂ ਧਾਤ ਦੀਆਂ ਸਾਈਟਾਂ ਮਿਲੀਆਂ ਹਨ, ਉਹ ਮਦੀਨਾ ਵਿੱਚ ਅਬਾ ਅਲ-ਰਾਹਾ, ਉਮ ਅਲ-ਬਾਰਾਕ ਸ਼ੀਲਡ, ਹਿਜਾਜ਼ ਦੀਆਂ ਸਰਹੱਦਾਂ 'ਤੇ ਸਥਿਤ ਹਨ। ਮਦੀਨਾ ਦੇ ਇਸ ਖੇਤਰ ਵਿਚ ਸੋਨੇ ਦੀ ਖੋਜ ਇਸ ਲਈ ਵੀ ਵਿਸ਼ੇਸ਼ ਹੈ ਕਿਉਂਕਿ ਪਹਿਲਾਂ ਉਮ ਅਲ-ਬਾਰਾਕ ਸ਼ੀਲਡ ਵਿਚ ਸੋਨੇ ਦੇ ਧਾਤ ਦੀ ਘਾਟ ਸੀ।

ਤੁਹਾਨੂੰ ਦੱਸ ਦੇਈਏ ਕਿ ਸਾਊਦੀ ਅਰਬ ਸੋਨੇ ਦੇ ਸਭ ਤੋਂ ਵੱਡੇ ਧਾਰਕ ਦੇ ਰੂਪ ਵਿੱਚ ਦੁਨੀਆ ਵਿੱਚ 18ਵੇਂ ਸਥਾਨ 'ਤੇ ਹੈ ਅਤੇ ਆਪਣੇ ਭੰਡਾਰਾਂ ਦੇ ਮਾਮਲੇ ਵਿੱਚ, ਖਾਸ ਤੌਰ 'ਤੇ ਅਰਬ ਦੇਸ਼ਾਂ ਵਿੱਚ। ਅਜਿਹੇ 'ਚ ਸੋਨੇ ਅਤੇ ਤਾਂਬੇ ਦੇ ਨਵੇਂ ਭੰਡਾਰ ਮਿਲਣ ਨਾਲ ਸਾਊਦੀ ਸਰਕਾਰ ਨੂੰ ਭਵਿੱਖ 'ਚ ਜ਼ਾਹਿਰ ਤੌਰ 'ਤੇ ਫਾਇਦਾ ਹੋਵੇਗਾ।

# ਮੁੱਖ ਸਕੱਤਰ ਵੱਲੋਂ ਪਰਾਲੀ ਸਾੜਨ ਦੀਆਂ ਘਟਨਾਵਾਂ ਰੋਕਣ ਲਈ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਜਾਰੀ

### ਪਰਾਲੀ ਪ੍ਰਬੰਧਨ ਬਾਰੇ ਸੂਬੇ ਦੇ ਉੱਚ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ

ਚੰਡੀਗੜ੍ਹ, 22 ਸਤੰਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਸਕੱਤਰ ਵਿਜੇ ਕੁਮਾਰ ਜੰਜੂਆ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਹਰ ਹੀਲੇ ਰੋਕਣ ਲਈ ਉਹ ਆਪੋ-ਆਪਣੇ ਜ਼ਿਲ੍ਹਿਆਂ ਵਿਚ ਯੋਗ ਪ੍ਰਬੰਧ ਕਰਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਪਰਾਲੀ ਅਤੇ ਨਾੜ ਸਾੜਨ ਦੀ ਦਰ ਨੂੰ ਹੋਰ ਘੱਟ ਕਰਨ ਅਤੇ ਪਰਾਲੀ ਪ੍ਰਬੰਧਨ ਲਈ ਹੈਪੀ ਸੀਡਰ ਅਤੇ ਅਜਿਹੇ ਹੋਰ ਸੰਦਾਂ/ਮਸ਼ੀਨਾਂ ਦੀ ਖਰੀਦ ਲਈ ਕਿਸਾਨਾਂ ਦੀ ਵਿੱਤੀ ਮਦਦ ਕੀਤੀ ਜਾ ਰਹੀ ਹੈ।

ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਸਕੱਤਰ ਨੇ ਕਿਹਾ ਕਿ ਵਾਤਾਵਰਣ ਗੰਧਲਾ ਹੋਣ ਤੋਂ ਬਚਾਉਣ ਲਈ ਸੂਬਾ ਸਰਕਾਰ ਪਰਾਲੀ ਨੂੰ ਸਾੜਨ ਦੀ ਥਾਂ ਇਸ ਦੇ ਪ੍ਰਬੰਧਨ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਮਝਾਇਆ ਜਾਵੇ ਕਿ ਜੇਕਰ ਪਰਾਲੀ ਸਾੜਨ ਵਾਲੇ ਕਿਸੇ ਕਿਸਾਨ ਦੇ ਮਾਲ ਰਿਕਾਰਡ ਵਿਚ ਰੈੱਡ ਐਂਟਰੀ ਹੋ ਜਾਂਦੀ ਹੈ ਤਾਂ ਇਸ ਨਾਲ ਉਹ ਬਹੁਤ ਸਾਰੀਆਂ ਸਰਕਾਰੀ ਸਕੀਮਾਂ ਅਤੇ ਯੋਜਨਾਵਾਂ ਪ੍ਰਾਪਤ ਕਰਨ ਤੋਂ ਵਾਂਝਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨਾਲ ਉੱਤਰੀ ਭਾਰਤ ਵਿਚ ਜੋ ਪ੍ਰਦੂਸ਼ਣ ਦਾ ਪੱਧਰ ਵੱਧਦਾ ਹੈ, ਉਸ ਨਾਲ ਪੰਜਾਬ ਨੂੰ ਕੌਮੀ ਪੱਧਰ 'ਤੇ ਨਮੋਸ਼ੀ ਝੱਲਣੀ ਪੈਂਦੀ ਹੈ, ਇਸ ਲਈ ਕਿਸਾਨਾਂ ਨੂੰ ਹਰ ਹਾਲ ਵਿਚ ਪਰਾਲੀ ਸਾੜਨ ਦੀ ਥਾਂ ਉਸ ਦੇ ਪ੍ਰਬੰਧਨ ਲਈ ਸਮਝਾਇਆ ਜਾਣਾ ਚਾਹੀਦਾ ਹੈ।



ਉਨ੍ਹਾਂ ਕਿਹਾ ਕਿ ਹਾਲਾਂਕਿ ਪਰਾਲੀ ਨਾ ਸਾੜਨ ਸਬੰਧੀ ਕਾਨੂੰਨ ਵੀ ਬਣਿਆਂ ਹੋਇਆ ਹੈ ਪਰ ਇਸ ਦੇ ਬਾਵਜੂਦ ਕਈ ਥਾਂਵਾਂ ਤੋਂ ਪਰਾਲੀ ਸਾੜਨ ਦੀਆਂ ਘਟਨਾਵਾਂ ਰਿਪੋਰਟ ਹੋ ਰਹੀਆਂ ਹਨ। ਇਕ-ਇਕ ਜ਼ਿਲ੍ਹੇ ਦੀ ਪਰਾਲੀ ਪ੍ਰਬੰਧਨ ਅਤੇ ਮਸ਼ੀਨਾਂ ਦੀ ਵੰਡ ਸਬੰਧੀ ਸਮੀਖਿਆ ਕਰਦਿਆਂ ਮੁੱਖ ਸਕੱਤਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵਾਤਾਵਰਣ ਸੰਭਾਲ ਲਈ ਕਿਸਾਨਾਂ ਨੂੰ ਵੱਖ-ਵੱਖ ਮਾਧਿਅਮਾਂ ਰਾਹੀਂ ਜਾਗਰੂਕ ਕਰੇ ਅਤੇ ਉਨ੍ਹਾਂ ਨੂੰ ਸਮਝਾਵੇ ਕਿ ਪਰਾਲੀ ਅਤੇ ਨਾੜ ਸਾੜਨ ਦਾ ਕਿੰਨਾ ਜ਼ਿਆਦਾ ਨੁਕਸਾਨ ਹੈ। ਮੁੱਖ ਸਕੱਤਰ ਨੇ ਕਿਹਾ ਕਿ ਜਿਨ੍ਹਾਂ ਪਿੰਡਾਂ ਵਿਚ ਪਹਿਲਾਂ ਵੀ ਨਾੜ ਨੂੰ ਅੱਗ ਲਾਉਣ ਦੇ ਮਾਮਲੇ ਸਾਹਮਣੇ ਆਏ ਹਨ, ਉੱਥੇ ਪ੍ਰਸ਼ਾਸ਼ਨ ਜ਼ਿਆਦਾ ਚੌਕਸੀ ਵਰਤੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਰਾਹੀਂ ਵੀ ਸਮਝਾਇਆ ਜਾਵੇ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਬੱਚਿਆਂ ਨੂੰ 'ਗੰਧਲਾ ਤੇ ਪ੍ਰਦੂਸ਼ਿਤ' ਭਵਿੱਖ ਮਿਲੇਗਾ। ਡਿਪਟੀ ਕਮਿਸ਼ਨਰਾਂ ਨੂੰ ਨਿਰਦੇਸ਼ ਦਿੰਦਿਆਂ ਮੁੱਖ ਸਕੱਤਰ ਨੇ ਕਿਹਾ ਕਿ ਇਸ ਸਾਲ ਪਰਾਲੀ ਸਾੜਨ ਦੇ ਮਾਮਲੇ ਹਰ ਹਾਲਤ ਵਿਚ ਰੋਕੇ ਜਾਣ ਅਤੇ ਇਸ ਬਾਬਤ ਕੋਈ ਵੀ ਕੋਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੀਟਿੰਗ ਵਿਚ ਸਾਰੇ ਡਿਪਟੀ ਕਮਿਸ਼ਨਰਾਂ ਤੋਂ ਇਲਾਵਾ ਖੇਤੀਬਾੜੀ ਵਿਭਾਗ, ਪੇਂਡੂ ਵਿਕਾਸ ਵਿਭਾਗ, ਮਾਲ ਵਿਭਾਗ ਅਤੇ ਪ੍ਰਦੂਸ਼ਣ ਬੋਰਡ ਦੇ ਉੱਚ ਅਧਿਕਾਰੀ ਹਾਜ਼ਰ ਸਨ।

# ਰੈੱਡ ਵਿੱਲੋ ਕਲੱਬ ਨੇ ਸੈਨੇਟੇਨੀਅਲ ਪਾਰਕ ਦਾ ਲਾਇਆ ਟੂਰ



ਹਰਜੀਤ ਬੇਦੀ) ਰੈੱਡ ਵਿੱਲੋ ਕਲੱਬ ਬਰੈਂਪਟਨ ਵਲੋਂ ਪਿਛਲੇ ਦਿਨੀ ਸੈਨੇਟੇਨੀਅਲ ਪਾਰਕ ਦਾ ਟੂਰ ਕਲੱਬ ਦੇ ਪ੍ਰਧਾਨ ਗੁਰਨਾਮ ਸਿੰਘ ਗਿੱਲ ਅਤੇ ਜਨਰਲ ਸਕੱਤਰ ਅਮਰਜੀਤ ਸਿੰਘ ਦੀ ਅਗਵਾਈ ਵਿੱਚ ਲਾਇਆ ਗਿਆ। ਟੂਰ ਤੇ ਜਾਣ ਵਾਲੇ ਕਲੱਬ ਦੇ ਮੈਂਬਰ ਸਵੇਰੇ ਨੌ ਵਜੇ ਤੱਕ ਰੈੱਡ ਵਿੱਲੋ ਪਾਰਕ ਵਿੱਚ ਇਕੱਠੇ ਹੋ ਗਏ ਜਿੱਥੋਂ ਉਹਨਾਂ ਨੂੰ ਟੂਰ ਤੇ ਲਿਜਾਣ ਲਈ ਸਾਂਝੇ ਤੌਰ ਤੇ ਬੱਸਾਂ ਦਾ ਪਰਬੰਧ ਕੀਤਾ ਹੋਇਆ ਸੀ। ਕਲੱਬ ਦੇ ਲੱਗਪੱਗ ਇੱਕ ਸੌ ਸੀਨੀਅਰ ਮਰਦ ਤੇ ਔਰਤਾਂ ਵਿੱਚ ਟੂਰ ਤੇ ਜਾਣ ਲਈ ਭਾਰੀ ਉਤਸ਼ਾਹ ਸੀ। ਕਲੱਬ ਮੈਂਬਰਾਂ ਦੇ ਟੂਰ ਤੇ ਜਾਣ ਸਮੇਂ ਰੀਜਨਲ ਕੌਂਸਲਰ ਪੈਟ ਫੌਰਟੀਨੀ ਅਤੇ ਉਹਨਾਂ ਦੀ ਸਕੱਤਰ ਸਰਬਜੀਤ ਕੌਰ ਹਾਜ਼ਰ ਸਨ। ਵਾਲੰਟੀਅਰਾਂ ਨੇ ਮੈਂਬਰਾਂ ਨੂੰ ਬੜੇ ਸਲੀਕੇ ਨਾਲ ਬੱਸਾਂ ਵਿੱਚ ਸਵਾਰ ਕਰਵਾਇਆ। ਕਲੱਬ ਮੈਂਬਰ ਪੂਰੇ ਚਾਅ ਨਾਲ ਬਿਨਾਂ ਕਿਸੇ ਹਫੜਾ ਦਫੜੀ ਤੋਂ ਬੱਸਾਂ ਵਿੱਚ ਸਵਾਰ ਹੋ ਗਏ।

ਰਾਸਤੇ ਵਿੱਚ ਇੱਕ ਦੂਜੇ ਨਾਲ ਗੱਲਾਂ ਬਾਤਾਂ ਕਰਦੇ ਹੋਏ ਆਲੇ ਦੁਆਲੇ ਦੇ ਨਜ਼ਾਰੇ ਵੀ ਲੈ ਰਹੇ ਸਨ। ਲੱਗਪੱਗ ਇੱਕ ਘੰਟੇ ਵਿੱਚ ਬੱਸਾਂ ਲੇਕ ਕਿਨਾਰੇ ਬਹੁਤ ਹੀ ਖੂਬਸੂਰਤ ਸੈਨੇਟੇਨੀਅਲ ਪਾਰਕ ਵਿੱਚ ਪਹੁੰਚ ਗਈਆਂ। ਆਸ ਪਾਸ ਦੇ ਕੁਦਰਤੀ ਨਜ਼ਾਰਿਆਂ ਨੂੰ ਦੇਖ ਕੇ ਸੀਨੀਅਰਜ਼ ਨੇ ਅੰਤਰੀਵ ਖੁਸ਼ੀ ਮਹਿਸੂਸ ਕੀਤੀ। ਮੈਂਬਰਾਂ ਨੇ ਛੋਟੇ ਛੋਟੇ ਗਰੁੱਪਾਂ ਵਿੱਚ ਤੁਰ ਫਿਰ ਕੇ ਪਾਰਕ ਦੀ ਸੁੰਦਰਤਾ ਦਾ ਆਨੰਦ ਮਾਣਿਆ। ਕੁਦਰਤ ਦੀ ਸੁੰਦਰਤਾ ਆਪਣੇ ਜੋਬਨ ਤੇ ਦਿਖਾਈ ਦੇ ਰਹੀ ਸੀ। ਬਹੁਤ ਸਾਰੇ ਮੈਂਬਰਾਂ ਨੇ ਪਾਰਕ ਦੇ ਨਜਦੀਕ ਸੈਨੇਟੇਨੀਅਲ ਬੀਚ ਦਾ ਦੌਰਾ ਕੀਤਾ। ਲੇਕ ਦੇ ਨੀਲੇ ਸਾਫ ਪਾਣੀ ਦੀ ਨੁਹਾਰ ਦੇਖਣ ਯੋਗ ਸੀ। ਸੀਨੀਅਰ ਔਰਤਾਂ ਨੇ ਆਪਣੇ ਢੰਗ ਨਾਲ ਬੋਲੀਆਂ ਤੇ ਗਿੱਧਾ ਪਾ ਕੇ ਖੂਬ ਰੰਗ ਬੰਨ੍ਹਿਆ। ਘੁੰਮ ਫਿਰ ਕੇ ਸਾਰੇ ਮੈਂਬਰ ਲੰਚ ਲਈ ਇੱਕ ਢੁਕਵੀਂ ਥਾਂ ਤੇ ਇਕੱਠੇ ਹੋ ਗਏ।

ਖਾਣੇ ਦੇ ਸਮਾਨ ਦੀ ਸੇਵਾ ਜੋਗਿੰਦਰ ਸਿੰਘ ਪੱਡਾ ਦੇ ਪਰਿਵਾਰ ਵਲੋਂ ਕੀਤੀ ਗਈ ਸੀ। ਖਾਣੇ ਲਈ ਚਾਵਲ, ਛੋਲੇ ਅਤੇ ਹੋਰ ਸਮਾਨ ਦੀ ਤਿਆਰੀ ਮਹਿੰਦਰ ਕੌਰ ਪੱਡਾ, ਚਰਨਜੀਤ ਕੌਰ, ਪਰਕਾਸ਼ ਕੌਰ, ਨਿਰਮਲਾ ਪਰਾਸ਼ਰ, ਬਲਜੀਤ ਕੌਰ ਸੇਖੋਂ, ਇੰਦਰਜੀਤ ਕੌਰ ਗਿੱਲ ਅਤੇ ਸਾਥਣਾਂ ਨੇ ਕੀਤੀ। ਸਾਰੇ ਮੈਂਬਰਾਂ ਨੇ ਇਕੱਠੇ ਬੈਠ ਕੇ ਖਾਣੇ ਦਾ ਭਰਪੂਰ ਆਨੰਦ ਮਾਣਿਆ। ਭੋਜਨ ਵਰਤਾਉਣ ਦੀ ਸੇਵਾ ਮਹਿੰਦਰ ਕੌਰ,



ਪਰਕਾਸ਼ ਕੌਰ, ਬੇਅੰਤ ਕੌਰ, ਨਿਰਮਲਾ ਅਤੇ ਹੋਰਨਾਂ ਨੇ ਕੀਤੀ। ਸਭ ਨੇ ਜੀਅ ਭਰ ਕੇ ਖਾਣਾ ਖਾਣ ਤੋਂ ਬਾਦ ਗੱਲਾਂ ਬਾਤਾਂ ਕਰਦੇ ਹੋਏ ਕੁੱਝ ਸਮਾਂ ਬਤੀਤ ਕੀਤਾ।

ਸਮਾਂ ਹੋਣ ਕਰ ਕੇ ਇਸ ਤੋਂ ਬਾਦ ਮੈਂਬਰਾਂ ਦੀ ਇੱਛਾ ਮੁਤਾਬਕ ਇੰਨਫਿਲ ਬੀਚ ਵੱਲ ਚਾਲੇ ਪਾ ਦਿੱਤੇ ਤੇ ਸ਼ਾਮ ਦਾ ਸਮਾਂ ਝੀਲ ਤੇ ਖੂਬਸੂਰਤ ਬੀਚ ਤੇ ਗੁਜਾਰਿਆ।ਇਸ ਤਰ੍ਹਾਂ ਕਲੱਬ ਮੈਂਬਰਾਂ ਨੇ ਇਸ ਟੂਰ ਦਾ ਪੂਰਾ ਲੁਤਫ ਲਿਆ। ਕੁਝ ਸਮੇਂ ਬਾਦ ਸਾਰੇ ਮੈਂਬਰ ਬੱਸਾਂ ਵੱਲ ਹੋ ਤੁਰੇ। ਬੱਸਾਂ ਵਿੱਚ ਸਵਾਰ ਹੋ ਕੇ ਘਰਾਂ ਵੱਲ ਚਾਲੇ ਪਾ ਦਿੱਤੇ। ਰਾਸਤੇ ਵਿੱਚ ਟੂਰ ਬਾਰੇ ਗੱਲਾਂ ਕਰਦੇ ਹੋਏ ਖੁਸ਼ੀ ਖੁਸੀ ਵਾਪਸ ਪਰਤ ਆਏ। ਇਹ ਟੂਰ ਮੈਂਬਰਾਂ ਦੇ ਮਨ ਮਸਤਕ ਤੇ ਕਾਫੀ ਸਮਾਂ ਯਾਦ ਬਣ ਕੇ ਰਹੇਗਾ। ਕਲੱਬ ਸਬੰਧੀ ਕਿਸੇ ਵੀ ਕਿਸਮ ਦੀ ਜਾਣਕਾਰੀ ਲਈ ਗੁਰਨਾਮ ਸਿੰਘ ਗਿੱਲ ਪਰਧਾਨ 416-908-1300 ਜਾਂ ਅਮਰਜੀਤ ਸਿੰਘ ਜਨਰਲ ਸਕੱਤਰ 416-268-6821ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗਲਾਸਗੋ ਵਿਖੇ ਡੋਰਜ਼ ਓਪਨ ਡੇਅਜ਼ ਫੈਸਟੀਵਲ ਦੌਰਾਨ ਸੈਂਕੜੇ ਸੈਲਾਨੀ ਪਹੁੰਚੇ ਗੁਰਦੁਆਰਾ ਸਾਹਿਬ

*** ਸੇਵਾਦਾਰਾਂ ਵੱਲੋਂ ਸਿੱਖ ਇਤਿਹਾਸ ਬਾਰੇ ਦਿੱਤੀ ਗਈ ਜਾਣਕਾਰੀ * ਸੰਗਤਾਂ ਤੇ ਸੇਵਾਦਾਰਾਂ ਵੱਲੋਂ ਨਿਭਾਏ ਕਾਰਜ ਬੇਹੱਦ ਸ਼ਲਾਘਾਯੋਗ : ਗੁਰਦੀਪ ਸਿੰਘ ਸਮਰਾ**





ਗਲਾਸਗੋ, 19 ਸਤੰਬਰ (ਮਨਦੀਪ ਖੁਰਮੀ ਹਿੰਮਤਪੁਰਾ)- ਸਕਾਟਲੈਂਡ ਵਿਰਾਸਤੀ ਇਮਾਰਤਾਂ ਅਤੇ ਕੁਦਰਤੀ ਸੁਹੱਪਣ ਕਰਕੇ ਵਿਸ਼ਵ ਪ੍ਰਸਿੱਧ ਹੈ। ਇੱਥੋਂ ਦੀਆਂ ਦਰਸ਼ਨੀ ਇਮਾਰਤਾਂ ਹਰ ਕਿਸੇ ਦਾ ਮਨ ਮੋਹਦੀਆਂ ਹਨ। ਹਰ ਵਰ੍ਹੇ ਗਲਾਸਗੋ ਡੋਰਜ਼ ਓਪਨ ਡੇਅਜ਼ ਫੈਸਟੀਵਲ 12 ਤੋਂ 18 ਸਤੰਬਰ ਤੱਕ ਮਨਾਇਆ ਜਾਂਦਾ ਹੈ। ਇਹਨਾਂ ਛੇ ਦਿਨਾਂ ਵਿੱਚ 100 ਦੇ ਲਗਭਗ ਇਤਿਹਾਸਕ ਇਮਾਰਤਾਂ, ਥੀਏਟਰਜ਼, ਮਿਊਜ਼ੀਅਮ, ਫ਼ੈਕਟਰੀਆਂ, ਸਟੂਡੀਓਜ਼, ਸ਼ਰਾਬ ਦੇ ਕਾਰਖਾਨੇ ਅਤੇ ਹੋਰ ਬਹੁਤ ਸਾਰੀਆਂ ਇਮਾਰਤਾਂ ਆਮ ਲੋਕਾਂ ਦੇ ਦੇਖਣ ਲਈ ਖੁੱਲ੍ਹੀਆਂ ਰੱਖੀਆਂ ਜਾਂਦੀਆਂ ਹਨ। ਇਹਨਾਂ ਦਿਨਾਂ ਵਿੱਚ ਹੀ ਵੱਖ ਵੱਖ ਭਾਈਚਾਰਿਆਂ, ਖ਼ਿੱਤਿਆਂ, ਮੁਲਕਾਂ ਤੋਂ ਆਏ ਲੋਕ ਵੀ ਤੁਰ ਫਿਰ ਕੇ ਗਲਾਸਗੋ ਦੀ ਅਮੀਰ ਵਿਰਾਸਤ ਨੂੰ ਨੇੜਿਓ ਦੇਖਦੇ ਹਨ।

ਇਹਨਾਂ ਇਮਾਰਤਾਂ ਵਿੱਚ ਗਲਾਸਗੋ ਦੇ ਗੁਰਦੁਆਰਾ ਸਾਹਿਬਾਨ ਵੀ ਸ਼ਾਮਲ ਹੋ ਚੁੱਕੇ ਹਨ। ਜਿਸ ਤਹਿਤ ਸੈਂਕੜਿਆਂ ਦੀ ਤਾਦਾਦ ਵਿੱਚ ਸੈਲਾਨੀ ਗੁਰੂਘਰ ਪਹੁੰਚ ਕੇ ਜਾਣਕਾਰੀ ਹਾਸਲ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਸਾਹਿਬ ਵਿਖੇ ਵੀ ਵੱਖ ਵੱਖ ਦਿਨਾਂ ਵਿੱਚ ਵੱਡੀ ਗਿਣਤੀ ਵਿੱਚ ਸੈਲਾਨੀਆਂ ਨੇ ਪਹੁੰਚ ਕਰਕੇ ਸਿੱਖ ਧਰਮ, ਸਿੱਖ ਇਤਿਹਾਸ, ਲੰਗਰ ਪ੍ਰਥਾ ਸਮੇਤ ਹੋਰ ਵੀ ਅਨੇਕਾਂ ਪੱਖਾਂ ਬਾਰੇ ਜਾਣਕਾਰੀ ਹਾਸਲ ਕੀਤੀ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਸਮਰਾ ਨੇ ਸੇਵਾਵਾਂ ਨਿਭਾਉਣ ਵਾਲੇ ਸਮੂਹ ਸੇਵਾਦਾਰਾਂ, ਭੁਝੰਗੀ ਸਿੰਘ ਸਿੰਘਣੀਆਂ ਅਤੇ ਮਾਪਿਆਂ ਦਾ ਹਾਰਦਿਕ ਧੰਨਵਾਦ ਕੀਤਾ ਜਿਹਨਾਂ ਦੀ ਅਣਥੱਕ ਮਿਹਨਤ ਨਾਲ ਮਹਿਮਾਨ ਸੈਲਾਨੀਆਂ ਨੂੰ ਨਿਰੰਤਰ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਰਹੀ।

## ਕੈਸਲਮੋਰ ਸੀਨੀਅਰਜ਼ ਕਲੱਬ ਵੱਲੋਂ ਫੈਮਲੀ ਫਨ 2 ਅਕਤੂਬਰ ਨੂੰ

(ਬਰੈਂਪਟਨ/ਬਾਸੀ ਹਰਚੰਦ) ਗੁਰਮੇਲ ਸਿੰਘ ਸੱਗੂ ਨੇ ਦੱਸਿਆ ਕਿ ਕੈਸਲਮੋਰ ਸੀਨੀਅਰਜ਼ ਕਲੱਬ ਵੱਲੋਂ ਦੋ ਅਕਤੂਬਰ ਦਿਨ ਐਤਵਾਰ ਨੂੰ ਫੈਮਲੀ ਫਨ ਅਤੇ 2022 ਸਾਲ ਦੀ ਵਿਦਾਇਗੀ ਪਾਰਟੀ ਦਾ ਪਰੋਗਰਾਮ ਉਲੀਕਿਆ ਗਿਆ ਹੈ। ਇਹ ਰੰਗਾ ਰੰਗ ਪਰੋਗਰਾਮ ਗੋਰ ਮੀਡੋ ਕਮਿਊਨਿਟੀ ਸੈਂਟਰ ਵਿਖੇ ਠੀਕ 12-00 ਵਜੇ ਸ਼ੁਰੂ ਹੋ ਜਾਵੇਗਾ। ਇਸ ਪਰੋਗਰਾਮ ਵਿੱਚ ਦੋ ਸੌ ਦੇ ਕਰੀਬ ਕਲੱਬ ਮੈਂਬਰਾਂ ਲਈ ਪਰਬੰਧ ਕੀਤਾ ਗਿਆ ਹੈ। ਮੈਂਬਰਾਂ ਦੇ ਮਨੋਰੰਜਨ ਲਈ ਡੀ ਜੇ ,ਗੀਤ ਸੰਗੀਤ, ਸਿੰਗਰ, ਜਾਗੋ ਅਤੇ ਗਿੱਧੇ ਦਾ ਪਰਬੰਧ ਵੀ ਕੀਤਾ ਗਿਆ ਹੈ। ਖਾਣ ਪੀਣ ਦਾ ਵੀ ਵਧੀਆ ਪਰਬੰਧ ਹੋਵੇਗਾ। ਇਥੇ ਪਹੁੰਚਣ ਲਈ ਬੱਸ ਨੰਬਰ 50,50ਏ ਅਤੇ 35 ਨੰਬਰ ਦੀ ਸਰਵਿਸ ਹੈ। ਕੋਈ ਵੀ ਪੰਦਰਾਂ ਡਾਲਰ ਦੇ ਕੇ ਕਲੱਬ ਦੇ ਨਵੇਂ ਮੈਂਬਰ ਬਣ ਸਕਦੇ ਹਨ।

ਕਲੱਬ ਦੇ ਮੈਂਬਰਾਂ ਤੋਂ ਬਿਨਾਂ ਬਾਹਰ ਦੇ ਬੰਦਿਆਂ ਨੂੰ ਪ੍ਰੋਗਰਾਮ ਵਿੱਚ ਸ਼ਾਮਲ ਹੋਣਾ ਵਰਜਿਤ ਹੈ। ਹੋਰ ਜਾਣਕਾਰੀ ਲਈ ਗੁਰਮੇਲ ਸਿੰਘ ਸੱਗੂ ਪ੍ਰਧਾਨ 416-648-6706, ਕਸ਼ਮੀਰਾ ਸਿੰਘ ਦਿਓਲ 416-278-1422'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਤਰਕਸ਼ੀਲ ਸੁਸਾਇਟੀ ਕੈਨੇਡਾ ਵੱਲੋਂ ਸਲਾਨਾ ਵਾਕ ਐਂਡ ਰਨ ਦੋ ਅਕਤੂਬਰ ਨੂੰ ਬਰੈਂਪਟਨ ਵਿਚ

ਬਰੈਂਪਟਨ: (ਡਾ ਬਲਜਿੰਦਰ ਸਿੰਘ ਸੇਖੋਂ) ਤਰਕਸ਼ੀਲ ਸੋਸਾਇਟੀ ਕਨੇਡਾ ਦੀ ਓਨਟਾਰੀਓ ਇਕਾਈ ਵਲੋਂ ਬਰੈਂਪਟਨ ਦੇ ਚਿੰਗੁਜ਼ੀ ਪਾਰਕ, 9050 ਬਰੈਮਲੌ ਰੋਡ ਤੇ 2 ਅਕਤੂਬਰ 2022 ਨੂੰ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਅਤੇ ਭਾਅ ਜੀ ਗੁਰਸ਼ਰਨ ਸਿੰਘ ਦੇ ਸੰਸਾਰ ਯਾਤਰਾ ਪੂਰੀ ਕਰਨ ਦੇ ਦਿਵਸ ਨੂੰ ਸਮਰਪਿਤ ਵਾਕ ਐਂਡ ਰਨ (ਤੁਰੋ ਅਤੇ ਭੱਜੋ) ਕਰਵਾਇਆ ਜਾ ਰਿਹਾ ਹੈ। ਇਹ ਸਵੇਰੇ 9 ਵਜੇ ਸ਼ੁਰੂ ਹੋਵੇਗਾ ਅਤੇ ਰਿਜ਼ਸਟਰੇਸ਼ਨ 8 ਵਜੇ ਸ਼ੁਰੂ ਹੋ ਜਾਵੇਗੀ, ਜਿਸ ਲਈ 15 ਡਾਲਰ ਪ੍ਰਤੀ ਵਿਅੱਕਤੀ ਫੀਸ ਰੱਖੀ ਗਈ ਹੈ। ਪ੍ਰਤੀਯੋਗੀ 5 ਕਿਲੋਮੀਟਰ ਜਾਂ 10 ਕਿਲੋਮੀਟਰ ਤੁਰ ਜਾਂ ਭੱਜ ਸਕਣਗੇ। ਇਸ ਵਿਚ ਹਿੱਸਾ ਲੈਣ ਵਾਲੇ ਪ੍ਰਤੀਯੋਗੀਆਂ, ਖਾਸ ਕਰ ਬੱਚਿਆਂ ਨੂੰ ਤਰਕਸ਼ੀਲ ਸਹਿਤ ਅਤੇ ਹੋਰ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਜਾਵੇਗਾ। ਇਸ ਸਮੇਂ ਸੁਸਾਇਟੀ ਵਲੋਂ ਖਾਣ ਪੀਣ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

ਸ਼ਹੀਦ ਭਗਤ ਸਿੰਘ ਅਤੇ ਭਾਅ ਜੀ ਗੁਰਸ਼ਰਨ ਸਿੰਘ ਸਾਰੇ ਅਗਾਂਹਵਧੂ ਲੋਕਾਂ, ਖਾਸ ਕਰ ਪੰਜਾਬੀਆਂ ਲਈ ਚਾਨਣਮੁਨਾਰਾ ਹਨ। ਇਹ ਪ੍ਰੋਗਰਾਮ ਇਸ ਸਮੇਂ ਸ਼ਾਮਿਲ ਸਾਰੇ ਸਹਿਯੋਗੀਆਂ, ਪ੍ਰਤੀਯੋਗੀਆਂ ਨੂੰ ਉਸ ਦਿਨ ਇਨ੍ਹਾਂ ਮਹਾਨ ਸ਼ਖਸ਼ੀਅਤਾਂ ਨੂੰ ਯਾਦ ਕਰਨ ਦਾ ਮੌਕਾ ਦੇਵੇਗਾ। ਜਿਥੇ ਤਰਕਸ਼ੀਲ ਸੁਸਾਇਟੀ ਪੰਜਾਬੀਆਂ ਨੂੰ ਵਹਿਮਾਂ ਭਰਮਾ, ਠੱਗ ਬਾਬਿਆਂ, ਤਵੀਤਾਂ, ਮੜੀਆਂ ਮਸਾਣੀਆਂ, ਭੁਲੇਖਾ ਪਾਉ ਲੁਟੇਰੇ ਪੰਡਤਾਂ 'ਤੇ ਕਰਾਮਾਤੀ ਚਮਕੀਲੇ ਪੱਥਰਾਂ ਦੇ ਤੰਦੂਏ ਜਾਲ ਵਿਚੋਂ ਕੱਢ ਕੇ, ਤਰਕਸ਼ੀਲ ਬਣਾਉਣ ਦੇ ਯਤਨ ਵਿਚ ਪ੍ਰੋਗਰਾਮ ਕਰਵਾਉਂਦੀ ਰਹਿੰਦੀ ਹੈ, ਉਥੇ ਇਹ ਵਾਕ ਐਂਡ ਰਨ, 'ਸਭ ਤੋਂ ਵੱਧ ਤੰਦਰੂਸਤੀ ਜਰੂਰੀ ਹੈ', ਨੂੰ ਮੰਨਦਿਆਂ ਕਰਵਾ ਰਹੀ ਹੈ। ਜੇਕਰ ਸਰੀਰ ਤੰਦਰੁਸਤ ਨਹੀਂ ਤਾਂ ਇਸ ਦਾ ਮਨੁੱਖ ਦੇ ਦਿਲ ਦਿਮਾਗ ਤੇ ਵੀ ਭੈੜਾ ਅਸਰ ਪੈਂਦਾ ਹੈ ਅਤੇ ਕਈ ਵਾਰ ਅਲਾਮਤਾਂ ਵੱਧ ਕੇ ਵੱਡੇ ਰੋਗਾਂ ਦਾ ਰੂਪ ਧਾਰਨ ਕਰ ਲੈਂਦਆਂ ਹਨ, ਇਨ੍ਹਾਂ ਹਾਲਤਾਂ ਵਿਚ ਬਹੁਤ ਲੋਕ ਵਹਿਮਾਂ ਭਰਮਾਂ ਵਿੱਚ ਫੱਸ ਜਾਂਦੇ ਹਨ। ਇਸ ਲਈ ਸੋਸਾਇਟੀ ਸਿਹਤਮੰਦ ਆਦਤਾਂ ਦਾ ਪਸਾਰ ਕਰਨ ਦੇ ਉਦਮ ਵੱਜੋਂ ਇਹ ਨਿੱਕਾ ਜਿਹਾ ਯਤਨ ਕਰ ਰਹੀ ਹੈ। ਸੁਸਾਇਟੀ ਬਾਰੇ ਜਾਂ ਇਸ ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ, ਬਲਦੇਵ ਰਹਿਪਾ (416 881 7202), ਅਮਨਦੀਪ ਮੰਡੇਰ (647 782 8334) ਜਾਂ ਬਲਰਾਜ ਸ਼ੌਕਰ (647 679 4398) ਨਾਲ ਸੰਪਰਕ ਕੀਤਾ ਜਾ ਸਕਦਾ ਹੈ।








# ਮਹਾਪੁਰਸ਼ ਭਾਈ ਲਾਲੋ ਜੀ ਮਹਾਰਾਜ ਜੀ ਦੇ ਜੀਵਨ ਤੇ ਇਕ ਝਾਤ


ਗਿਆਨ ਸਿੰਘ ਬਮਰਾਹ, ਵੱਲਾ,
9464283050, 83317292.

ਮਹਾਪੁਰਸ਼ ਭਾਈ ਲਾਲੋ ਜੀ ਮਹਾਰਾਜ ਜੀ ਦੇ ਜੀਵਨ ਤੇ ਵਿਚਾਰ ਕਰਦਿਆਂ ਇਹ ਗੱਲ ਸਪਸ਼ਟ ਤੌਰ ਤੇ ਸਾਹਮਣੇ ਆਉਂਦੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਮਨੁਖਤਾ ਨੂੰ ਇਸ ਸੰਸਾਰ ਤੇ ਆਉਣ ਤੇ ਜਿੰਦਗੀ ਜਿਉਣ ਦਾ ਜੋ ਸੰਦੇਸ਼ ਦੇਣਾ ਚਾਹੁੰਦੇ ਸਨ ਜਿਵੇਂ ਕਿ ਵਾਹਿਗੁਰੂ ਦਾ ਨਾਮ ਜਪਣਾ, ਸੱਚੀ-ਸੁੱਚੀ ਕਿਰਤ ਕਮਾਈ ਕਰਨੀ ਅਤੇ ਵੰਡ ਛੱਕਣਾ ਆਦਿ, ਇਸ ਬਾਰੇ ਉਹ ਸਭ ਤੋਂ ਪਹਿਲਾਂ ਇਸਦੀ ਵਿਚਾਰ ਕਿਸੇ ਐਸੇ ਵਿਅਕਤੀ ਨਾਲ ਕਰਨੀ ਚਾਹੁੰਦੇ ਸਨ ਜੋ ਪਹਿਲਾਂ ਹੀ ਇਸਤਰਾਂ ਦਾ ਜੀਵਨ ਜਿਉ ਰਿਹਾ ਹੋਵੇ। ਜੋ ਰੱਬ ਦੀ ਯਾਦ ਵਿਚ ਜੁੜਿਆ ਹੋਇਆ, ਦਸਾਂ ਨੌਹਾਂ ਦੀ ਕਿਰਤ ਕਰਨ ਵਾਲਾ ਅਤੇ ਦੁਖੀਆਂ ਦੀ ਸੇਵਾ ਕਰਨ ਵਾਲਾ ਹੋਵੇ, ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਅੰਤਰਧਿਆਨ ਹੋਏ ਤਾਂ ਉਹਨਾਂ ਨੇ ਭਾਈ ਲਾਲੋ ਜੀ ਨੂੰ ਆਪਣੇ ਵਿਚਾਰਾਂ ਮੁਤਾਬਕ ਪਾਇਆ ਤਾਂ ਉਹਨਾਂ ਨੇ ਇਸ ਨੇਕ ਕਮਾਈ ਕਰਨ ਵਾਲੇ ਇਨਸਾਨ ਨੂੰ ਮਿਲ ਕੇ ਆਪਣੇ ਫਲਸਫੇ ਤੋਂ ਜਾਣੂ ਕਰਾਇਆ ਅਤੇ ਇਸਦਾ ਪ੍ਰਚਾਰ ਸਾਰੇ ਸੰਸਾਰ ਨੂੰ ਕਰਨ ਦਾ ਵਿਚਾਰ ਵੀ ਦੱਸਿਆ ਤਾ ਕਿ ਬਾਕੀ ਸੰਸਾਰ ਨੂੰ ਭਰਮ-ਭੁਲੇਖੇ, ਝੂਠ ਤੇ ਜੋਰ ਜੁਲਮ ਦੀ ਦੁਨੀਆਂ ਤੋਂ ਮੋੜ ਕੇ ਵਾਹਿਗੁਰੂ ਦੀ ਯਾਦ, ਸੱਚ, ਪਿਆਰ ਤੇਨੇਕ ਕਮਾਈ ਵੱਲ ਲਾਇਆ ਜਾਵੇ। ਸੋ ਆਪਣੇ ਇਸ ਮਿਸ਼ਨ ਦੀ ਸ਼ੁਰੂਆਤ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਭ ਤੋਂ ਪਹਿਲਾਂ ਭਾਈ ਲਾਲੋ ਜੀ ਪਾਸ ਗਏ ਸਨ। ਭਾਈ ਲਾਲੋ ਜੀ ਗੁਰੂ ਜੀ ਤੋਂ ਉਮਰ ਵਿਚ ਤਕਰੀਬਨ 17 ਕੁ ਸਾਲ ਵੱਡੇ ਸਨ।ਇਤਿਹਾਸ ਮੁਤਾਬਕ ਭਾਈ ਲਾਲੋ ਜੀ ਦਾ ਜਨਮ ਮੰਗਲਵਾਰ 11 ਅੱਸੂ, ਸੰਮਤ 1509, ਈਸਵੀ ਸੰਨ 1452 ਨੂੰ ਜਿਲ੍ਹਾ ਗੁਜਰਾਂਵਾਲਾ (ਪਾਕਿਸਤਾਨ), ਏਮਨਾਬਾਦ (ਜਿਸਨੂੰ ਉਸ ਵੇਲੇ ਸੈਦਪੁਰ ਆਖਦੇ ਸਨ) ਵਿਖੇ ਮਾਤਾ ਬੀਬੀ ਖੇਮੋਂ ਦੀ ਕੁੱਖੋਂ ਪਿਤਾ ਭਾਈ ਜਗਤ ਰਾਮ ਘਟਾਉੜੇ ਦੇ ਘਰ ਹੋਇਆ। ਆਪਜੀ ਸ਼ੁਰੂ ਤੋਂ ਹੀ ਸਾਧੂ ਸੁਭਾ ਤੇ ਰਹਿਮ ਦਿਲ ਵਾਲੇ ਸਨ । ਹਰ ਇਕ ਦੇ ਕੰਮ ਆਉਣ ਵਾਲੇ ਤੇ ਪਰਮਾਤਮਾਂ ਨੂੰ ਹਰ ਵੇਲੇ ਯਾਦ ਰਖਦੇ ਸਨ। ਆਪਜੀ ਲਕੜੀ ਦੇ ਕੰਮ ਦੇ ਮਾਹਿਰ ਸਨ ਅਤੇ ਮੰਨੇ-ਪ੍ਰਮੰਨੇ ਹਕੀਮ ਵੀ ਸਨ ।ਆਪਣੇ ਲਕੜੀ ਦੇ ਕੰਮ ਤੋਂ ਜੋ ਕਮਾਈ ਹੁੰਦੀ ਸੀ ਉਸ ਨਾਲ ਲੋਕਾਂ ਦਾ ਦਵਾ-ਦਾਰੂ ਮੁਫਤ ਕਰਦੇ ਸਨ। ਇਸਤਰਾਂ ਮਨੁਖਤਾ ਦੀ ਸੇਵਾ ਕਰਨਾ ਆਪਦਾ ਨਿਯਮ ਬਣਿਆ ਹੋਇਆ ਸੀ।ਇਸਦੇ ਨਾਲ ਹੀ ਆਪਣੇ ਘਰ ਦੇ ਵਿਹੜੇ ਵਿਚ ਇਕ ਖੂਹੀ ਵੀ ਬਨਵਾਈ ਹੋਈ ਸੀ ਜਿਸਦੇ ਠੰਡੇ ਮਿਠੇ ਜਲ ਨਾਲ ਹਰ ਆਏ ਗਏ ਦੀ ਪਿਆਸ ਵੀ ਬੁਝਾਂਦੇ ਸਨ।ਕਹਿੰਦੇ ਹਨ ਕਿ ਅਜ ਵੀ ਇਸ ਖੂਹੀ ਦਾ ਜਲ ਇਕ ਅਕਸੀਰ ਦੀ ਤਰਾਂ ਹੈ ਜੋ ਵੀ ਰੋਗੀ ਇਸਦੇ ਜਲ ਨੂੰ ਛਕਦਾ ਹੈ ਜਾਂ ਇਸ ਨਾਲ ਅਸ਼ਨਾਨ ਕਰਦਾ ਹੈ ਉਸਦੇ ਕਈ ਰੋਗ ਕੱਟੇ ਜਾਂਦੇ ਹਨ। ਇਸਤਰਾਂ ਆਪਜੀ ਆਪਣੇ ਇਲਾਕੇ ਵਿਚ ਬਹੁਤ ਹਰਮਨ ਪਿਆਰੇ ਸਨ ਅਤੇ ਹਰ ਕੋਈ ਆਪਜੀ ਦੀ ਉਸਤਤ ਕਰਦਾ ਸੀ। ਤਈਏ ਤਾਪ (ਜਿਸਨੂੰ ਅਜਕਲ ਅਸੀਂ ਟਾਈਫਾਈਡ ਬੁਖਾਰ ਕਹਿੰਦੇ ਹਾਂ) ਦੀ ਦੁਆਈ ਲਈ ਆਪਜੀ ਇਨ੍ਹੇ ਮਸ਼ਹੂਰ ਸਨ ਕਿ ਕਹਿੰਦੇ ਹਨ ਕਿ ਤਈਆ ਤਾਪ ਆਪਜੀ ਦਾ ਨਾਮ ਸੁਣ ਕੇ ਹੀ ਭੱਜ ਜਾਂਦਾ ਸੀ।ਇਸ ਕਾਰਨ ਉਹਨਾਂ ਦੇ ਨਾਮ ਦਾ ਚਰਚਾ ਆਲੇ ਦੁਆਲੇ ਦੇ ਇਲਾਕਿਆਂ ਵਿਚ ਫੈਲਿਆ ਹੋਇਆ ਸੀ। ਇਹ ਵੀ ਇਕ ਕਾਰਨ ਸੀ ਕਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਉਹਨਾਂ ਦੀ ਸੋਭਾ ਸੁਣਕੇ ਉਹਨਾਂ ਨੂੰ ਮਿਲਣਾ ਚਾਹੁੰਦੇ ਸਨ ਅਤੇ ਆਪਣੇ ਮਿਸ਼ਨ ਦੀ ਸ਼ੁਰੂਆਤ ਐਸੇ ਨੇਕ ਇਨਸਾਨ ਤੋਂ ਹੀ ਕਰਨਾ ਠੀਕ ਸਮਝਦੇ ਸਨ।

ਜਦੋਂ 1507 ਈਸਵੀ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇ ਜੀ ਮਹਾਰਾਜ ਸੁਲਤਾਨ-ਪੁਰ ਲੋਧੀ ਤੋਂ ਭਾਈ ਮਰਦਾਨਾਂ ਜੀ ਨੂੰ ਨਾਲ ਲੈਕੇ ਸੈਦਪੁਰ (ਏਮਨਾਬਾਦ) ਭਾਈ ਲਾਲੋ ਜੀ ਪਾਸ ਪਹੁੰਚੇ ਤਾਂ ਉਹਨਾਂ ਭਾਈ ਜੀ ਪਾਸ 22 ਦਿਨ ਨਿਵਾਸ ਕੀਤਾ। ਭਾਈ ਲਾਲੋ ਜੀ ਨੇ ਗੁਰੂ ਜੀ ਦੇ ਅਰਾਮ ਲਈ ਨਵੀਂ ਮੰਜੀ ਤਿਆਰ ਕੀਤੀ ਅਤੇ ਗੁਰੂ ਜੀ ਨੇ ਇਸ ਮੰਜੀ ਤੇ ਵਿਸ਼ਰਾਮ ਕੀਤਾ। ਇਹ ਆਪਣੇ ਜਗਤ ਗੁਰੂ ਦੇ ਪਿਆਰ ਤੇ ਸਤਿਕਾਰ ਦੀ ਅਜਿਹੀ ਅਨੋਖੀ ਦਾਸਤਾਂਨ ਹੈ ਜਿਸਦੀ ਮਿਸਾਲ ਦੁਨੀਆਂ ਵਿੱਚ ਹੋਰ ਕਿਤੇ ਨਹੀਂ ਮਿਲਦੀ।ਦਸਦੇ ਹਨ ਕਿ ਇਹ ਇਤਿਹਾਸਕ ਅਤੇ ਪਵਿਤੱਰ ਮੰਜੀ ਅੱਜ ਵੀ ਪਟਿਆਲੇ ਸ਼ਹਿਰ ਦੇ ਬਹਾਦੁਰ ਗੜ੍ਹ ਵਾਲੇ ਪਾਸੇ ਪਿੰਡ ਸ਼ਮਸਪੁਰ ਵਿਚ ਮੌਜੂਦ ਹੈ ਅਤੇ ਇਸਦੇ ਦਰਸ਼ਨ ਕੀਤੇ ਜਾ ਸਕਦੇ ਹਨ। ਪ੍ਰਸਿੱਧ ਇਤਿਹਾਸਕਾਰ ਬੀਬੀ ਡਾ. ਅਮਰਜੀਤ ਕੌਰ ਬਮਰਾ, ਸੁਰਸਿੰਘ ਵਾਲਿਆਂ ਨੇ ਇਸ ਮੰਜੀ ਦੇ ਦਰਸ਼ਨ ਆਪ ਉੱਥੇ ਜਾ ਕੇ ਕੀਤੇ ਹਨ, ਜਿਸਦਾ ਜਿਕਰ ਉਹਨਾਂ ਨੇ ਆਪਣੀ ਕਿਤਾਬ 'ਤਵਾਰੀਖ ਰਾਮਗੜੀਆਂ' ਦੇ ਪੰਨਾ 17 ਤੇ ਕੀਤਾ ਹੈ ।ਗਿਆਨੀ ਤਰਲੋਕ ਸਿੰਘ ਜੀ ਦੀ ਕਿਤਾਬ 'ਭਾਈ ਲਾਲੋ ਜੀ' ਅਨੁਸਾਰ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਏਮਨਾਬਾਦ ਵਿਚ 22 ਦਿਨ ਭਾਈ ਲਾਲੋ ਦੇ ਘਰ ਨਿਵਾਸ ਦੁਰਾਨ ਹੀ ਉਥੋਂ ਦੇ ਹਾਕਮ ਜਾਲਮ ਖਾਨ ਦਾ ਮਲਿਕ ਭਾਗੋ ਨਾਂ ਦਾ ਅਹਿਲਕਾਰ ਸੀ ਜੋ ਕਿ ਹਕੂਮਤ ਦੇ ਨਸ਼ੇ ਵਿਚ ਬਹੁਤ ਜੁਲਮ ਤੇ ਜਬਰ ਕਰਕੇ ਧੰਨ ਦੌਲਤ ਇਕੱਠੀ ਕਰਦਾ ਸੀ ਤੇ ਉਸਦਾ ਲੜਕਾ ਜਗਜੀਵਨ ਮਲਿਕ ਆਪਣੇ ਪਿਉ ਤੋਂ ਵੀ ਚਾਰ ਕਦਮ ਅੱਗੇ ਸੀ ।ਇਹ ਪੂਰਾ ਅਯਾਸ਼ ਸੀ ਤੇ ਪਿੰਡ ਦੀ ਕਿਸੇ ਧੀ ਭੈਣ ਨੂੰ ਨਹੀਂ ਸੀ ਬਖਸ਼ਦਾ।ਉਥੋਂ ਦੇ ਰਹਿਣ ਵਾਲੇ ਗਰੀਬ ਖੁਸ਼ਾਲੇ ਦੀ ਧੀ ਹੁਕਮੀ ਭਰ ਜਵਾਨ ਤੇ ਬਹੁਤ ਸੁੰਦਰ ਸੀ, ਮਲਿਕ ਦਾ ਮੁੰਡਾ ਉਸਨੂੰ ਜਬਰਦਸਤੀ ਚੁੱਕ ਕੇ ਆਪਣੀ ਹਵੇਲੀ ਵਿੱਚ ਲੈ ਗਿਆ ਤੇ ਉਸ ਨਾਲ ਬਦਫੈਲੀ ਕਰਨੀ ਚਾਹੀ ਪਰ ਉਹ ਉਸਦੇ ਚੁੰਗਲ ਵਿੱਚੋਂ ਬਚਕੇ ਹਵੇਲੀ ਦੀ ਦੀਵਾਰ ਤੋਂ ਬਾਹਰ ਛਾਲ ਮਾਰ ਕੇ ਮਰ ਗਈ । ਸਾਰੇ ਇਲਾਕੇ ਵਿਚ ਰੌਲਾ ਪੈ ਗਿਆ ਕਿ ਮਲਿਕ ਦੀ ਹਵੇਲੀ ਤੋਂ ਹੁਕਮੀ ਨਾਂ ਦੀ ਮੁਟਿਆਰ ਡਿੱਗ ਕੇ ਮਰ ਗਈ, ਉਸਦੇ ਮਾਪੇ ਰੋ ਰੋ ਕੇ ਸ਼ੁਦਾਈ ਹੋ ਗਏ।ਉਹਨਾਂ ਦਾ ਧੀ ਦੇ ਵੈਰਾਗ ਵਿਚ ਦਿਮਾਗੀ ਸੰਤੁਲਨ ਵਿਗੜ ਗਿਆ ਤੇ ਉਸਦਾ ਪਿਤਾ ਹਰ ਮਿਲਣ ਵਾਲੇ ਨੂੰ ਕਹਿਣ ਲਗ ਪਿਆ ਕਿ ਮਲਿਕ ਦੇ ਮਹਿਲਾਂ ਵਿਚ ਭੂਤ ਤੇ ਚੁੜੇਲਾਂ ਵਸਦੀਆਂ ਹਨ, ਏਥੇ ਲੋਕਾਂ ਨੂੰ ਮਾਰਕੇ ਉਹਨਾਂ ਦਾ ਖੂਨ ਪੀਤਾ ਤੇ ਹੱਡੀਆਂ ਚੱਬੀਆਂ ਜਾਂਦੀਆਂ ਹਨ, ਲੋਕੋ ਇਸ ਹਵੇਲੀ ਤੋਂ ਬਚ ਕੇ ਰਹੋ।ਹੁਕਮੀ ਦੀ ਮਾਂ ਵੀ ਉਸਨੂੰ ਬਦ-ਅਸੀਸਾਂ ਦੇ ਰਹੀ ਸੀ ਤੇ ਕਹਿ ਰਹੀ ਸੀ ਕਿ ਮੇਰੀ ਧੀ ਨੂੰ ਮਾਰਨ ਵਾਲਿਆ ਤੈਨੂੰ ਮਿਰਗੀ ਪਵੇ ਤੇ ਤੂੰ ਤੜਫ ਤੜਫ ਕੇ ਮਰੇਂ।ਰੱਬ ਦਾ ਭਾਣਾ ਐਸਾ ਹੋਇਆ ਕਿ ਉਸਦੀ ਫਰਿਆਦ ਸੁਣੀ ਗਈ ਤੇ ਮਲਿਕ ਦੇ ਮੁੰਡੇ ਨੂੰ ਦੰਦਨਾਂ ਪੈਣੀਆਂ ਸ਼ੁਰੂ ਹੋ ਗਈਆਂ।ਇਲਾਕੇ ਦੇ







ਨਾਮੀ ਗਰਾਮੀ ਵੈਦ ਹਕੀਮ ਸੱਦੇ ਗਏ ਪਰ ਸੱਭ ਵਿਅਰਥ । ਫਿਰ ਉਥੋਂ ਦੇ ਪੰਡਤਾਂ ਤੇ ਜੋਤਸ਼ੀਆਂ ਨੂੰ ਸੱਦਿਆ ਗਿਆ, ਪੰਡਤਾਂ ਤੇ ਜੋਤਸ਼ੀਆਂ ਨੇ ਆਪਣੇ ਹਿਸਾਬ ਲਾਕੇ ਦੱਸਿਆ ਕਿ ਕਾਕੇ ਕੋਲੋਂ ਕੋਈ ਬਹੁਤ ਵੱਡਾ ਪਾਪ ਹੋ ਗਿਆ ਹੈ, ਇਸ ਲਈ ਭਾਰੀ ਕਸ਼ਟ ਹੈ। ਇਸ ਕਸ਼ਟ ਦੇ ਨਿਵਾਰਨ ਲਈ ਇਕ ਬਹੁਤ ਵੱਡਾ ਬੱਰਮ ਭੋਜ ਕੀਤਾ ਜਾਣਾ ਚਾਹੀਦਾ ਹੈ।ਬਰ੍ਹੱਮ ਭੋਜ ਲਈ ਇਲਾਕੇ ਦੇ ਸਾਰੇ ਲੋਕਾਂ, ਸਾਧੂ, ਸੰਤਾਂ, ਫਕੀਰਾਂ ਨੂੰ ਸੱਦਾ ਦਿੱਤਾ ਜਾਵੇ। ਇਸ ਤਰਾਂ ਗੁਰੂ ਨਾਨਕ ਦੇਵ ਜੀ ਨੂੰ ਵੀ ਸਦਿਆ ਗਿਆ ਪਰ ਗੁਰੂ ਜੀ ਨੇ ਭੋਜ ਖਾਣ ਤੋਂ ਇਨਕਾਰ ਕਰ ਦਿੱਤਾ । ਗੁਰੂ ਜੀ ਤਾਂ ਦਸਾਂ ਨੌਹਾਂ ਦੀ ਸੱਚੀ ਸੁੱਚੀ ਕਿਰਤ ਕਮਾਈ ਦੀ ਰੋਟੀ ਖਾਣ ਦੀ ਸ਼ਿਖਸ਼ਾ ਦੇਂਦੇ ਸਨ ਤਾ ਕਿ ਕੋਈ ਕਿਸੇ ਦਾ ਹੱਕ ਮਾਰਕੇ ਨਾ ਖਾਵੇ। ਉਹ ਭਲਾ ਇਸ ਬਰ੍ਹੱਮ ਭੋਜ ਨੂੰ ਕਿਵੇਂ ਸਵੀਕਾਰ ਕਰ ਸਕਦੇ ਸਨ।ਗੁਰੂ ਜੀ ਦੇ ਇਨਕਾਰ ਕਰਨ ਤੇ ਮਲਿਕ ਦੇ ਆਦਮੀ ਉਹਨਾਂ ਨੂੰ ਜਬਰੀ ਆਪਣੇ ਨਾਲ ਲੈਕੇ ਗਏ ਤਾਂ ਮਲਿਕ ਨੇ ਇਨਕਾਰ ਦਾ ਕਾਰਨ ਜਾਨਣਾ ਚਾਹਿਆ ਤਾਂ ਗੁਰੂ ਜੀ ਨੇ ਉਸਨੂੰ ਦੱਸਿਆ ਕਿ ਉਸਦੀ ਸਾਰੀ ਧੰਨ ਦੌਲਤ ਗਰੀਬਾਂ ਤੇ ਮਜਲੂਮਾਂ ਦਾ ਖੂਨ ਚੂਸ-ਚੂਸ ਕੇ ਇਕੱਠੀ ਕੀਤੀ ਗਈ ਹੈ ਤੇ ਅਸੀਂ ਅਜਿਹੀ ਕਮਾਈ ਦਾ ਭੋਜ ਨਹੀਂ ਖਾਂਦੇ।ਇਹ ਸੁਣਕੇ ਮਲਿਕ ਭਾਗੋ ਬਹੁਤ ਗੁੱਸੇ ਵਿਚ ਆਇਆ ਤੇ ਕਹਿਣ ਲੱਗਾ ਕਿ ਇਹ ਕਿਵੇਂ ਹੋ ਸਕਦਾ ਹੈ, ਮੈ ਨਹੀਂ ਮੰਨਦਾ । ਤਾਂ ਗੁਰੂ ਜੀ ਨੇ ਉਸਦੇ ਬੱਰ੍ਹਮ ਭੋਜ ਦੇ ਖਾਣੇ ਇਕ ਹੱਥ ਵਿੱਚ ਫੜ੍ਹ ਕੇ ਦੂਸਰੇ ਹੱਥ ਵਿੱਚ ਭਾਈ ਲਾਲੋ ਦੇ ਘਰ ਦੀ ਕੋਧਰੇ ਦੀ ਰੋਟੀ ਮੰਗਵਾ ਕੇ ਫੜ੍ਹਕੇ ਨਿਚੋੜਿਆ ਤਾਂ ਮਲਿਕ ਭਾਗੋ ਦੇ ਖਾਣੇ ਵਿਚੋਂ ਖੂੰਨ ਤੇ ਭਾਈ ਲਾਲੋ ਦੀ ਰੋਟੀ ਵਿਚੋਂ ਦੁੱਧ ਦੀ ਧਾਰਾ ਬਹਿ ਤੁਰੀ।ਇਹ ਦੇਖ ਕੇ ਸਾਰੇ ਹੈਰਾਨ ਰਹਿ ਗਏ ਤੇ ਮਲਿਕ ਭਾਗੋ ਦੀਆਂ ਅੱਖਾਂ ਖੁਲ ਗਈਆਂ, ਹੰਕਾਰ ਦਾ ਪਰਦਾ ਉਤਰ ਗਇਆ ਤੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਤੇ ਕਹਿਣ ਲੱਗਾ ਕਿ ਕਿਰਪਾ ਕਰਕੇ ਉਸਦੇ ਪੁਤਰ ਦੇ ਕਸ਼ਟ ਦੂਰ ਕਰਨ ਦਾ ਉਪਾਉ ਦੱਸੋ ਤਾਂ ਗੁਰੂ ਜੀ ਨੇ ਕਿਹਾ ਕਿ ਸਾਰੀ ਪਾਪ ਦੀ ਕਮਾਈ ਗਰੀਬਾਂ ਨੂੰ ਵਾਪਿਸ ਕਰਕੇ ਤੇ ਕਹੋ 'ਸਤਿਕਰਤਾਰ'।ਸਾਰੇ ਮਾੜੇ ਕਰਮ ਬੰਦ ਕਰੋ ਤੇ ਵਾਹਿਗੁਰੂ ਦਾ ਜਾਪ ਕਰੋ। ਹੁਣ ਸਤਿਕਰਤਾਰ ਕਹਿਕੇ ਭਾਈ ਲਾਲੋ ਦੇ ਘਰ ਦੀ ਕੋਧਰੇ ਦੀ ਰੋਟੀ ਦਾ ਟੁਕੜਾ ਆਪਣੇ ਲੜਕੇ ਦੇ ਮੂੰਹ ਵਿਚ ਪਾਉ, ਇਸਤਰਾਂ ਉਹ ਹੁਣ ਠਕਿ ਹੋਣਾ ਸ਼ੁਰੂ ਹੋ ਗਿਆ ਅਤੇ ਅੱਗੋਂ ਲਈ ਮਾੜੇ ਕਰਮਾਂ ਤੋਂ ਤੋਬਾ ਕੀਤੀ ।ਗੁਰੂ ਜੀ ਨੇ ਮਲਿਕ ਭਾਗੋ ਜਹੇ ਹਰ ਇਨਸਾਨ ਨੂੰ ਨੇਕੀ ਤੇ ਬਦੀ ਦੀ ਕਮਾਈ ਦਾ ਫਰਕ ਸਮਝਾਇਆ ਅਤੇ ਭਾਈ ਲਾਲੋ ਦੀ ਕਮਾਈ ਦੀ ਪ੍ਰਸ਼ੰਸਾ ਕੀਤੀ।ਇਸਤਰਾਂ ਇਹ ਮਾਣ ਭਾਈ ਲਾਲੋ ਜੀ ਦੀ ਨੇਕ ਕਮਾਈ ਨੂੰ ਹੀ ਪ੍ਰਾਪਤ ਹੋਇਆ ।

ਭਾਈ ਲਾਲੋ ਜੀ ਦੀ ਇਕਲੌਤੀ ਪੁੱਤਰੀ ਬੀਬੀ ਰੱਜੋ ਸੀ ਜਿਸਦਾ ਵਿਆਹ ਗੁਰੂ ਨਾਨਕ ਦੇਵ ਜੀ ਦੀ ਦੂਸਰੀ ਉਦਾਸੀ 1517 ਈਸਵੀ ਸਮੇਂ, ਜਦੋਂ ਗੁਰੂ ਜੀ ਭਾਈ ਲਾਲੋ ਜੀ ਪਾਸ ਆਏ ਸਨ, ਹੋਇਆ ਦੱਸਿਆ ਜਾਂਦਾ ਹੈ।ਇਹ ਵਿਵਾਹ ਗੁਰੂ ਨਾਨਕ ਦੇਵ ਜੀ ਨੇ ਆਪ ਬਾਣੀ ਉਚਾਰਣ ਕਰਕੇ ਕੀਤਾ ਜੋ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾਂ 351 ਰਾਗ ਆਸਾ ਮਹਲਾ 1 ਵੱਜੋਂ ਦਰਜ ਹੈ ਤੇ ਇਸਤਰਾਂ ਭਾਈ ਲਾਲੋ ਜੀ ਦੇ ਘਰੋਂ ਹੀ ਗੁਰਮਤਿ ਅਨੁਸਾਰ ਵਿਆਹ ਕਰਨ ਦੀ ਰੀਤ ਦੀ ਸ਼ੁਰੂਆਤ ਕੀਤੀ ਗਈ।ਇਹ ਵੀ ਕਿੱਡੀ ਮਾਣ ਤੇ ਸਤਿਕਾਰ ਵਾਲੀ ਗੱਲ ਹੈ।ਗੁਰੂ ਜੀ ਆਪਣੀ ਉਦਾਸੀ ਜਾਂ ਪ੍ਰਚਾਰ ਯਾਤਰਾ ਸ਼ੁਰੂ ਕਰਨ ਤੋ ਪਹਿਲਾਂ ਤੀਸਰੀ ਵਾਰ ਫਿਰ ਭਾਈ ਲਾਲੋ ਜੀ ਪਾਸ ਆਏ ਸਨ । ਇਸ ਦੁਰਾਨ ਬਾਬਰ ਨੇ ਭਾਰਤ ਤੇ ਹਮਲਾ ਕਰਕੇ ਬਹੁਤ ਤਬਾਹੀ ਮਚਾਈ , ਜੁਲਮ ਤੇ ਜਬਰ ਦੀ ਹਨੇਰੀ ਵਗਾਈ । ਇਹ ਮੰਜਰ ਗੁਰੂ ਜੀ ਨੇ ਆਪਣੀ ਅੱਖੀਂ ਦੇਖਿਆ ਅਤੇ ਇਸਦਾ ਵਰਨਣ ਰੱਬੀ ਬਾਣੀ ਰਾਹੀਂ ਆਪਣੇ ਪਿਆਰੇ ਤੇ ਪਹਿਲੇ ਸਿੱਖ ਭਾਈ ਲਾਲੋ ਜੀ ਨੂੰ 7 ਵਾਰ 'ਵੇ ਲਾਲੋ' ਕਹਿ ਕੇ ਪੁਕਾਰਿਆ।ਇਹ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਨਾਂ 722-23 ਤੇ ਤਿਲੰਗ ਮਹਲਾ । ਵਜੋਂ ਦਰਜ ਹੈ।ਗੁਰੂ ਜੀ ਵਲੋਂ ਆਪਣੀ ਬਾਣੀ ਵਿਚ ਆਪਣੇ ਕਿਸੇ ਪਿਆਰੇ ਨੂੰ 7 ਵਾਰ ਨਾਂ ਲੈਕੇ ਪੁਕਾਰਨਾਂ ਵੀ ਭਾਈ ਲਾਲੋ ਜੀ ਦੇ ਹਿੱਸੇ ਹੀ ਆਇਆ ਹੈ। ਇਹ ਵੀ ਇਕ ਹੋਰ ਬਹੁਤ ਮਾਣ ਤੇ ਸਤਿਕਾਰ ਵਾਲੀ ਗੱਲ ਹੈ।

ਬਾਬਰ ਦੇ ਹਮਲੇ ਨਾਲ ਏਮਨਾਬਾਦ ਪੂਰੀ ਤਰਾਂ ਬਰਬਾਦ ਹੋ ਗਿਆ ਸੀ ਅਤੇ ਮਲਿਕ ਭਾਗੋ ਅਤੇ ਜਾਲਿਮ ਖਾਨ ਜਹੇ ਜ਼ੁਲਮੀ ਹੁਕਮਰਾਨ ਵੀ ਮਾਰੇ ਗਏ ਸਨ।ਉਹਨਾਂ ਦੀਆਂ ਰੂਹਾਂ ਆਪਣੇ ਮਹਿਲਾਂ ਅਤੇ ਹਵੇਲੀਆਂ ਵਿਚ ਭਟਕ ਰਹੀਆਂ ਸਨ।ਏਮਨਾਬਾਦ ਦੇ ਫੌਜਦਾਰ ਜਾਲਮ ਖਾਂਨ ਦੇ ਇਕਲੌਤੇ ਪੁੱਤਰ ਨੂੰ ਆਪਣੇ ਪਿਤਾ ਦੀ ਰੂਹ ਸਤਾਉਣ ਲਗ ਗਈ ਤਾਂ ਉਹ ਸਖਤ ਬਿਮਾਰ ਹੋ ਗਿਆ, ਹਰਤਰਾਂ ਦੇ ਇਲਾਜ ਦੇ ਬਾਵਜੂਦ ਉਸਦੇ ਬਚਣ ਦੀ ਕੋਈ ਆਸ ਨਾ ਰਹੀ ਤਾਂ ਉਸਦੀ ਵਿਧਵਾ ਮਾਂ (ਜਾਲਮ ਖਾਂ ਦੀ ਘਰਵਾਲੀ) ਨੂੰ ਲੋਕਾਂ ਨੇ ਗੁਰੂ ਨਾਨਕ ਦੇਵ ਜੀ ਪਾਸ ਬੇਨਤੀ ਕਰਨ ਲਈ ਕਿਹਾ ਤਾਂ ਉਹ ਇਲਾਕੇ ਦੇ ਲੋਕਾਂ ਅਤੇ ਆਪਣੀਆਂ ਗੋਲੀਆਂ ਬਾਂਦੀਆਂ ਨੂੰ ਨਾਲ ਲੈ ਕੇ ਨੰਗੇ ਪੈਰੀਂ ਭਾਈ ਲਾਲੋ ਦੇ ਘਰ ਗੁਰੂ ਜੀ ਦੇ ਚਰਨਾਂ ਤੇ ਢਹਿ ਪਈ ਅਤੇ ਆਪਣੇ ਪੁਤੱਰ ਦੀ ਜਾਨ ਬਚਾਉਣ ਦੀ ਫਰਿਆਦ ਕੀਤੀ।ਗੁਰੂ ਜੀ ਮਿਹਰ ਦੇ ਘਰ ਆਏ ਤਾਂ ਭਾਈ ਲਾਲੋ ਜੀ, ਭਾਈ ਮਰਦਾਨਾ ਜੀ ਅਤੇ ਬਾਕੀ ਸੰਗਤਾਂ ਦੇ ਨਾਲ ਉਸਦੇ ਬਰਬਾਦ ਹੋਏ ਮਹਿਲ ਵਿਚ ਪਹੁੰਚੇ ਅਤੇ ਬੱਚੇ ਨੂੰ ਉਹਨਾਂ ਪਾਸ ਲਿਆਉਣ ਲਈ ਕਿਹਾ ਤਾਂ ਉਸਨੂੰ ਮੰਜੇ ਸਮੇਤ ਗੁਰੂ ਜੀ ਦੇ ਸਾਹਮਣੇ ਲਿਆਂਦਾ ਗਿਆ। ਗੁਰੂ ਜੀ ਨੇ ਬੱਚੇ ਦੇ ਸਿਰ ਤੇ ਹੱਥ ਰੱਖਿਆ ਹੀ ਸੀ ਕਿ ਬੱਚਾ ਹਿਲਜੁਲ ਕਰਨ ਲੱਗ ਪਿਆ ਤਾਂ ਗੁਰੂ ਜੀ ਨੇ ਅਵਾਜ ਦੇ ਕੇ ਕਿਹਾ ਕਿ ਕਹੋ 'ਸਤਿਕਰਤਾਰ' ਤਾਂ ਉਸਨੇ ਮੂੰਹ ਹਿਲਾਉਣ ਦੀ ਕੋਸ਼ਿਸ਼ ਕੀਤੀ ।ਗੁਰੂ ਜੀ ਨੇ ਇਕ ਵਾਰ ਫਿਰ ਕਿਹਾ ਕਿ ਕਹੋ 'ਸਤਿਕਰਤਾਰ-ਸਤਿਨਾਮ' ਤਾਂ ਬੱਚਾ ਉੱਠ ਕੇ ਬੈਠ ਗਿਆ ਅਤੇ 'ਸਤਿਕਰਤਾਰ' ਕਹਿਣ ਲਗ ਪਿਆ । ਗੁਰੂ ਜੀ ਨੈ ਉਸਦੀ ਮਾਤਾ ਅਤੇ ਸਾਰੀ ਸੰਗਤ ਨੂੰ 'ਸਤਿਕਰਤਾਰ-ਸਤਿਨਾਮ' ਦਾ ਜਾਪ ਕਰਨ ਲਈ ਕਿਹਾ ਜਿਸ ਨਾਲ ਉੱਥੋਂ ਸਾਰੀਆਂ ਭਟਕਦੀਆਂ ਰੂਹਾਂ ਚਲੀਆਂ ਗਈਆਂ ।ਜਾਲਮ ਖਾਂ ਦੀ ਘਰ ਵਾਲੀ ਪੁੱਤਰ ਦੇ ਠੀਕ ਹੋਣ ਦੀ ਖੁਸ਼ੀ ਵਿਚ ਗੁਰੂ ਸਾਹਿਬ ਨੂੰ ਕਹਿਣ ਲਗੀ ਮਹਿਲ ਦਾ ਤਹਿਖਾਨਾਂ ਧੰਨ ਦੌਲਤ ਨਾਲ ਭਰਿਆ ਪਿਆ ਹੈ ਆਪ ਜੀ ਜੋ ਹੁਕਮ ਕਰੋ ਉਹ ਹਾਜਰ ਕਰਾਂ। ਗੁਰੂ ਜੀ ਨੇ ਕਿਹਾ ਸਾਨੂੰ ਕਿਸੇ ਖਜਾਨੇ ਦੀ ਜਰੂਰਤ ਨਹੀਂ ਹੈ ਇਹ ਸਭ ਲੋਕਾਂ ਦੀ ਦੌਲਤ ਹੈ ਸੋ ਇਸਨੂੰ ਲੋਕਾਂ ਲਈ ਖਰਚ ਕਰੋ। ਇਸਦੀ ਇਕ ਮਸਜਿਦ ਅਤੇ ਇਕ ਮੰਦਰ ਬਨਵਾਓ ਜਿਸ ਵਿਚ ਆਏ ਗਏ ਦੀ ਸੇਵਾ ਕਰੋ ਅਤੇ ਲੋੜਵੰਦਾਂ ਦੀ ਸਹਾਇਤਾ ਕਰੋ, ਪ੍ਰਮਾਤਮਾਂ ਭਲੀ ਕਰੇਗਾ। ਭਾਈ ਲਾਲੋ ਜੀ ਆਪਣਾ ਬੁਢੇਪਾ ਬਤੀਤ ਕਰਨ ਲਈ ਆਪਣੀ ਇਕਲੌਤੀ ਬੇਟੀ ਦੇ ਸਹੁਰੇ ਪਿੰਡ ਤਤਲੇ ਵਾਲੀ, ਜਿਲ੍ਹਾ ਗੁਜਰਾਂਵਾਲਾ, ਪਾਕਿਸਤਾਨ, ਵਿਖੇ ਆ ਗਏ ਸਨ ਅਤੇ ਇੱਥੇ ਹੀ 1531 ਈਸਵੀ ਨੂੰ ਸੱਚਖੰਡ ਪ੍ਰਭੂ ਚਰਨਾਂ ਵਿੱਚ ਜਾ ਬਿਰਾਜੇ ਸਨ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸਦੇ ਗ੍ਰਹਿਸਥੀ ਜੀਵਨ, ਨੇਕ ਕਿਰਤ ਕਮਾਈ, ਵੰਡ ਛਕਣਾਂ, ਦੁਖੀਆਂ ਦਾ ਦਵਾ ਦਾਰੂ ਕਰਨਾ, ਆਏ ਗਏ ਦੀ ਸੇਵਾ ਕਰਨੀ ਅਤੇ ਵਾਹਿਗੁਰੂ ਦਾ ਨਾਮ ਜਪਣਾ ਆਦਿ ਨੂੰ ਪ੍ਰਵਾਨਗੀ ਦਿੱਤੀ ਅਤੇ ਬਾਕੀ ਸੰਸਾਰ ਦੇ ਜੀਵਾਂ ਨੂੰ ਵੀ ਇਸਤਰਾਂ ਦਾ ਜੀਵਨ ਜਿਉਣ ਦੀ ਸ਼ਿਖਸ਼ਾ ਦਿੱਤੀ।ਗੁਰੂ ਜੀ ਨੇ ਭਾਈ ਸਾਹਿਬ ਜੀ ਨੂੰ ਬਹੁਤ ਸਾਰੇ ਮਾਣ ਵੀ ਬਖਸ਼ਿਸ਼ ਕੀਤੇ ਜਿਵੇਂ ਕਿ ਆਪਣਾ ਪ੍ਰਚਾਰ ਅਭਿਆਨ ਜਾਂ ਉਦਾਸੀਆਂ ਸ਼ੁਰੂ ਕਰਨ ਤੋਂ ਪਹਿਲਾਂ ਭਾਈ ਲਾਲੋ ਜੀ ਪਾਸ ਆਉਣਾ, ਪ੍ਰਚਾਰ ਸਬੰਧੀ ਵਿਚਾਰਾਂ ਕਰਨੀਆਂ ਅਤੇ ਤਕਰੀਬਨ ਗਿਆਰਾਂ ਮਹੀਨੇ ਨਿਵਾਸ ਕਰਨਾ।ਭਾਈ ਜੀ ਦੀ ਹੱਥੀਂ ਕੀਤੀ ਨੇਕ ਕਿਰਤ ਕਮਾਈ ਦੀ ਰੋਟੀ ਨੂੰ ਪਰਵਾਨ ਕਰਕੇ ਉਸਦੀ ਪ੍ਰਸ਼ੰਸਾ ਸਾਰੇ ਜਗਤ ਵਿਚ ਕਰਨੀ।ਉਹਨਾਂ ਦੀ ਬੇਟੀ ਦਾ ਵਿਆਹ ਕਰਕੇ ਗੁਰਮਤਿ ਵਿਆਹ ਦਾ ਚਲਨ ਸ਼ੁਰੂ ਕਰਨਾ ਆਦਿਕ। ਭਾਈ ਲਾਲੋ ਜੀ ਦੇ ਜੀਵਨ ਬਾਰੇ ਵਖਿਆਨ ਕਰਦਿਆਂ ਅਜੋਕੇ ਪ੍ਰਚਾਰਕ ਕਈ ਵਾਰ ਇਸਤਰਾਂ ਬਿਆਨ ਕਰਦੇ ਹਨ ਕਿ ਭਾਈ ਜੀ ਅੱਤ ਦੇ ਗਰੀਬ ਤਰਖਾਣ ਸਨ ਤੇ ਉਹ ਕੋਧਰੇ ਦੀ ਰੋਟੀ ਖਾਕੇ ਗੁਜਾਰਾ ਕਰਦੇ ਸਨ।ਗਰੀਬ ਜਾਣਕੇ ਗੁਰੂ ਜੀ ਉਸਦਾ ਉਧਾਰ ਕਰਨ ਲਈ ਉਸ ਪਾਸ ਗਏ ਸਨ।ਕਈ ਪ੍ਰਚਾਰਕ ਇਹ ਵੀ ਕਹਿੰਦੇ ਹਨ ਕਿ ਜਦੋਂ ਗੁਰੂ ਜੀ ਭਾਈ ਲਾਲੋ ਜੀ ਪਾਸ ਪਹੁੰਚੇ ਤਾਂ ਭਾਈ ਲਾਲੋ ਜੀ ਕਿੱਲਾ ਘੜ੍ਹ ਰਹੇ ਸਨ ਤਾਂ ਗੁਰੂ ਜੀ ਨੇ ਪੁੱਛਿਆ ਕਿ ਭਾਈ ਲਾਲੋ ਕੀ ਕਰ ਰਿਹਾਂ ਹੈਂ ਤਾਂ ਭਾਈ ਲਾਲੋ ਨੇ ਉਤਰ ਦਿੱਤਾ ਕਿ ਕਿੱਲਾ ਘੜ੍ਹ ਰਿਹਾ ਹਾਂ ਤਾਂ ਗੁਰੂ ਜੀ ਨੇ ਕਿਹਾ ਕਿ ਸਾਰੀ ਉਮਰ ਕਿੱਲੇ ਹੀ ਘੜ੍ਹਦਾ ਰਹੇਂਗਾ, ਆਪਣਾ ਮਨ ਵੀ ਘੜ੍ਹ ਲੈ ।ਇਸਤਰਾਂ ਭਾਈ ਜੀ ਨੂੰ ਨੀਚਾ ਦਰਸਾਉਣ ਦੀ ਕੋਸ਼ਿਸ਼ ਕਰਦੇ ਹਨ।ਪਰ ਜਦੋਂ ਅਸੀਂ ਹਕੀਕਤ ਤੇ ਵਿਚਾਰ ਕਰਦੇ ਹਾਂ ਤਾਂ ਇਹ ਗੱਲਾਂ ਗਲਤ ਸਾਬਤ ਹੁੰਦੀਆਂ ਹਨ ।ਪਹਿਲੀ ਗੱਲ ਇਹ ਹੈ ਕਿ ਭਾਈ ਜੀ ਦਾ ਪੱਕਾ ਮਕਾਨ 7 ਮਰਲਿਆਂ ਦਾ ਸੀ ਤੇ ਉਸ ਵਿੱਚ ਖੂਹੀ ਲੱਗੀ ਹੋਈ ਸੀ।ਉਹ ਤਰਖਾਣਾ ਕੰਮ ਕਰਦੇ ਸਨ ਅਤੇ ਹਿਕਮਤ ਦੇ ਮਾਹਿਰ ਸਨ, ਤਈਏ ਤਾਪ ਦੀ ਦੁਆਈ ਜਗਤ ਪ੍ਰਸਿਧ ਸੀ।ਉਹਨਾਂ ਗੁਰੂ ਜੀ ਦੇ ਪਹਿਲੇ 22 ਦਿਨ ਨਿਵਾਸ ਨਵੀਂ ਮੰਜੀ ਤਿਆਰ ਕਰਕੇ ਗੁਰੂ ਜੀ ਦਾ ਸਤਿਕਾਰ ਕੀਤਾ ਅਤੇ ਉਹਨਾਂ ਪ੍ਰਤੀ ਆਪਣੇ ਸੱਚੇ ਪਿਆਰ ਦੀ ਮਿਸਾਲ ਪੇਸ਼ ਕੀਤੀ।ਕੀ ਕੋਈ ਅੱਤ ਦਾ ਗਰੀਬੜਾ ਇਹ ਸਭ ਕਰ ਸਕਦਾ ਹੈ? ਦੂਸਰੀ ਗੱਲ ਕੋਧਰੇ ਦੀ ਰੋਟੀ ਨੂੰ ਅਤਿ ਗਰੀਬਾਂ ਦਾ ਖਾਣਾ ਕਹਿਣਾ। ਕੁਝ ਦਿਨ ਪਹਿਲਾਂ ਹੀ ਦਾਸ ਨੇ ਇਕ ਵੀਡੀਓ ਸੋਸ਼ਲ ਮੀਡੀਆ ਤੇ ਵੇਖੀ ਜਿਸ ਵਿਚ ਕੋਧਰੇ ਦੀ ਰੋਟੀ ਦੇ ਗੁਣ ਦੱਸੇ ਗਏ ਸਨ ਕਿ ਕੋਧਰੇ ਦੇ ਆਟੇ ਦੀ ਰੋਟੀ ਖਾਣ ਨਾਲ ਸਰੀਰ ਵਿਚ ਬਹੁਤ ਤਾਕਤ ਆਉਂਦੀ ਹੈ ਅਤੇ ਇਹ ਸ਼ੁਗਰ, ਬਲੱਡ ਪ੍ਰੈਸ਼ਰ, ਕੈਂਸਰ ਆਦਿ ਬਿਮਾਰੀਆਂ ਲਈ ਬਹੁਤ ਮੁਫੀਦ ਹੈ।ਇਸਤਰਾਂ ਇਸਦੀ ਵਰਤੋਂ ਕਰਨ ਨਾਲ ਸਰੀਰ ਹਮੇਸ਼ਾਂ ਤੰਦਰੁਸਤ ਰਹਿੰਦਾ ਹੈ। ਇਹੀ ਕਾਰਨ ਸੀ ਕਿ ਉਸ ਵੇਲੇ ਦੇ ਮਿਹਨਤ ਕਸ਼ ਲੋਗ ਇਸਦੀ ਵਰਤੋਂ ਕਰਦੇ ਹੋਣਗੇ, ਤਾਕਿ ਉਹ ਬਿਮਾਰ ਨਾ ਹੋਣ। ਤੀਸਰੀ ਗੱਲ ਮਨ ਘੜ੍ਹਨ ਦੀ, ਜੇ ਭਾਈ ਜੀ ਦਾ ਮਨ ਘੜ੍ਹਿਆ ਸੀ ਤਾਂ ਉਹ ਦਸਾਂ ਨੌਹਾਂ ਦੀ ਕਿਰਤ ਕਮਾਈ ਕਰਕੇ ਦੁਖੀਆਂ ਦਾ ਮੁਫਤ ਦਵਾ-ਦਾਰੂ ਕਰਦਾ ਸੀ, ਭੋਜਨ ਛਕਾਉਂਦਾ ਸੀ ਅਤੇ ਘਰ ਵਿੱਚ ਲਗੀ ਖੂਹੀ ਤੋ ਅੰਮ੍ਰਿਤ ਵਰਗੇ ਜਲ ਨਾਲ ਸੇਵਾ ਕਰਦਾ ਸੀ ਅਤੇ ਵਾਹਿਗੁਰੂ ਦਾ ਨਾਮ ਵੀ ਜਪਦਾ ਸੀ ।ਕੀ ਕੋਈ ਅਨ-ਘੜਿਆ ਮਨ ਇਹ ਸਭ ਕਰ ਸਕਦਾ ਹੈ?

ਆਪਣੀ ਸਿੱਖ ਕੌਮ ਦੇ ਪ੍ਰਚਾਰਕਾਂ, ਵਿਦਵਾਨਾ ਤੇ ਆਗੂਆਂ ਪ੍ਰਤੀ ਬੇਨਤੀ ਹੈ ਕਿ ਆਪਣੇ ਇਤਹਾਸ ਨੂੰ ਕਿਸੇ ਦਵੈਤ ਕਾਰਨ ਵਿਗਾੜ ਕੇ ਪੇਸ਼ ਨਾ ਕਰਨ ਬਲਕਿ ਸੋਚ ਵਿਚਾਰ ਕੇ ਤੱਥਾਂ ਦੇ ਅਧਾਰ ਤੇ ਮੰਥਨ ਦਾ ਯਤਨ ਕਰਨ ਤਾਕਿ ਆਉਣ ਵਾਲੀਆਂ ਪੀੜ੍ਹੀਆਂ ਇਸਤੋਂ ਸਹੀ ਸੇਧ ਲੈ ਸਕਣ।ਆਪਣੇ ਗੁਰੂਆਂ, ਭਗਤਾਂ, ਮਹਾਂਪੁਰਸ਼ਾਂ, ਯੋਧਿਆਂ ਤੇ ਸੂਰਬੀਰਾਂ ਦੇ ਜਨਮ ਤੇ ਪੁਰਬ ਦਿਵਸ ਮਨਾਉਣ ਦਾ ਮਕਸਦ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਅਸੀਂ ਉਹਨਾਂ ਬਾਰੇ ਸਹੀ ਜਾਣਕਾਰੀ ਦੇ ਕੇ ਆਪਣੀ ਕੌਮ ਦਾ ਮਾਣ ਵਧਾ ਸਕੀਏ ਅਤੇ ਉਹਨਾਂ ਦੇ ਪਾਏ ਪੂਰਨਿਆਂ ਤੇ ਆਪ ਵੀ ਚਲੀਏ ਤੇ ਹੋਰਨਾਂ ਨੂੰ ਚਲਣ ਦੀ ਪ੍ਰੇਰਨਾ ਦੇਈਏ।

ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਪੰਚਾਇਤੀ ਫੰਡਾਂ ਵਿਚ ਗਬਨ ਦੇ ਦੋਸ਼ਾਂ ਹੇਠ ਸਾਬਕਾ ਸਰਪੰਚ ਅਤੇ ਪੰਚਾਇਤ ਸਕੱਤਰ ਖਿਲਾਫ ਮੁਕੱਦਮਾ ਦਰਜ, ਸਾਬਕਾ ਸਰਪੰਚ ਗ੍ਰਿਫਤਾਰ

## ਰਿਸ਼ਵਤ ਲੈਣ ਦੇ ਦੋਸ਼ ਹੇਠ ਕਾਨੂੰਨਗੋ ਤੇ ਇਕ ਪ੍ਰਾਇਵੇਟ ਵਿਅਕਤੀ ਗ੍ਰਿਫਤਾਰ

ਚੰਡੀਗੜ, 22 ਸਤੰਬਰ (ਪੋਸਟ ਬਿਊਰੋ): ਸੂਬੇ ਵਿਚੋਂ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਵਿੱਢੀ ਮੁਹਿੰਮ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਗ੍ਰਾਮ ਪੰਚਾਇਤ ਸਠਿਆਲੀ, ਜਿਲਾ ਗੁਰਦਾਸਪੁਰ ਦੇ ਫੰਡਾਂ ਵਿਚ ਗਬਨ ਕਰਨ ਦੇ ਦੋਸ਼ਾਂ ਤਹਿਤ ਸਾਬਕਾ ਸਰਪੰਚ ਅਤੇ ਪੰਚਾਇਤ ਸਕੱਤਰ, ਬਲਾਕ ਕਾਹਨੂੰਵਾਨ ਦੇ ਖਿਲਾਫ ਮੁਕੱਦਮਾ ਦਰਜ ਕਰਕੇ ਸਤਨਾਮ ਸਿੰਘ ਸਾਬਕਾ ਸਰਪੰਚ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸੇ ਦੌਰਾਨ ਇਕ ਵੱਖਰੇ ਕੇਸ ਵਿਚ ਵਿਜੀਲੈਂਸ ਵਲੋਂ ਬਲਜਿੰਦਰ ਕੁਮਾਰ ਕਾਨੰਨਗੋ ਤਹਿਸੀਲ ਖਮਾਣੋਂ ਅਤੇ ਉਸ ਦੇ ਵਿਚੋਲੇ ਇਕ ਪ੍ਰਾਇਵੇਟ ਵਿਅਕਤੀ ਸਤਪਾਲ ਸਿੰਘ ਸੱਤਾ ਵਾਸੀ ਭੈਣੀਕਲਾਂ, ਜਿਲਾ ਫਤਹਿਗੜ ਸਾਹਿਬ ਨੂੰ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਬਿਊਰੋ ਵੱਲੋਂ ਕੀਤੀ ਪੜਤਾਲ ਦੌਰਾਨ ਜਾਂਚ ਵਿਚ ਪਾਇਆ ਗਿਆ ਕਿ ਸਾਲ 2013 ਤੋਂ ਸਾਲ 2018 ਤੱਕ ਸਰਕਾਰ ਵੱਲੋਂ ਗ੍ਰਾਮ ਪੰਚਾਇਤ ਸਠਿਆਲੀ ਦੇ ਵਿਕਾਸ ਕੰਮਾਂ ਲਈ ਪ੍ਰਾਪਤ ਹੋਈ ਗ੍ਰਾਂਟ ਅਤੇ ਪੰਚਾਇਤ ਦੇ ਫੰਡਾਂ ਦੀ ਰਕਮ ਵਿੱਚੋਂ 20,08,602 ਰੁਪਏ ਦਾ ਗਬਨ ਕੀਤਾ ਗਿਆ। ਜਿਸ ਕਰਕੇ ਉਕਤ ਮਾਮਲੇ ਵਿੱਚ ਵਿਜੀਲੈਂਸ ਬਿਊਰੋ ਨੇ ਦੋਸ਼ੀਆਨ ਸਤਨਾਮ ਸਿੰਘ ਸਾਬਕਾ ਸਰਪੰਚ, ਪਿੰਡ ਸਠਿਆਲੀ ਅਤੇ ਸੁਖਦੇਵ ਸਿੰਘ ਪੰਚਾਇਤ ਸਕੱਤਰ, ਬਲਾਕ ਕਾਹਨੂੰਵਾਨ, ਜਿਲਾ ਗੁਰਦਾਸਪੁਰ ਖਿਲਾਫ ਮੁਕੱਦਮਾ ਨੰਬਰ 18, ਮਿਤੀ 21.09.2022, ਜੁਰਮ ਅਧੀਨ ਧਾਰਾ 409, 120-ਬੀ ਆਈ.ਪੀ.ਸੀ ਅਤੇ ਧਾਰਾ 13(1)(ਏ) ਤੇ 13(2) ਤਹਿਤ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਥਾਣਾ ਵਿਜੀਲੈਂਸ ਬਿਊਰੋ, ਅੰਮ੍ਰਿਤਸਰ ਵਿਖੇ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਕਤ ਮੁਕੱਦਮੇ ਦੀ ਹੋਰ ਤਫਤੀਸ਼ ਜਾਰੀ ਹੈ।

ਬੁਲਾਰੇ ਨੇ ਦੱਸਿਆ ਕਿ ਇੱਕ ਵੱਖਰੇ ਕੇਸ ਵਿੱਚ ਸ਼ਿਕਾਇਤਕਰਤਾ ਜਰਨੈਲ ਸਿੰਘ ਨੇ ਵਿਜੀਲੈਂਸ ਦੀ ਟੋਲ ਫਰੀ ਹੈਲਪਲਾਈਨ ਉਪਰ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਕਤ ਬਲਜਿੰਦਰ ਕੁਮਾਰ ਕਾਨੂੰਗੋ ਵਲੋਂ ਆਪਣੇ ਨਾਲ ਰੱਖੇ ਗਏ ਪ੍ਰਾਈਵੇਟ ਕਰਿੰਦੇ ਸਤਪਾਲ ਸਿੰਘ ਸੱਤਾ ਰਾਹੀਂ ਪਿੰਡ ਬਿਲਾਸਪੁਰ ਵਿਖੇ ਖਰੀਦ ਕੀਤੀ ਗਈ ਜਮੀਨ ਦੀ ਤਕਸੀਮ ਕਰਾਉਣ ਅਤੇ ਮਿਣਤੀ ਕਰਾਉਣ ਬਦਲੇ 10,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਗਈ ਹੈ। ਉਸ ਨੇ ਆਪਣੀ ਸ਼ਿਕਾਇਤ ਵਿੱਚ ਇਹ ਵੀ ਦੋਸ਼ ਲਗਾਇਆ ਕਿ ਉਕਤ ਕਾਨੂੰਗੋ ਪਹਿਲਾਂ ਹੀ ਉਸ ਕੋਲੋਂ 3000 ਰੁਪਏ ਬਤੌਰ ਰਿਸ਼ਵਤ ਲੈ ਚੁੱਕਾ ਹੈ ਅਤੇ ਹੁਣ ਆਪਣੇ ਕਰਿੰਦੇ ਰਾਹੀਂ 10,000 ਰੁਪਏ ਹੋਰ ਰਿਸ਼ਵਤ ਦੀ ਮੰਗ ਕਰ ਰਿਹਾ ਹੈ।

ਉਨਾਂ ਦੱਸਿਆ ਕਿ ਵਿਜੀਲੈਂਸ ਵਲੋਂ ਉਕਤ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਹਾਂ ਦੋਸ਼ੀਆਂ ਖਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਅਤੇ 7ਏ ਤਹਿਤ ਥਾਣਾ ਵਿਜੀਲੈਂਸ ਬਿਊਰੋ ਪਟਿਆਲਾ ਵਿਖੇ ਵਿਖੇ ਮੁਕੱਦਮਾ ਦਰਜ ਕਰਕੇ ਦੋਹਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ ਅਤੇ ਇਸ ਸਬੰਧੀ ਹੋਰ ਤਫਤੀਸ਼ ਜਾਰੀ ਹੈ।

# ਸ਼ੇਖ ਫ਼ਰੀਦ ਕਵੀ ਦਰਬਾਰ ਸਫਲਤਾਪੂਰਵਕ ਸੰਪੰਨ

ਫ਼ਰੀਦਕੋਟ, 22 ਸਤੰਬਰ (ਪੋਸਟ ਬਿਊਰੋ): ਬਾਬਾ ਸ਼ੇਖ ਫ਼ਰੀਦ ਆਗਮਨ ਪੁਰਬ-2022 ਨੂੰ ਸਮਰਪਿਤ ਭਾਸ਼ਾ ਵਿਭਾਗ ਪੰਜਾਬ ਵੱਲੋਂ ਆਲਮੀ ਪੰਜਾਬੀ ਅਦਬ ਫਾਊਂਡੇਸ਼ਨ ਫ਼ਰੀਦਕੋਟ ਦੇ ਸਹਿਯੋਗ ਨਾਲ ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦੇ ਸੈਨੇਟ ਹਾਲ ਵਿਖੇ ਰਾਜ ਪੱਧਰੀ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਇਸ ਕਵੀ ਦਰਬਾਰ ਦੀ ਪ੍ਰਧਾਨਗੀ ਪੰਜਾਬੀ ਸ਼ਾਇਰੀ ਦਾ ਮਾਣ ਮਾਣਯੋਗ ਪਦਮਸ੍ਰੀ ਡਾ. ਸੁਰਜੀਤ ਪਾਤਰ ਹੋਰਾਂ ਨੇ ਕੀਤੀ। ਡਾ. ਰੂਹੀ ਦੁੱਗ ਆਈ.ਏ.ਐੱਸ ਡਿਪਟੀ ਕਮਿਸ਼ਨਰ ਫ਼ਰੀਦਕੋਟ ਨੇ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਐਸ.ਐਸ.ਪੀਰਾਜਪਾਲ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।ਉਨ੍ਹਾਂ ਦੇ ਨਾਲ ਪ੍ਰੋ. ਗੁਰਭਜਨ ਗਿੱਲ, ਪ੍ਰਧਾਨ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ, ਡਾ.ਵੀਰਪਾਲ ਕੌਰ, ਸੰਯੁਕਤ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਅਤੇ ਸਤਨਾਮ ਸਿੰਘ, ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਹੋਏ। ਕਵੀ ਦਰਬਾਰ ਦਾ ਆਗਾਜ਼ ਭਾਸ਼ਾ ਵਿਭਾਗ ਦੀ ਵਿਭਾਗੀ ਧੁਨੀ ਨਾਲ ਕੀਤਾ ਗਿਆ।

ਇਸ ਤੋਂ ਉਪਰੰਤ ਡਾ.ਅਜੀਤ ਪਾਲ ਸਿੰਘ, ਜ਼ਿਲ੍ਹਾ ਮਾਲ ਅਫਸਰ ਫ਼ਰੀਦਕੋਟ ਵੱਲੋਂ ਆਏ ਹੋਏ ਕਵੀਆਂ ਅਤੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਸਵਾਗਤੀ ਭਾਸ਼ਣ ਵਿੱਚ ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦਾ ਕਵੀ ਦਰਬਾਰ ਅਸਲ ਵਿੱਚ ਬਾਬਾ ਸ਼ੇਖ ਫਰੀਦ ਜੀ ਨੂੰ ਸੱਚੀ ਸ਼ਰਧਾ ਦਾ ਪ੍ਰਤੀਕ ਹੈ। ਇਸ ਮੌਕੇ 'ਤੇ ਮਨਜੀਤ ਪੁਰੀ ਜ਼ਿਲ੍ਹਾ ਭਾਸ਼ਾ ਅਫਸਰ ਫ਼ਰੀਦਕੋਟ ਨੇ ਬੋਲਦਿਆਂ ਹੋਇਆਂ ਕਿਹਾ ਕਿ ਬਾਬਾ ਸ਼ੇਖ ਫ਼ਰੀਦ ਪੰਜਾਬੀ ਦੇ ਪਹਿਲੇ ਪ੍ਰਮਾਣਿਕ ਕਵੀ ਸਨ ਅਤੇ ਉਹਨਾ ਦੀ ਯਾਦ ਵਿੱਚ ਇਸ ਤਰ੍ਹਾਂ ਦਾ ਕਵੀ ਦਰਬਾਰ ਹੋਣਾ ਬਾਬਾ ਫ਼ਰੀਦ ਪ੍ਰਤੀ ਅਸਲ ਵਿੱਚ ਸੱਚੀ ਸ਼ਰਧਾ ਹੈ। ਕਵੀ ਦਰਬਾਰ ਦੀ ਸ਼ੁਰੂਆਤ ਤ੍ਰੈਲੋਚਨ ਲੋਚੀ ਦੀ ਖ਼ੂਬਸੂਰਤ ਆਵਾਜ਼ ਨਾਲ



ਹੋਈ। ਇਸ ਤੋਂ ਉਪਰੰਤ ਪੰਜਾਬੀ ਦੇ ਨੌਜਵਾਨ ਸ਼ਾਇਰ ਕੁਲਵਿੰਦਰ ਬੱਛੋਆਣਾ ਨੇ ਆਪਣਾ ਕਲਾਮ ਸੁਣਾ ਕੇ ਵਾਹ ਵਾਹ ਖੱਟੀ। ਦੀਪਕ ਸ਼ਰਮਾ ਚਨਾਰਥਲ ਦੀ ਸ਼ਾਨਦਾਰ ਪੇਸ਼ਕਾਰੀ ਤੋਂ ਬਾਅਦ ਪਟਿਆਲੇ ਤੋਂ ਪਹੁੰਚੀ ਹੋਈ ਕਵਿੱਤਰੀ ਸਰਬਜੀਤ ਕੌਰ ਜੱਸ ਨੇ 'ਪੰਜਾਬੋ ਮਾਂ ਦਾ ਦਰਦ' ਨਜ਼ਮ ਸੁਣਾਈ ਤਾਂ ਸਰੋਤਿਆਂ ਦੀਆਂ ਅੱਖਾਂ ਨਮ ਹੋ ਗਈਆਂ। ਲੁਧਿਆਣਾ ਤੋਂ ਆਏ ਹੋਏ ਸ਼ਾਇਰ ਮਨਜਿੰਦਰ ਧਨੋਆ, ਪ੍ਰੋ ਰਵਿੰਦਰ ਭੱਠਲ, ਬਲਾਚੌਰ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਪੰਜਾਬੀ ਸ਼ਾਇਰ ਸੁਨੀਲ ਚੰਦਿਆਣਵੀ ਤੋਂ ਬਾਅਦ ਵਿਜੇ ਵਿਵੇਕ ਹੁਰਾਂ ਨੇ ਕਵੀ ਦਰਬਾਰ ਨੂੰ ਸਿਖਰ ਉਪਰ ਪਹੁੰਚਾਇਆ।

ਕਵੀ ਦਰਬਾਰ ਦਾ ਸੰਚਾਲਨ ਕਰ ਰਹੇ ਕਵੀ ਹਰਮੀਤ ਵਿਦਿਆਰਥੀ ਹੁਰਾਂ ਦੀਆਂ ਨਜ਼ਮਾਂ ਨੇ ਸਰੋਤਿਆਂ ਨੂੰ ਮੰਤਰ ਮੁਗਧ ਹੀ ਕਰ ਦਿੱਤਾ। ਪ੍ਰੋ. ਗੁਰਭਜਨ ਗਿੱਲ ਹੁਰਾਂ ਦੇ ਬੋਲ 'ਸੰਤਾਲੀ ਵੇਲੇ ਉਜੜਨ ਦੀ ਗੱਲ ਮਾਂ ਦੇ ਦਿਲ ਤੋਂ ਲਹਿੰਦੀ ਨਹੀਂ, ਮੈਂ ਲੱਖ ਵਾਰੀ ਸਮਝਾਇਆ ਏ ਉਹ ਇਸਨੂੰ ਆਜਾਦੀ ਕਹਿੰਦੀ ਨਹੀਂ ' ਨੇ ਸਰੋਤਿਆਂ ਨੂੰ ਕੀਲ ਕੇ ਹੀ ਬਿਠਾ ਲਿਆ। ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਡਾ. ਸੁਰਜੀਤ ਪਾਤਰ ਹੁਰਾਂ ਨੇ ਸਮੁੱਚੇ ਕਵੀਆਂ ਦੀ ਸ਼ਲਾਘਾ ਕਰਦਿਆਂ ਤਰੰਨਮ ਛੇੜ੍ਹਿਆ ਤਾਂ ਕਵੀ ਦਰਬਾਰ ਸਿਖਰ ਨੂੰ ਛੋਹ ਗਿਆ। ਸਮਾਗਮ ਦੇ ਅੰਤ ਵਿਚ ਡਾ .ਵੀਰਪਾਲ ਕੌਰ ਸੰਯੁਕਤ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਨੇ ਆਏ ਹੋਏ ਸਾਰੇ ਸਰੋਤਿਆਂ ਅਤੇ ਕਵੀਆਂ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਭਾਸ਼ਾ ਵਿਭਾਗ ਅੱਗੇ ਤੋਂ ਵੀ ਇਸ ਤਰਾਂ ਦੇ ਸਮਾਗਮ ਰਚਾਉਂਦਾ ਰਹੇਗਾ। ਸਮਾਗਮ ਦੇ ਮੁੱਖ ਮਹਿਮਾਨ ਡਾ. ਰੂਹੀ ਦੁੱਗ ਆਈ.ਏ.ਐਸ ਡਿਪਟੀ ਕਮਿਸ਼ਨਰ ਫ਼ਰੀਦਕੋਟ ਨੇ ਸਾਰੇ ਕਵੀਆਂ ਦਾ ਧੰਨਵਾਦ ਕਰਦਿਆਂ ਕਵੀ ਦਰਬਾਰ ਦੇ ਸਫਲ ਹੋਣ ਦੀ ਸਭ ਨੂੰ ਮੁਬਾਰਕਬਾਦ ਦਿੱਤੀ।

ਸਮਾਗਮ ਦੇ ਅੰਤ ਵਿਚ ਪੰਜਾਬੀ ਦੇ ਪ੍ਰਸਿੱਧ ਕਵੀ ਕੁਮਾਰ ਜਗਦੇਵ ਸਿੰਘ ਨੇ ਆਏ ਹੋਏ ਸਭ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਵੀ ਦਰਬਾਰ ਦੇ ਦੀ ਸਫਲਤਾ ਤੇ ਸੰਤੁਸ਼ਟੀ ਜਤਾਈ। ਸਮਾਗਮ ਦੌਰਾਨ ਮੰਚ ਸੰਚਾਲਨ ਦੀ ਭੂਮਿਕਾ ਪਵਨ ਸ਼ਰਮਾ ਸੁੱਖਣਵਾਲਾ ਅਤੇ ਪੰਜਾਬੀ ਦੇ ਪ੍ਰਸਿੱਧ ਕਵੀ ਹਰਮੀਤ ਵਿਦਿਆਰਥੀ ਹੋਰਾਂ ਨੇ ਨਿਭਾਈ

ਸਮਾਗਮ ਵਿਚ ਪ੍ਰਸਿੱਧ ਪੰਜਾਬੀ ਲੋਕ ਗਾਇਕ ਹਰਿੰਦਰ ਸੰਧੂ ਕੁਲਵਿੰਦਰ ਕਮਲ ਗੁਰਚਰਨ ਸਿੰਘ ਭੰਗੜਾ ਕੋਚ ਗੁਰਚਰਨ ਗਿੱਲ ਪ੍ਰਿੰਸੀਪਲ ਸੇਵਾ ਸਿੰਘ ਚਾਵਲਾ ਜਗਤਾਰ ਸਿੰਘ ਸੋਖੀ ਪ੍ਰੀਤ ਛਕੀ ਬਠਿੰਡਾ ਤੋਂ ਪਹੁੰਚੇ ਹੋਏ ਸ਼ਾਇਰ ਸੁਰਿੰਦਰਪ੍ਰੀਤ ਘਣੀਆਂ ਮੁਕਤਸਰ ਤੋਂ ਪਹੁੰਚੀ ਸ਼ਾਇਰਾ ਸ਼ਮਿੰਦਰ ਬਰਾੜ ਸਮੇਤ ਇਲਾਕੇ ਭਰ ਦੀਆਂ ਸਾਹਿਤ ਅਤੇ ਕਲਾ ਨੂੰ ਪਿਆਰ ਕਰਨ ਵਾਲੀਆਂ ਅਜ਼ੀਮ ਸ਼ਖ਼ਸੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ‘ਫ਼ਰੀਦਾ ਬੁਰੇ ਦਾ ਭਲਾ ਕਰ’ ਮਨੁੱਖਤਾ ਲਈ ਹੈ ‘ਭਾਈਚਾਰੇ ਦਾ ਸੰਦੇਸ਼’

## *ਫ਼ਰੀਦ ਦੀ ਬਾਣੀ ਨੂੰ ਸ੍ਰੀ ਗੁਰੂ ਗਰੰਥ ਸਾਹਿਬ ‘ਚ ਮਿਲਿਆ ਵਿਸ਼ੇਸ਼ ਸਥਾਨ *ਬਾਬਾ ਫ਼ਰੀਦ ਜੀ ਦੀ ਫ਼ਰੀਦਕੋਟ ਆਮਦ ਦੀ ਯਾਦ ‘ਚ ‘ਆਗਮਨ ਪੁਰਬ’



ਗਿਆਨ ਸਿੰਘ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ (ਸੇਵਾ ਮੁਕਤ)

ਬਾਬਾ ਫ਼ਰੀਦ ਜੀ ਦੀ ਬਾਣੀ ਦੁਨੀਆਂ ਨੂੰ ਪਿਆਰ,ਸਦਭਾਵਨਾ, ਮਨੁੱਖੀ ਭਾਈਚਾਰਾ, ਸਹਿਣਸ਼ੀਲਤਾ, ਸਾਦਗੀ ਅਤੇ ਚੰਗਿਆਈ ਦਾ ਸੰਦੇਸ਼ ਦਿੰਦੀ ਹੈ ਅਤੇ ਫਾਨੀ ਦੁਨੀਆਂ ਵਿਚੋਂ ਕੂਚ ਕਰਨ ਦਾ ਸੱਦਾ ਦਿੰਦਿਆ ‘ਮੌਤ’ ਨੂੰ ਹਮੇਸਾ ਯਾਦ ਰਖਦਿਆਂ ਨੇਕ,ਚੰਗੇ ਕੰਮ ਕਰਨ ਦੀ ਪ੍ਰੇਰਨਾ ਕਰਦੀ ਹੈ। ਬਾਬਾ ਫ਼ਰੀਦ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਕਰਕੇ ਸਿੱਖ ਗੁਰੂ ਸਾਹਿਬਾਨ ਨੇ ਬਰਾਬਰਤਾ ਦਾ ਦਰਜ਼ਾ ਪ੍ਰਦਾਨ ਕੀਤਾ ਹੈ। ਬਾਬਾ ਫ਼ਰੀਦ ਜੀ ਦੇ ਸ਼ਲੋਕ,

‘ਫ਼ਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨ ਨ ਹੰਢਾਇ।
ਦੇਹੀ ਰੋਗੁ ਨ ਲਗਈ ਪਲੈ ਸਭ ਕਿਛੁ ਪਾਇ’॥

ਬਾਬਾ ਫ਼ਰੀਦ ਜੀ ਨੇ ਇਸ ਸ਼ਲੋਕ ਰਾਂਹੀ ਮਨੁੱਖਤਾ ਨੂੰ ਅਜਿਹਾ ਸੰਦੇਸ਼ ਦਿੱਤਾ ਹੈ,ਇਸ ਨੂੰ ਅਮਲ ਵਿਚ ਲਿਆਉਣ ਨਾਲ ਇਨਸਾਨ ਨੂੰ ਜਿੰਦਗੀ ਜਿਓਣ ਦੀ ਜਾਚ ਆ ਜਾਂਦੀ ਹੈ। ਉਹ ਆਪਣੇ ਜੀਵਨ ਨੂੰ ਸੁਖੀ ਜੀਵਨ ਬਣਾ ਸਕਦਾ ਹੈ। ਬਾਬਾ ਫ਼ਰੀਦ ਜਿੱਥੇ ਮਾਨਵਤਾ ਨੂੰ ਕ੍ਰੋਧ ਤਿਆਗਣ ਦੀ ਪ੍ਰੇਰਨ ਕਰਦਾ ਹੈ,ਨਾਲ ਹੀ ਉਸ ਪਰਵਰਦਿਗਾਰ ਨੂੰ ਹਮੇਸਾ ਯਾਦ ਵਿਚ ਰੱਖਣ ਦੀ ਤਾਕੀਦ ਕਰਦਿਆਂ,ਆਪਣਾ ਜੀਵਨ ਉਸਦੀ ਰਜ਼ਾ ਵਿਚ ਨਾ ਜਿਓਣ ਵਾਲੇ ਨੂੰ ਆਪਣਾ ਫ਼ਰਜ਼ ਯਾਦ ਕਰਵਾਉਦਿਆਂ ਤਾਹਨਾ ਮਾਰਦੇ ਹਨ,

‘ਫ਼ਰੀਦਾ ਬੇਨਿਵਾਜ਼ਾ ਕੁਤਿਆ ਏਹ ਨ ਭਲੀ ਰੀਤਿ।
ਕਬਹੀ ਚਲਿ ਨਾ ਆਇਆ ਪੰਜੇ ਵਖਤ ਮਸੀਤਿ’॥

ਇਥੇ ਹੀ ਬਸ ਨਹੀਂ ਬਾਬਾ ਫ਼ਰੀਦ ਹਜ਼ਰਤ ਮਹੁੰਮਦ ਸਾਹਿਬ ਦੇ ਬਚਨ ਅਤੇ ਕੁਰਾਨ ਦੀਆਂ ਆਇਤਾਂ ਨੂੰ ਨਿਤਾਪ੍ਰਤਿ ਜੀਵਨ ਵਿਚ ਅਮਲ ਵਿਚ ਨਾ ਲਿਆਉਣ ਵਾਲੇ ਬੇਮੁਖ ਵਿਅਕਤੀ ਨੂੰ ਜੀਵਨ ਜਿਓਣ ਦਾ ਕੋਈ ਹੱਕ ਨਹੀਂ,

‘ਉਠ ਫ਼ਰੀਦਾ ਉਜੂ ਸਾਜਿ ਸੁਬਹ ਨਿਵਾਜ਼ ਗੁਜਾਰਿ।
ਜੋ ਸਿਰ, ਸਾਂਈ ਨਾ ਨਿਵੇ ਸੋ ਸਿਰ ਕਪਿ ਉਤਾਰਿ’॥

ਬਾਬਾ ਫ਼ਰੀਦ ਇਨਸਾਨ ਨੂੰ ਪ੍ਰੇਰਨਾ ਕਰਦੇ ਹਨ ਕਿ ਜੀਵਨ ਨੂੰ ਰੱਬੀ ਰੰਗ ਵਿਚ ਰੰਗਣ ਲਈ ਮੁਰਸ਼ਦਿ ਕਾਮਿਲ ਦੀ ਲੋੜ ਹੈ ਤੇ ਪ੍ਰੇਰਨਾ ਕਰਦੇ ਹਨ,

‘ਤੁਰਿਆ ਤੁਰਿਆ ਜਾ ਫ਼ਰੀਦਾ ਤੁਰਿਆ ਤੁਰਿਆ ਜਾਹ।
ਜੇ ਕੋਈ ਬਖਸ਼ਿਆ ਮਿਲ ਜੇ, ਤੂੰ ਵੀ ਬਖਸ਼ਿਆ ਜਾਹ’॥

ਬਾਬਾ ਫ਼ਰੀਦ ਸ਼ੱਕਰਗੰਜ ਖ਼ੋਜ਼ ਕਰਦਿਆਂ ਕਰਦਿਆਂ ਇਧਰ ਸ਼ਹਿਰ ਮੋਕਲਹਰ ਪੁੱਜ ਗਏ। ਸ਼ਹਿਰ ਦੇ ਬਾਹਰਵਾਰ ਉਸ ਅਸਥਾਨ ਤੇ ਠਹਿਰੇ ਜਿਸ ਨੂੰ ਅੱਜ ਗੋਦੜੀ ਸਾਹਿਬ ਕਿਹਾ ਜਾਂਦਾ ਹੈ। ਗੁਰਦੁਆਰਾ ਗੋਦੜੀ ਸਾਹਿਬ ਦਾ ਇਤਿਹਾਸ ਵੀ ਨਿਰਾਲਾ ਹੈ। ਕਹਿੰਦੇ ਹਨ ਕਿ 1215 ਈ: ਵਿੱਚ ਬਾਬਾ ਫ਼ਰੀਦ ਜੀ ਪਾਕਪਟਨ ਜਾ ਰਹੇ ਸਨ ਤਾਂ ਇਸ ਮੁਕਾਮ ਉੱਤੇ ਉਹਨਾਂ ਨੇ ਸਾਥੀਆਂ ਸਮੇਤ ਇੱਕ ਛੱਪੜੀ ਦੇ ਕਿਨਾਰੇ ਵਿਸ਼ਰਾਮ ਕੀਤਾ ਅਤੇ ਆਪਣੇ ਮੁਰਸ਼ਦ ਬੱਖਤਿਆਰ ਕਾਕੀ ਜੀ ਦੀ ਬਖਸ਼ੀ ਹੋਈ ਗੋਦੜੀ ਇੱਕ ਦਰੱਖਤ ਉੱਤੇ ਟੰਗ ਕੇ ਖ਼ੁਦ ਖਾਣ ਪੀਣ ਦਾ ਸਮਾਨ ਲੈਣ ਵਾਸਤੇ ਸ਼ਹਿਰ ਪਹੁੰਚੇ। ਉਸ ਵੇਲੇ ਰਾਜਾ ਮੋਕਲਹਰ, ਗੜ੍ਹੀ ਵਿੱਚ ਵੱਸਦਾ ਸੀ ਅਤੇ ਕਿਲ੍ਹੇ ਦੀ ਨਵ ਉਸਾਰੀ ਹੋ ਰਹੀ ਸੀ। ਬਾਬਾ ਜੀ ਨੂੰ ਵੀ ਰਾਜੇ ਦੇ ਅਹਿਲਕਾਰਾਂ ਨੇ ਬੇਗਾਰ ਵਿਚ ਫੜ ਕੇ ਲਗਾ ਲਿਆ। ਬਾਬਾ ਜੀ ਦੇ ਕ੍ਰਿਸ਼ਮਈ ਦ੍ਰਿਸ਼ ਨੂੰ ਵੇਖਦਿਆਂ ਰਾਜੇ ਨੂੰ ਸੀਸ ਝੁਕਾ ਕੇ ਪਛਚਾਤਾਪ ਕਰਨਾ ਪਿਆ। ਉੱਥੇ ਬੇਗਾਰ ਵਿੱਚ ਪਕੜੇ ਹੋਏ ਗਰੀਬ ਲੋਕਾਂ ਦੀ ਰਿਹਾਈ ਕਰਵਾਉਣ ਤੋਂ ਬਾਅਦ ਬਾਬਾ ਜੀ ਜਦ ਮੁੜ ਛੱਪੜੀ ਦੇ ਕਿਨਾਰੇ ਪਹੁੰਚੇ ਤਾਂ ਦੇਖਿਆ ਕਿ ਆਜੜੀ ਮੁੰਡੇ ਬਾਬਾ ਜੀ ਦੀ ਗੋਦੜੀ ਦੀ ਖੁਦੋ ਬਣਾ ਕੇ ਖੇਡ ਰਹੇ ਸਨ। ਬਾਬਾ ਜੀ ਨੇ ਆਪਣੇ ਮੁਰਸ਼ਦ ਵੱਲੋਂ ਬਖਸ਼ੀ ਗੋਦੜੀ ਤੋਂ ਜ਼ੁਦਾ ਹੋਣ ਦੀ ਆਪਣੀ ਭੁੱਲ ਨੂੰ ਬਖਸ਼ਉਣ ਲਈ ਇਸ ਸਥਾਨ ਤੇ 40 ਦਿਨ ਤਪੱਸਿਆ ਕੀਤੀ , ਇਸੇ ਲਈ ਇਸ ਥਾਂ ਦਾ ਨਾਂ ਗੋਦੜੀ ਸਾਹਿਬ ਪੈ ਗਿਆ।


ਪੰਜਾਬ ਦੇ ਇਤਿਹਾਸ ਵਿਚ ਵਿਸ਼ੇਸ਼ ਮਹੱਤਤਾ ਰੱਖਣ ਵਾਲੇ ਇਤਿਹਾਸਕ ਸ਼ਹਿਰ ਫ਼ਰੀਦਕੋਟ ਵਿੱਚ ਗੁਰਦੁਆਰਾ ਟਿੱਲਾ ਬਾਬਾ ਸ਼ੇਖ਼ ਫ਼ਰੀਦ ਜੀ ਦਾ ਗੁਰਦੁਆਰਾ ਸਥਿਤ ਹੈ,ਜੋ ਅੱਜ ਸੰਸਾਰ ਪ੍ਰਸਿੱਧ ਹੋ ਚੁੱਕਾ ਹੈ। ਉਹ ਪਵਿੱਤਰ ਵਣ ਦੀ ਲੱਕੜੀ, ਜਿਸ ਨਾਲ ਬਾਬਾ ਸ਼ੇਖ ਫ਼ਰੀਦ ਜੀ ਨੇ ਮੋਕਲਸੀ ਰਾਜੇ ਦੀ ਬੇਗਾਰ ਕਰਦਿਆਂ ਗਾਰੇ ਦੀ ਟੋਕਰੀ ਚੱਕਦੇ ਸਮੇਂ ਲਿਬੜੇ ਹੱਥ ਪੂੰਜੇ ਸਨ, ਇਹ ਗੋਲ ਗੁੰਬਦ ਵਿਚ ਇਸ ਗੁਰਦੁਆਰੇ ਵਿਖੇ ਸੁਸ਼ੋਭਿਤ ਹੈ। ਇਹ ਲੱਕੜੀ ਸੈਂਕੜੇ ਸਾਲ ਵਣ ਦੇ ਦਰੱਖਤ ਦੇ ਰੂਪ ਵਿਚ ਇਸ ਅਸਥਾਨ ਤੇ ਖੜੀ ਰਹੀ। ਲੋਕ ਸਦੀਆਂ ਤੋਂ ਇਸ ਦੀ ਪੂਜਾ ਕਰਦੇ ਰਹੇ ਅਤੇ ਸ਼ਰਧਾਲੂਆਂ ਦੇ ਹੱਥਾਂ ਦੀ ਛੋਹ ਨਾਲ ਇਸ ਦੇ ਹਿੱਸੇ ਗੋਲ ਹੋ ਗਏ। ਅੱਜ ਤੋਂ ਤਕਰੀਬਨ 200 ਸਾਲ ਪਹਿਲਾਂ ਕਿਸੇ ਸ਼ਰਧਾਲੂ ਨੇ ਇੱਕ ਛੋਟਾ ਜਿਹਾ ਗੁੰਬਦ ਬਣਾ ਕੇ ਉਸ ਵਣ ਦੀ ਲੱਕੜ ਨੂੰ ਸਤਿਕਾਰ ਵਾਲੀ ਥਾਂ ਤੇ ਟਿਕਾ ਦਿੱਤਾ ਅਤੇ ਉੱਥੇ ਜੋਤ ਜਗਾ ਦਿੱਤੀ। ਪਿਛਲੇ ਤਕਰੀਬਨ 200 ਸਾਲ ਤੋਂ ਹੀ ਉਹ ਜੋਤ ਲਗਾਤਾਰ ਜਲ ਰਹੀ ਹੈ ਜੋ ਬਾਬਾ ਜੀ ਦੇ ਮਨੁੱਖਤਾ ਨੂੰ ਦਿੱਤੇ ਹੋਏ ਗਿਆਨ ਦੀ ਰੋਸ਼ਨੀ ਦੀ ਪ੍ਰਤੀਕ ਹੈ। ਇਸ ਇਲਾਕੇ ਦੇ ਹੀ ਨਹੀਂ ਸਗੋਂ ਦੇਸ਼ ਵਿਦੇਸ਼ ਦੇ ਲੋਕਾਂ ਦੀ ਬਾਬਾ ਫ਼ਰੀਦ ਜੀ ਵਿੱਚ ਅਥਾਹ ਆਸਥਾ ਹੈ, ਇਸ ਗਲ ਦਾ ਪਤਾ ਇਸ ਤੱਥ ਤੋਂ ਲਗਦਾ ਹੈ ਕਿ ਹਰ ਵੀਰਵਾਰ ਇਸ ਅਸਥਾਨ ਤੇ ਵੱਡੀ ਗਿਣਤੀ ਵਿੱਚ ਲੋਕ ਆਉਂਦੇ ਹਨ। ਬਾਬਾ ਫ਼ਰੀਦ ਜੀ ਦੀ ਆਮਦ ਤੋਂ ਪਹਿਲਾਂ ਇਸ ਸ਼ਹਿਰ ਦਾ ਨਾਂ ਮੋਕਲਹਰ ਸੀ,ਉਨ੍ਹਾ ਦੀ ਇਸ ਫੇਰੀ ਉਪਰੰਤ ਇਸ ਸ਼ਹਿਰ ਦਾ ਨਾਂ ਫ਼ਰੀਦਕੋਟ ਪਿਆ।

ਬਾਬਾ ਫ਼ਰੀਦ ਜੀ ਆਮਦ ਦੇ ਸਬੰਧ ਵਿਚ 1986 ਵਿਚ ਪਹਿਲੀਵਾਰ ਉਤਰੀ ਖੇਤਰ ਸੱਭਿਆਚਾਰ ਕੇਂਦਰ,ਪਟਿਆਲਾ ਵਲੋਂ ਪ੍ਰਸ਼ਾਸਨ, ਸਮਾਜਿਕ, ਧਾਰਮਿਕ, ਸੱਭਿਆਚਾਰਕ ਸੰਸਥਾਵਾਂ ਦੇ ਸਹਿਯੋਗ ਨਾਲ 21 ਤੋਂ 23 ਸਤੰਬਰ ਤਕ ਤਿੰਨ ਰੋਜ਼ਾ ਫ਼ਰੀਦ ਮੇਲਾ ਆਯੋਜਿਤ ਕੀਤਾ ਗਿਆ ਜਿਸ ਵਿਚ ਪੰਜਾਬ ਤੋਂ ਇਲਾਵਾ ਰਾਜਸਥਾਨ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਤੋਂ ਵੱਖ ਵੱਖ ਸੱਭਿਆਚਾਰਕ ਟੋਲੀਆਂ ਨੇ ਆਪਣੇ ਆਪਣੇ ਸੂਬੇ ਦੇ ਲੋਕ ਨਾਚਾਂ ਦਾ ਪ੍ਰਦਰਸ਼ਨ ਕੀਤਾ। ਸਾਲ 1987 ਤੋਂ ਲਗਾਤਾਰ ਜ਼ਿਲ੍ਹਾ ਪ੍ਰਸ਼ਾਸਨ,ਰੈਡ ਕਰਾਸ ਅਤੇ ਹੋਰ ਵਿੱਦਿਅਕ ਸੰਸਥਾਵਾਂ ਦੇ ਸਹਿਯੋਗ ਨਾਲ ਬਾਬਾ ਫ਼ਰੀਦ ਵਿਰਾਸਤੀ ਮੇਲਾ ਮਨਾਉਣਾ ਸੁਰੂ ਕਰ ਦਿੱਤਾ। ਜਦੋਂ ਤੋਂ ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਨੂੰ ਮਨਾਉਣਾ ਸੁਰੂ ਕੀਤਾ ਗਿਆ ਹੈ,ਇਸ ਸ਼ਹਿਰ ਦਾ ਨਾਂ ਸੰਸਾਰ ਭਰ ਵਿੱਚ ਪ੍ਰਸਿੱਧ ਹੋ ਗਿਆ।ਮਹਾਂਮਾਰੀ ਕਰੋਨਾ ਕਾਰਨ ਪਿਛਲੇ ਦੋ ਸਾਲ ਖੜੋਤ ਆ ਗਈ ਸੀ, ਬੜੇ ਹੀ ਸਾਦਾ ਤਰੀਕੇ ਨਾਲ ਪ੍ਰੋਗਰਾਮ ਬਿਨ੍ਹਾਂ ਕਿਸੇ ਧੂਮਧੜੱਕੇ ਦੇ ਹੋਏ। ਇਸ ਸਾਲ ਇਹ ਪ੍ਰੋਗਰਾਮ 10 ਦਿਨ੍ਹਾਂ ਦਾ ਕਰ ਦਿੱਤਾ ਹੈ।

ਜ਼ਿਲ੍ਹਾ ਪ੍ਰਸ਼ਾਸਨ ਵਲੋਂ ਵੱਖ ਵੱਖ ਸੰਸਥਾਵਾਂ ਦੇ ਸਹਿਯੋਗ ਨਾਲ ਮਹਾਨ ਸੂਫੀ ਸੰਤ ਬਾਬਾ ਸ਼ੇਖ ਫ਼ਰੀਦ ਜੀ ਦੇ ਦਸ ਰੋਜ਼ਾ ਆਗਮਨ ਪੁਰਬ ਨੂੰ ਸ਼ਰਧਾ ਪੂਰਵਿਕ ਮਨਾਉਣ ਲਈ ਅਤੇ ਬਾਬਾ ਫ਼ਰੀਦ ਦੀਆਂ ਸਿੱਖਿਆਵਾਂ ਲੋਕਾਂ ਤੱਕ ਪਹੁੰਚਾਉਣ ਲਈ ਫ਼ਰੀਦਕੋਟ ਨੂੰ ਸੂਫੀਆਨਾ ਰੰਗਾਂ ਵਿਚ ਰੰਗਿਆ ਗਿਆ। ਇਸ ਵਿਰਾਸਤੀ ਦਿੱਖ ਵਾਲੇ ਧਾਰਮਿਕ ਮੇਲੇ ਪ੍ਰਤੀ ਲੋਕਾਂ ਦਾ ਭਾਰੀ ਉਤਸਾਹ ਵੇਖਦਿਆਂ ਕੇਂਦਰ ਸਰਕਾਰ ਵਲੋਂ ਇਸ ਨੂੰ ਕੌਮੀ ਮੇਲਿਆ ਦੀ ਸੂਚੀ ਵਿਚ ਸਾਮਲ ਕੀਤੇ ਜਾਣ ਨਾਲ ਇਸ ਪ੍ਰਤੀ ਦੇਸ਼ ਵਿਦੇਸ਼ ਦੇ ਲੱਖਾਂ ਲੋਕਾਂ ਦੀ ਸ਼ਰਧਾ ਵਿਚ ਹੋਰ ਵਾਧਾ ਹੋਇਆ ਹੈ। ਰਾਸ਼ਟਰੀ / ਅੰਤਰ ਰਾਸ਼ਟਰੀ ਪੱਧਰ ਤੇ ਲੋਕਾਂ ਅਤੇ ਸੰਸਥਾਵਾਂ ਵਲੋਂ ਇਸ ਧਾਰਮਿਕ ਵਿਰਾਸਤ ਵਾਲੇ ਬਾਬਾ ਫ਼ਰੀਦ ਆਗਮਨ ਪੁਰਬ ਨੂੰ ਮਨਾਉਣ ਲਈ ਵਿਸ਼ੇਸ਼ ਯੋਗਦਾਨ ਪਾਇਆ ਜਾਂਦਾ ਹੈ।

ਆਗਮਨ ਪੁਰਬ ਦਾ ਸ਼ੁਭ ਆਰੰਭ ਕਰਨ ਸਮੇਂ ਗੁਰਦੁਆਰਾ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਅਰਦਾਸ ਜਾਂਦੀ ਹੈ। ਇਸ ਮੇਲੇ ਵਿਚ ਵਿਰਾਸਤੀ ਪ੍ਰੋਗਰਾਮ, ਤਰਕਸੀਲ ਨਾਟਕ, ਸੂਫ਼ੀਆਨਾ ਕਲਾਮ, ਸੈਮੀਨਾਰ, ਕੌਮੀ ਲੋਕ ਨਾਚ ਅਤੇ ਪੇਂਡੂ ਖੇਡਾਂ ਦੇ ਪ੍ਰੋਗਰਾਮ ਕਰਵਾਏ ਜਾਂਦੇ ਹਨ। ਕਿਲ੍ਹਾ ਮੁਬਾਰਕ ਤੋਂ ਦਰਬਾਰ ਗੰਜ ਤੱਕ ਕਾਫ਼ਲਾ-ਏ-ਵਿਰਾਸਤ ਜਿਸ ਵਿੱਚ ਪੁਰਾਤਨ ਰੱਥ,ਘੋੜੇ,ਊਠ,ਹਾਥੀ, ਬੈਂਡ ਅਤੇ ਵੱਖ ਵੱਖ ਵਿਰਾਸਤੀ ਆਈਟਮਾਂ ਸਾਮਲ ਕੀਤੀਆਂ ਜਾਂਦੀਆਂ। ਬਾਬਾ ਫ਼ਰੀਦ ਮੇਲੇ ਵਿਚ ਵਿਰਾਸਤੀ ਨੁਮਾਇਸਾਂ,ਪੰਜਾਬੀ ਲੋਕ ਗਾਇਕੀ, ਸੈਮੀਨਾਰ,ਪੁਸ਼ਤਕ ਪ੍ਰਦਰਸ਼ਨੀ ਅਤੇ ਕਵੀ ਦਰਬਾਰ,ਕੈਲੀਗਰਾਫੀ ਮੁਕਾਬਲੇ ਮੇਲੇ ਵਿਚ ਆਉਣ ਵਾਲੇ ਸ਼ਰਧਾਲੂਆਂ ਤਕ ਬਾਬਾ ਫ਼ਰੀਦ ਦਾ ਸੰਦੇਸ਼ ਪਹੁੰਚਾਉਣ ਲਈ ਕੀਤੇ ਜਾਂਦੇ ਹਨ। ਖੇਡਾਂ ਵਿਚ ਕਬੱਡੀ, ਫੁੱਟਬਾਲ, ਹਾਕੀ, ਬਾਸਕਿਟਬਾਲ, ਕ੍ਰਿਕਟ, ਦੰਗਲ, ਸ਼ੂਟਿੰਗ ਬਾਲ ਚੈਂਪੀਅਨਸਿਪ,ਬੈਡਮਿੰਟਨ ਟੂਰਨਾਂਮੈਂਟ, ਫਨ ਗੇਮਜ,ਸਭਿਆਚਾਰਕ ਪ੍ਰੋਗਰਾਮ ਕਰਵਾਏ ਜਾਂਦੇ ਹਨ।

ਬਾਬਾ ਫ਼ਰੀਦ ਆਗਮਨ ਪੁਰਬ ਦੇ ਆਖਰੀ ਦਿਨ 23 ਸਤੰਬਰ ਨੂੰ ਧਾਰਮਿਕ ਸਮਾਗਮਾਂ ਦੌਰਾਨ ਗੁਰਦੁਆਰਾ ਟਿੱਲਾ ਬਾਬਾ ਸ਼ੇਖ ਫ਼ਰੀਦ ਤੋਂ ਗੁਰਦੁਆਰਾ ਸ੍ਰੀ ਗੋਦੜੀ ਸਾਹਿਬ ਤਕ ਨਗਰ ਕੀਰਤਨ ਸਜਾਇਆ ਜਾਂਦਾ ਹੈ। ਗੁਰਦਆਰਾ ਸ੍ਰੀ ਗੋਦੜੀ ਵਿਖੇ ਕੀਰਤਨ ਦਰਬਾਰ, ਧਾਰਮਿਕ ਸਮਾਗਮ ਅਤੇ ਸਨਮਾਨ ਸਮਾਰੋਹ ਕੀਤਾ ਜਾਦਾ ਹੈ। ਸਭਿਆਚਾਰਕ ਪ੍ਰੋਗਰਾਮਾਂ ਰਾਹੀ ਦਰਸ਼ਕਾਂ ਦਾ ਮਨੋਰੰਜਨ ਕੀਤਾ ਜਾਂਦਾ ਹੈ। ਸ਼ਹਿਰ ਨਿਵਾਸੀ 22 ਅਤੇ 23 ਸਤੰਬਰ ਨੂੰ ਆਪਣੇ ਘਰਾਂ ਵਿੱਚ ਰੋਸ਼ਨੀ ਕਰਕੇ ਬਾਬਾ ਸ਼ੇਖ ਫਰੀਦ ਜੀ ਨੂੰ ਅਕੀਦਤ ਦੇ ਫੁੱਲ ਭੇਂਟ ਕਰਦੇ ਹਨ।



ਬਾਬਾ ਫ਼ਰੀਦ ਜੀ ਦੀਆਂ ਸਿੱਖਿਆਵਾਂ ਸਾਨੂੰ ਆਤਮ ਚਿੰਤਨ ਕਰਨ ਦਾ ਸੰਦੇਸ ਦਿੰਦੀਆਂ ਹਨ,

‘ਫ਼ਰੀਦਾ ਜੇ ਤੂ[3] ਅਕਲ ਲਤੀਫ ਕਾਲੇ ਲਿਖ ਨਾ ਲੇਖ।
ਆਪਨੜੇ ਗਿਰਵਾਨ ਮੇਂ ਸਿਰ ਨੀਵਾਂ ਕਰ ਵੇਖ’॥

ਇਕ ਹੋਰ ਸ਼ਲੋਕ ਰਾਂਹੀ ਮਨੁੱਖਤਾ ਨੂੰ ਟੁੰਬਦੇ ਹੋਏ ਲਿਖਦੇ ਹਨ,

‘ਫ਼ਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸ[1]।
ਗੁਨਹੀ ਭਰਿਆ ਮੈਂ ਫਿਰਾਂ ਲੋਕ ਕਹੈ ਦਰਵੇਸ਼’॥

ਇਥੇ ਹੀ ਬਸ ਨਹੀਂ ਬਾਬਾ ਫ਼ਰੀਦ ਸਾਨੂੰ ਆਪਣੀ ਪਵਿੱਤਰ ਬਾਣੀ ਰਾਂਹੀ ਨਿਮਾਣੇ ਹੋਕੇ ਜਿਓਣ ਦਾ ਸੰਦੇਸ ਦਿੰਦੇ ਹੋਏ ਕਹਿੰਦੇ ਹਨ,

‘ਫ਼ਰੀਦਾ ਜੋ ਤੈਂ ਮਾਰਨਿ ਮੁਕੀਆਂ, ਤਿਨ੍ਹਾ ਨ ਮਾਰੇ ਘੁੰਮਿ।
ਆਪਨੜੈ ਘਰਿ ਜਾਈਐ, ਪੈਰ ਤਿਨਾ ਦੇ ਚੁੰਮ’॥

ਬਾਬਾ ਫ਼ਰੀਦ ਜੀ ਮਨੁੱਖਤਾ ਨੂੰ ਪ੍ਰੇਰਨਾ ਕਰਦੇ ਹੋਏ ਚਿਤਾਵਨੀ ਦਿੰਦੇ ਹਨ ਕਿ ਹੇ ਇਨਸਾਨ ਜੋ ਦੁਨੀਆ ਵਿਚ ਕਾਰਨਾਮੇ ਕਰਦਾ ਹੈਂ ਇਸ ਦਾ ਹਿਸਾਬ ਦੇਣਾ ਪੈਣਾ ਹੈ,

‘ਫ਼ਰੀਦਾ ਜਿਨੀ ਕੰਮੀ ਨਾਹਿ ਗੁਣ, ਤੇ ਕੰਮੜੇ ਵਿਸਾਰ।
ਮਤੁ ਸਰਮਿੰਦਾ ਥੀਵਹੀ, ਸਾਂਈ ਦੇ ਦਰਬਾਰ’॥

ਮਹਾਂਪੁਰਸ਼ਾ ਗੁਰੂਆਂ,ਪੀਰਾਂ,ਪੈਗੰਬਰਾਂ ਦੀ ਯਾਦ ਵਿਚ ਕੀਤੇ ਜਾਂਦੇ ਸਮਾਗਮਾਂ ਦਾ ਮੰਤਵ ਉਨ੍ਹਾਂ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਕੰਮਾਂ ਅਤੇ ਉਨ੍ਹਾਂ ਦੇ ਉਪਦੇਸ਼ਾ ਨੂੰ ਅਸੀਂ ਆਪਣੇ ਜੀਵਨ ਵਿਚ ਅਪਨਾਈਏ। ਪ੍ਰਮਾਤਮਾ ਵਲੋਂ ਸਾਜੀ ਸਾਰੀ ਸ੍ਰਿਸਟੀ ਵਿਚ ਇੱਕ ਜੋਤ ਦਾ ਵਾਸਾ ਹੈ, ਫਿਰ ਅਸੀਂ ਦੂਜੇ ਨੂੰ ਆਪਣੇ ਤੋਂ ਨੀਵਾਂ ਕਿਓਂ ਵੇਖਦੇ ਹਾਂ। ਸਾਰੇ ਮਾਨਵ ਹਿਰਦੇ ਅਮੋਲਕ ਰਤਨ ਹਨ, ਇਨ੍ਹਾ ਨੂੰ ਤੋੜਨਾ,ਇਨ੍ਹਾ ਨੂੰ ਠੇਸ ਪਹੁੰਚਾਣੀ ਅਪਰਾਧ ਹੈ। ਜਿਸਦਾ ਨਿਰਣਾ ਬਾਬਾ ਫ਼ਰੀਦ ਜੀ ਨੇ ਆਪਣੀ ਬਾਣੀ ਦੇ ਸੰਦੇਸ ਰਾਂਹੀਂ ਕੀਤਾ ਹੈ,

‘ਇਕ ਫਿੱਕਾ ਨਾ ਗਾਲਾਇ, ਸਭਨਾ ਮੈ ਸਚਾ ਧਣੀ।
ਹਿਆਉ ਨ ਕੈਹੀ ਠਾਹਿ, ਮਾਣਕ ਸਭ ਅਮੋਲਵੇ’॥

## ਬੇਰੁਜ਼ਗਾਰੀ ਮਹਿੰਗਾਈ ਵੱਡੀ ਜੰਗ




ਅੱਜ ਹਰ ਕੋਈ ਇਹ ਹੀ ਕਹਿ ਰਿਹਾ, ਕਿ ਸਾਨੂੰ ਮਹਿੰਗਾਈ ਦਾ ਮੁਕਾਬਲਾ ਕਰਨ ਲਈ ਬਰਾਬਰ ਦਾ ਹਥਿਆਰ (ਰੁਜ਼ਗਾਰ) ਕਰਨ ਲਈ ਕੰਮ ਚਾਹੀਦਾ ਹੈ। ਜੇ ਹਰ ਆਦਮੀ ਕੋਲ ਯੋਗਤਾ ਮੁਤਾਬਿਕ ਕੰਮ ਹੋਵੇ, ਤਾਂ ਸਮਾਜ ਵਿੱਚੋਂ ਨਸ਼ੇ ਦੰਗੇ ਆਦਿ ਭੈੜੀਆਂ ਅਲਾਮਤਾਂ ਦਾ ਖਾਤਮਾ ਹੋ ਸਕਦਾ ਹੈ। ਸਿਆਣਿਆਂ ਦੇ ਕਹਿਣ ਮੁਤਾਬਕ " ਵਿਹਲਾ ਮਨ ਸ਼ੈਤਾਨ ਦਾ ਘਰ" ਕਿਸੇ ਕੋਲ ਗ਼ਲਤ ਸੋਚਣ ਦਾ ਮੌਕ਼ਾ ਹੀ ਨਾ ਹੋਵੇ। ਮਹਿੰਗਾਈ ਬੇਰੁਜ਼ਗਾਰੀ ਦੇ ਮੁੱਖ ਕਾਰਨ-

1 ਵੱਧਦੀ ਦੀ ਅਬਾਦੀ 2 ਕੁਦਰਤੀ ਆਫ਼ਤਾਂ 3 ਆਪ ਸਹੇੜੀਆਂ ਜੰਗਾਂ ਭਾਵ ਲੜਾਈਆਂ ਕਿਉਂ ਕਿ ਇਹ ਕਾਰਨ ਮੁਲਕਾਂ ਨੂੰ ਥੋੜੇ ਸਮੇਂ ਵਿੱਚ ਸੈਂਕੜੇ ਸਾਲ ਪਿੱਛੇ ਲੈ ਜਾਂਦੇ ਹਨ। ਜਿੰਨਾਂ ਕਰਕੇ ਅਰਬਾਂ ਖਰਬਾਂ ਰੁਪਏ ਅਤੇ ਜਾਨੀ ਮਾਲੀ ਨੁਕਸਾਨ ਬਹੁਤ ਹੋ ਜਾਂਦਾ ਹੈ।

ਅਤੇ ਦੂਸਰੇ ਦੇਸ਼ਾਂ ਵੱਲੋਂ ਉਹਨਾਂ ਮੁਲਕਾਂ ਨੂੰ ਪੈਰਾਂ ਸਿਰ ਕਰਨ ਲਈ ਯੋਗ ਯਤਨ ਕਰਨੇ ਪੈਂਦੇ ਹਨ। ਜਿੰਨਾਂ ਦਾ ਖੁਮਿਆਜਾ ਦੁਨੀਆਂ ਦੇ ਹਰੇਕ ਨਾਗਰਿਕ ਆਦਮੀ ਨੂੰ ਝੱਲਣਾ ਪੈਂਦਾ ਹੈ।

ਇਸ ਕਰਕੇ ਵੀ ਬੇਰੁਜ਼ਗਾਰੀ ਮਹਿੰਗਾਈ ਵਿੱਚ ਵਾਧਾ ਹੁੰਦਾ ਹੈ। ਕੁਝ ਕਾਰਨ ਸਾਡੀਆਂ ਸਰਕਾਰਾਂ ਦੀ ਨਲਾਇਕੀਆਂ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਵੋਟਾਂ ਵੇਲੇ ਵੱਡੇ ਵੱਡੇ ਵਾਅਦੇ ਗਪੋੜਬਾਜੀ ਪਰ ਅਸਲੀਅਤ ਵੇਲੇ ਕੁਝ ਵੀ ਨਹੀਂ। ਅੱਜ ਵੱਡੀਆਂ ਵੱਡੀਆਂ ਯੂਨੀਵਰਸਿਟੀਆ ਕਾਲਜ ਡਿਗਰੀਆਂ ਦੇਣ ਦਾ ਦਾਅਵਾ ਤਾਂ ਕਰਦੇ ਹਨ, ਪਰ ਨੌਕਰੀਆਂ ਦਾ ਨਹੀਂ। ਇਸ ਕਰਕੇ ਵੀ ਸਾਡੀ ਨੌਜਵਾਨੀ ਲੱਖਾਂ ਰੁਪਏ ਖਰਚ ਕਰਕੇ ਰੁਜ਼ਗਾਰ ਨਾ ਮਿਲਣ ਕਾਰਨ ਗਲਤ ਰਸਤਾ ਅਖ਼ਤਿਆਰ ਕਰ ਲੈਂਦੀ ਹੈ।

ਅੱਜ ਵਿਗਿਆਨਕ ਯੁੱਗ ਹੋਣ ਕਰਕੇ ਸਾਡੀ ਸਾਇੰਸ ਸਿਖਰ ਤੇ ਹੈ, ਹਰ ਵਿਅਕਤੀ ਨਾਲ ਰਲਣ ਲਈ ਪੈੜ ਵਿੱਚ ਪੈੜ ਰੱਖ ਰਿਹਾ, ਜੇ ਦੂਜੇ ਪਾਸੇ ਧਿਆਨ ਮਾਰੀਏ ਬੇਰੁਜ਼ਗਾਰੀ ਤੇ ਮਹਿੰਗਾਈ ਵੀ ਸਿਖਰ ਤੇ ਪੁੱਜ ਚੁੱਕੀ ਹੈ। ਜਿਸ ਦਾ ਕਿਸੇ ਕੋਲੇ ਕੋਈ ਹੱਲ ਨਹੀਂ ਰਿਹਾ। ਉਹ ਦਿਨੋਂ ਦਿਨ ਬੇ ਲਗਾਮ ਹੋ ਕੇ ਤਬਾਹੀ ਦੇ ਮਜ਼ਾਰ ਵੱਲ ਨੂੰ ਵੱਧ ਰਹੀ ਹੈ। ਇਹ ਸਾਡੀਆਂ ਸਰਕਾਰਾਂ ਨੁਮਾਇੰਦਿਆਂ ਵਾਸਤੇ ਬਹੁਤ ਵੱਡੀ ਚੁਨੌਤੀ ਹੈ। ਡੀਜੀਟਲ ਦੇਸ਼ ਕਹੀ ਜਾਣਾ, ਅਰਥ ਵਿਵਸਥਾਵਾਂ ਦਾ ਵੱਧ ਜਾਣਾ ਕੇਵਲ ਕਾਗਜ਼ਾਂ ਤੱਕ ਹੀ ਸੀਮਿਤ ਹੈ ਪਰ ਅਸਲੀਅਤ ਕੁਝ ਹੋਰ ਹੈ। ਬੇਰੁਜ਼ਗਾਰੀ ਮਹਿੰਗਾਈ ਇੱਕ ਅਜਿਹਾ ਰਸਾਇਣਿਕ ਕੈਮੀਕਲ ਹੈ, ਜੋ ਅੰਦਰੋਂ ਅੰਦਰੀ ਸਭ ਨੂੰ ਖੋਖਲਾ ਕਰ ਰਿਹਾ ਹੈ। ਸਾਡੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ "ਥੁੱਕਾ ਨਾਲ ਵੜੇ ਨਹੀਂ ਪੱਕਦੇ" ਕੁੱਝ ਨਾ ਕੁੱਝ ਕਰਕੇ ਵਿਖਾਉਣਾ ਪੈਂਦਾ। ਰੋਜ਼ਗਾਰ ਦੇ ਸਾਧਨ ਪੈਦਾ ਕਰੇ, ਮਹਿੰਗਾਈ ਤੇ ਕੰਟਰੋਲ ਹੋਵੇ ਉਸੇ ਵੇਲੇ ਹੀ ਦੰਗੇ ਫ਼ਸਾਦ ਨਸ਼ੇ ਧਰਨੇ ਮੁਜ਼ਾਹਰੇ ਸਭ ਖ਼ਤਮ ਹੋ ਜਾਣਗੇ। ਅਜਿਹਾ ਕੋਈ ਮਸਲਾ ਨਹੀਂ ਜਿਸ ਦਾ ਹੱਲ ਨਾ ਹੋਵੇ, ਪਰ ਨੀਅਤ ਸਾਫ ਹੋਣੀਂ ਚਾਹੀਦੀ ਹੈ। ਆਸ ਹੈ ਕਿ ਸਰਕਾਰਾਂ ਇਹਨਾਂ ਗੱਲਾਂ ਵੱਲ ਵਿਸ਼ੇਸ਼ ਧਿਆਨ ਦੇਣਗੀਆਂ।

ਹਰਪ੍ਰੀਤ ਪੱਤੋ
94658-21417

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗ਼ਮ 'ਚ ਕਾਵਿ-ਪੁਸਤਕ 'ਮਹਿਕਦੇ ਅਲਫ਼ਾਜ਼' ਕੀਤੀ ਗਈ ਲੋਕ-ਅਰਪਿਤ

## "ਕਵੀ ਆਪਣੀ ਕਵਿਤਾ ਵਿਚ ਜਿੰਨਾ ਵਧੇਰੇ ਛਿਪਾ ਸਕਦਾ ਹੈ, ਉਹ ਓਨਾ ਹੀ ਵੱਡਾ ਕਵੀ ਹੁੰਦਾ ਹੈ" -ਪ੍ਰੋ. ਰਾਮ ਸਿੰਘ




ਬਰੈਂਪਟਨ, (ਡਾ.ਝੰਡ) -ਲੰਘੇ ਐਤਵਾਰ 18 ਸਤੰਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਮਹੀਨੇਵਾਰ ਸਮਾਗ਼ਮ ਵਿਚ ਡਾ. ਜਗਮੋਹਨ ਸਿੰਘ ਸੰਘਾ ਅਤੇ ਡਾ. ਰਵਿੰਦਰ ਕੌਰ ਭਾਟੀਆਂ ਵੱਲੋਂ ਸੰਪਾਦਿਤ ਪੁਸਤਕ 'ਮਹਿਕਦੇ ਅਲਫ਼ਾਜ਼' ਲੋਕ-ਅਰਪਿਤ ਕੀਤੀ ਗਈ। ਸਰੋਤਿਆਂ ਨਾਲ ਪੁਸਤਕ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਸਮਾਗ਼ਮ ਦੇ ਮੁੱਖ-ਬੁਲਾਰੇ ਪ੍ਰੋ. ਤਲਵਿੰਦਰ ਸਿੰਘ ਮੰਡ ਸਨ, ਜਦ ਕਿ ਸਭਾ ਦੇ ਕਈ ਹੋਰ ਮੈਂਬਰਾਂ ਨੇ ਵੀ ਇਸ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਪ੍ਰਧਾਨਗੀ-ਮੰਡਲ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ, ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ, ਡਾ. ਪਰਗਟ ਸਿੰਘ ਬੱਗਾ, ਪ੍ਰੋ. ਰਾਮ ਸਿੰਘ ਅਤੇ ਮੈਡਮ ਨਰਿੰਦਰ ਕੌਰ ਭੁੱਚੋ ਸੁਸ਼ੋਭਿਤ ਸਨ। ਸਮਾਗ਼ਮ ਦੇ ਆਰੰਭ ਵਿਚ ਮੰਚ-ਸੰਚਾਲਕ ਮਲੂਕ ਸਿੰਘ ਕਾਹਲੋਂ ਵੱਲੋਂ ਆਏ ਮਹਿਮਾਨਾਂ, ਮੈਂਬਰਾਂ ਤੇ ਸਾਹਿਤ-ਪ੍ਰੇਮੀਆਂ ਦੇ ਰਸਮੀ-ਸੁਆਗ਼ਤ ਤੋਂ ਬਾਅਦ ਪੁਸਤਕ 'ਮਹਿਕਦੇ ਅਲਫ਼ਾਜ਼' ਪ੍ਰਧਾਨਗੀ-ਮੰਡਲ, ਸਭਾ ਦੀ ਕਾਰਜਕਾਰਨੀ ਦੇ ਮੈਂਬਰਾਂ ਅਤੇ ਚੋਣਵੇਂ ਮਹਿਮਾਨਾਂ ਦੀ ਹਾਜ਼ਰੀ ਵਿਚ ਲੋਕ ਅਰਪਿਤ ਕੀਤੀ ਗਈ।

ਉਪਰੰਤ, ਮੰਚ-ਸੰਚਾਲਕ ਵੱਲੋਂ ਮੁੱਖ-ਬੁਲਾਰੇ ਪ੍ਰੋ. ਤਲਵਿੰਦਰ ਸਿੰਘ ਮੰਡ ਨੂੰ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕਰਨ ਲਈ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਪੁਸਤਕ ਬਾਰੇ ਗੱਲ ਕਰਨ ਕਰਦਿਆਂ ਹੋਇਆ ਕਿਹਾ ਕਿ ਕਿਸੇ ਵੀ ਪੁਸਤਕ ਦੇ ਤਿੰਨ ਮੁੱਖ ਪਹਿਲੂ ਉਸ ਦਾ ਲੇਖਕ, ਰਚਨਾ ਅਤੇ ਪਾਠਕ ਹੁੰਦੇ ਹਨ ਅਤੇ ਇਸ ਵਿਚ ਪ੍ਰਮੁੱਖ ਜਿੰਮੇਂਵਾਰੀ ਲੇਖਕ ਦੀ ਹੁੰਦੀ ਹੈ। ਸੰਪਾਦਿਤ ਪੁਸਤਕ ਵਿਚ ਇਹ ਜ਼ਿੰਮੇਂਵਾਰੀ ਸੰਪਾਦਕ/ਸੰਪਾਦਕਾਂ ਦੀ ਬਣ ਜਾਂਦੀ ਹੈ ਜਿਨ੍ਹਾਂ ਨੇ ਇਸ ਵਿਚਲੇ ਮੈਟਰ ਦੀ ਚੋਣ ਅਤੇ ਉਸ ਦੀ ਐਡੀਟਿੰਗ ਕਰਨੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸੰਪਾਦਨਾ ਦਾ ਇਹ ਕਾਫ਼ੀ ਮੁਸ਼ਕਲ ਤੇ ਪੇਚੀਦਾ ਹੈ, ਕਿਉਂਕਿ ਸੰਪਾਦਕਾਂ ਨੇ ਪੁਸਤਕ ਲਈ ਨਿਰਧਾਰਿਤ ਮਿਆਰ ਅਨੁਸਾਰ ਉਸ ਲਈ ਰਚਨਾਵਾਂ ਦੀ ਚੋਣ ਕਰਨੀ ਹੁੰਦੀ ਹੈ ਅਤੇ ਇਸ ਦੇ ਲਈ ਉਨ੍ਹਾਂ ਨੂੰ ਕਈ ਲੇਖਕਾਂ ਦੀਆਂ ਨਾਰਾਜ਼ਗੀਆਂ ਵੀ ਮੁੱਲ ਲੈਣੀਆਂ ਪੈਂਦੀਆਂ ਹਨ। ਹੱਥਲੀ ਪੁਸਤਕ 'ਮਹਿਕਦੇ ਅਲਫ਼ਾਜ਼' ਬਾਰੇ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸੰਪਾਦਕਾਂ ਵੱਲੋਂ ਇਸ ਪੁਸਤਕ ਦੀ ਸੰਪਾਦਨਾ ਕਰਕੇ ਵਧੀਆ ਉਪਰਾਲਾ ਕੀਤਾ ਗਿਆ ਹੈ ਪਰ ਜਿੱਥੇ ਇਸ ਵਿਚ ਬਹੁਤ ਸਾਰੀਆਂ ਮਿਆਰੀ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਉੱਥੇ ਕੁਝ ਰਚਨਾਵਾਂ ਮਿਆਰ ਤੋਂ ਹੇਠਾਂ ਵੀ ਹਨ।

ਦੂਸਰੇ ਬੁਲਾਰੇ ਡਾ. ਸੁਖਦੇਵ ਸਿੰਘ ਝੰਡ ਜਿਨ੍ਹਾਂ ਨੇ ਇਸ ਪੁਸਤਕ ਦਾ ਮੁੱਖ-ਬੰਦ ਵੀ ਲਿਖਿਆ ਹੈ, ਨੇ ਪੁਸਤਕ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ 'ਮਹਿਕਦੇ ਅਲਫ਼ਾਜ਼' ਵੱਖ-ਵੱਖ ਰੰਗਾਂ ਅਤੇ ਮਹਿਕਾਂ ਦੇ ਕਾਵਿ-ਰੂਪੀ ਫੁੱਲਾਂ ਦਾ 'ਗੁਲਦਸਤਾ' ਹੈ ਜਿਸ ਵਿਚ ਭਾਰਤ, ਪਾਕਿਸਤਾਨ, ਅਮਰੀਕਾ, ਕੈਨੇਡਾ, ਇੰਗਲੈਂਡ, ਫ਼ਰਾਂਸ, ਆਦਿ ਦੇਸ਼ਾਂ ਦੇ 70 ਲੇਖਕਾਂ ਦੀਆਂ ਵੱਖ-ਵੱਖ ਕਿਸਮਾਂ ਦੀਆਂ ਕਵਿਤਾਵਾਂ, ਗ਼ਜ਼ਲਾਂ ਤੇ ਗੀਤ ਸ਼ਾਮਲ ਕੀਤੇ ਗਏ ਹਨ। ਇਸ 'ਗੁਲਦਸਤੇ' ਦੇ ਕਈ ਫੁੱਲ ਵਧੇਰੇ ਮਹਿਕ ਖਿਲਾਰਨ ਵਾਲੇ ਹਨ ਅਤੇ ਕਈ ਘੱਟ ਮਹਿਕਦਾਰ ਵੀ ਹਨ। ਪੁਸਤਕ ਵਿਚ ਸੰਪਾਦਕਾਂ ਵੱਲੋਂ ਨਵੀਆਂ ਕਲਮਾਂ ਨੂੰ ਬਣਦੀ ਥਾਂ ਦੇ ਕੇ ਉਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕੀਤੀ ਗਈ ਹੈ।




ਅਲਬੱਤਾ, ਇਸ ਵਿਚ ਕਈ ਰਚਨਾਵਾਂ ਦੀ ਚੋਣ ਵਿਚ ਮਿਆਰ ਨੂੰ ਲੋੜੀਂਦੀ ਅਹਿਮੀਅਤ ਨਹੀਂ ਦਿੱਤੀ ਗਈ। ਸੰਪਾਦਕਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਉੱਘੇ ਗਾਇਕ ਇਕਬਾਲ ਬਰਾੜ ਨੇ ਪੁਸਤਕ ਨੂੰ 'ਜੀ ਆਇਆਂ' ਕਿਹਾ ਅਤੇ ਨਾਲ ਹੀ ਇਸ ਵਿਚ ਸ਼ਬਦਾਂ ਤੇ ਅੱਖਰਾਂ ਵਿਚ ਰਹਿ ਗਈਆਂ ਗ਼ਲਤੀਆਂ ਬਾਰੇ ਵੀ ਉਨ੍ਹਾਂ ਨੂੰ ਸੁਚੇਤ ਕੀਤਾ, ਖ਼ਾਸ ਕਰਕੇ ਬਿੰਦੀ ਵਾਲੇ ਅੱਖਰਾਂ ਦੀਆਂ ਕਈ ਗ਼ਲਤੀਆਂ ਉਨ੍ਹਾਂ ਵੱਲੋਂ ਸੰਪਾਦਕਾਂ ਦੇ ਨੋਟਿਸ ਵਿਚ ਲਿਆਂਦੀਆਂ ਗਈਆਂ।

ਸੁਰਜੀਤ ਕੌਰ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸੰਪਾਦਨਾ ਦਾ ਕਾਰਜ ਬੜਾ ਚੁਣੌਤੀ ਭਰਪੂਰ ਹੁੰਦਾ ਹੈ ਅਤੇ ਇਸ ਦੇ ਲਈ ਸੰਪਾਦਕਾਂ ਨੂੰ ਬੜੀ ਮਿਹਨਤ ਕਰਨੀ ਪੈਂਦੀ ਹੈ। ਆਪਣੇ ਇਸ ਕਥਨ ਦੀ ਪ੍ਰੋੜ੍ਹਤਾ ਲਈ ਉਨ੍ਹਾਂ ਆਪਣੇ ਵੱਲੋਂ ਸੰਪਾਦਿਤ ਕੀਤੀ ਗਈ ਕਹਾਣੀਆਂ ਦੀ ਇਕ ਪੁਸਤਕ ਦਾ ਹਵਾਲਾ ਵੀ ਦਿੱਤਾ। ਸੰਪਾਦਕਾਂ ਦੀ ਹੌਸਲਾ-ਅਫ਼ਜ਼ਾਈ ਕਰਦਿਆਂ ਹੋਇਆਂ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਨੇ ਉਨ੍ਹਾਂ ਦੇ ਇਸ ਉਪਰਾਲੇ ਨੂੰ ਵਧੀਆ ਕਦਮ ਕਰਾਰ ਦਿੱਤਾ ਅਤੇ ਭਵਿੱਖ ਵਿਚ ਉਨ੍ਹਾਂ ਕੋਲੋਂ ਹੋਰ ਮਿਆਰੀ ਪੁਸਤਕਾਂ ਦੀ ਸੰਪਾਦਨਾ ਦੀ ਆਸ ਪ੍ਰਗਟ ਕੀਤੀ। ਪ੍ਰੋ. ਰਾਮ ਸਿੰਘ ਨੇ ਆਪਣੇ ਸੰਬੋਧਨ ਵਿਚ ਕਵਿਤਾ ਅਤੇ ਕਵੀ ਬਾਰੇ ਵੱਡਮੁੱਲੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਕਵਿਤਾ ਦੀ ਖ਼ੂਬਸੂਰਤੀ ਕਵੀ ਵੱਲੋਂ ਇਸ ਵਿਚ ਛਿਪਾਏ ਗਏ ਵਿਚਾਰਾਂ ਵਿਚ ਹੁੰਦੀ ਹੈ ਜਿਨ੍ਹਾਂ ਦੀਆਂ ਕਈ ਪਰਤਾਂ ਹੋ ਸਕਦੀਆਂ ਹਨ। ਪਾਠਕ ਇਨ੍ਹਾਂ ਪਰਤਾਂ ਨੂੰ ਖੋਲ੍ਹਦਾ ਹੋਇਆ ਕਵਿਤਾ ਵਿੱਚਲਾ ਅਨੰਦ ਮਾਣਦਾ ਹੈ। ਉਨ੍ਹਾਂ ਕਿਹਾ ਕਿ ਕਵੀ ਆਪਣੀ ਕਵਿਤਾ ਜਿੰਨਾ ਵਧੇਰੇ ਛਿਪਾ ਸਕਦਾ ਹੈ, ਉਹ ਓਨਾ ਹੀ ਵੱਡਾ ਕਵੀ ਹੁੰਦਾ ਹੈ। ਇਸ ਮੌਕੇ ਪਰਮ ਸਰਾਂ ਨੇ ਵੀ ਪੁਸਤਕ ਸਬੰਧੀ ਆਪਣੇ ਵਿਚਾਰ ਪ੍ਰਗਟ ਪੇਸ਼ ਕੀਤੇ। ਪੁਸਤਕ ਦੇ ਸੰਪਾਦਕ ਡਾ. ਜਗਮੋਹਨ ਸਿੰਘ ਸੰਘਾ ਵੱਲੋਂ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਮੈਂਬਰਾਂ, ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਪੁਸਤਕ ਦੀ ਸੰਪਾਦਨਾ ਦੌਰਾਨ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਜਿਸ ਕਾਰਨ ਇਸ ਵਿਚ ਕਈ ਤਰੁੱਟੀਆਂ ਰਹਿ ਗਈਆਂ। ਉਹ ਇਨ੍ਹਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਹਨ ਅਤੇ ਅੱਗੇ ਤੋਂ ਇਸ ਦਾ ਪੂਰਾ ਖ਼ਿਆਲ ਰੱਖਣਗੇ।
।

ਸਮਾਗ਼ਮ ਦੇ ਦੂਸਰੇ ਭਾਗ ਵਿਚ ਕਵੀ ਦਰਬਾਰ ਹੋਇਆ ਜਿਸ ਦੇ ਮੰਚ-ਸੰਚਾਲਕ ਤਲਵਿੰਦਰ ਮੰਡ ਨੇ ਸੱਭ ਤੋਂ ਪਹਿਲਾਂ ਸੁਖਦੇਵ ਸਿੰਘ ਝੰਡ ਨੂੰ ਕਵਿਤਾ ਪੇਸ਼ ਕਰਨ ਲਈ ਕਿਹਾ। ਉਨ੍ਹਾਂ ਵੱਲੋਂ ਆਪਣੀ ਕਵਿਤਾ ਵਿਚ ਭਾਰਤ-ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਦੇ ਅਤੇ ਕੁਝ ਬਾਅਦ ਦੇ ਹਾਲਾਤ ਬਿਆਨ ਕੀਤੇ ਗਏ। ਉਪਰੰਤ, ਬਰਲਿੰਗਟਨ ਤੋਂ ਆਏ ਕਵੀ ਜਰਨੈਲ ਸਿੰਘ ਮੱਲ੍ਹੀ ਤੇ ਡਾ. ਪਰਗਟ ਸਿੰਘ ਬੱਗਾ, ਪਰਮਜੀਤ ਸਿੰਘ ਗਿੱਲ, ਡਾ. ਜਗਮੋਹਨ ਸੰਘਾ, ਲਹਿੰਦੇ ਪੰਜਾਬ ਦੇ ਸ਼ਾਇਰਾਂ ਅਬਦੁਲ ਹਮੀਦ, ਬਸ਼ੱਰਤ ਰੇਹਾਨ, ਸ਼ੋਇਬ ਨਾਸਰ, ਪ੍ਰੋ. ਆਸ਼ਿਕ ਰਹੀਲ ਤੇ ਮਕਸੂਦ ਚੌਧਰੀ, ਗਾਇਕਾਂ ਇਕਬਾਲ ਬਰਾੜ, ਰਿੰਟੂ ਭਾਟੀਆ ਤੇ ਔਜਲਾ ਬਰੱਦਰ, ਡਾ. ਗਿਆਨ ਸਿੰਘ ਘਈ, ਗਿਆਨ ਸਿੰਘ ਦਰਦੀ, ਮਲਵਿੰਦਰ, ਸੰਜੀਵ ਕਾਫ਼ਿਰ, ਸੁਰਿੰਦਰ ਸ਼ਰਮਾ, ਨਰਿੰਦਰ ਕੌਰ ਭੁੱਚੋ, ਪਰਮ ਸਰਾਂ, ਹਰਜਸਪ੍ਰੀਤ ਗਿੱਲ, ਨਰਿੰਦਰ ਭੁੱਚੋ, ਰੂਬੀ ਕਰਤਾਰਪੁਰੀ ਵੱਲੋਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਰੌਸ਼ਨ ਪਾਠਕ ਵੱਲੋਂ ਸਾਹਿਤਕ ਇਕੱਤਰਤਾਵਾਂ ਦੇ ਉਪਰਾਲਿਆਂ ਦੀ ਸਰਾਹਨਾ ਕੀਤੀ ਗਈ ਅਤੇ ਨਾਲ ਹੀ ਉਨ੍ਹਾਂ ਵੱਲੋਂ 23-24 ਸਤੰਬਰ ਨੂੰ ਰੱਖੀ ਗਈ ਇਕ ਸਮਾਜਿਕ ਕਾਨਫ਼ਰੰਸ ਬਾਰੇ ਜਾਣਕਾਰੀ ਵੀ ਸਾਂਝੀ ਕੀਤੀ ਗਈ। ਸਮਾਗ਼ਮ ਵਿਚ ਐਡਵੋਕੇਟ ਦਰਸ਼ਨ ਸਿੰਘ ਦਰਸ਼ਨ, ਡਾ. ਰਾਜੇਸ਼ ਕੁਮਾਰ ਪੱਲਣ, ਨਾਟਕਕਾਰ ਨਾਹਰ ਸਿੰਘ ਔਜਲਾ, ਹਰਜੀਤ ਬਾਜਵਾ, ਹਰਪਾਲ ਸਿੰਘ ਭਾਟੀਆ, ਲਾਲਜੀਤ ਸਿੰਘ, ਰਜਿੰਦਰ ਧਾਲੀਵਾਲ, ਅਵਤਾਰ ਸਿੰਘ ਸੰਧੂ, ਅਜੀਤ ਸਿੰਘ ਭੱਲ, ਪਰਸ਼ੋਤਮ ਸਿੰਘ, ਮਿਸਿਜ਼ ਗਿਆਨ ਸਿੰਘ ਘਈ ਸਮੇਤ ਕਈ ਹੋਰ ਹਾਜ਼ਰ ਸਨ।

ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਨੇਂ ਸਮਾਗ਼ਮ ਦੇ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਹੋਇਆਂ ਕਵਿਤਾ ਦੀ ਪ੍ਰੀਭਾਸ਼ਾ, ਚੰਗੀ ਕਵਿਤਾ ਦੇ ਗੁਣਾਂ ਅਤੇ ਇਸ ਦੀ ਪੇਸ਼ਕਾਰੀ ਬਾਰੇ ਵੱਡਮੁੱਲੇ ਵਿਚਾਰ ਪੇਸ਼ ਕੀਤੇ ਗਏ। ਇਸ ਦੇ ਨਾਲ ਹੀ ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਸੂਚਨਾ ਦਿੱਤੀ ਗਈ ਕਿ ਸਭਾ ਦਾ ਅਗਲੇ ਮਹੀਨੇ ਦਾ ਸਮਾਗ਼ਮ 15 ਅਕਤੂਬਰ ਦਿਨ ਐਤਵਾਰ ਨੂੰ ਬਰਲਿੰਗਟਨ ਵਿਚ ਹੋਵੇਗਾ ਜਿਸ ਬਾਰੇ ਵਿਸਤ੍ਰਿਤ ਜਾਣਕਾਰੀ ਆਉਂਦੇ ਕੁਝ ਦਿਨਾਂ ਵਿਚ ਸਾਹਿਤ-ਪ੍ਰੇਮੀਆਂ ਨਾਲ ਸਾਂਝੀ ਕੀਤੀ ਜਾਏਗੀ। ਸਮਾਗ਼ਮ ਦਾ ਸੱਦਾ-ਪੱਤਰ ਦੇਣ ਲਈ ਡਾ. ਪਰਗਟ ਸਿੰਘ ਬੱਗਾ ਅਤੇ ਜਰਨੈਲ ਸਿੰਘ ਮੱਲ੍ਹੀ ਉਚੇਚੇ ਤੌਰ 'ਤੇ ਇਸ ਸਮਾਗ਼ਮ ਵਿਚ ਪਧਾਰੇ। ਉਨ੍ਹਾਂ ਦੱਸਿਆ ਕਿ ਇਹ ਪ੍ਰੋਗਰਾਮ ਗੁਰੂ ਨਾਨਕ ਦੇਵ ਜੀ ਨੂੰ ਸਮੱਪਿਤ ਹੋਵੇਗਾ ਜਿਨ੍ਹਾਂ ਦਾ ਪ੍ਰਕਾਸ਼ ਪੁਰਬ ਉਸ ਤੋਂ ਅਗਲੇ ਮਹੀਨੇ ਨਵੰਬਰ ਵਿਚ ਆ ਰਿਹਾ ਹੈ।

# ਤਿਉਹਾਰ ਦਾ ਸੀਜ਼ਨ

-ਵਿਜੈ ਗਰਗ



ਇਨ੍ਹੀਂ ਦਿਨੀਂ ਤਿਉਹਾਰਾਂ ਦੀ ਰੌਣਕ ਹੈ। ਹਰ ਸਾਲ ਇਹ ਅਗਸਤ ਮਹੀਨੇ ਤੋਂ ਸ਼ੁਰੂ ਹੁੰਦਾ ਹੈ, ਜੋ ਦਸੰਬਰ ਦੇ ਅੰਤ ਤੱਕ ਚੱਲਦਾ ਹੈ। ਯਾਨੀ, ਵਿੱਤੀ ਸਾਲ ਦੀਆਂ ਦੋ ਤਿਮਾਹੀਆਂ ਇਸ ਸਮੇਂ ਨਾਲ ਸਬੰਧਤ ਹਨ ਅਤੇ ਇਹ ਤਿਮਾਹੀਆਂ ਚੰਗਾ ਮੁਨਾਫਾ ਦਰਜ ਕਰ ਸਕਦੀਆਂ ਹਨ, ਜੇਕਰ ਇਸ ਸਮੇਂ ਦੌਰਾਨ ਪ੍ਰਤੀ ਵਿਅਕਤੀ ਖਰੀਦ ਸਮਰੱਥਾ ਅਤੇ ਖਪਤ ਸਮਰੱਥਾ ਉੱਚ ਪੱਧਰ 'ਤੇ ਹੋਵੇ। ਇਨ੍ਹੀਂ ਦਿਨੀਂ ਆਰਥਿਕ ਵਿਕਾਸ ਦੇ ਅੰਕੜਿਆਂ ਨੇ ਆਜ਼ਾਦੀ ਦੇ ਅੰਮ੍ਰਿਤ ਨੂੰ ਨਵੀਂ ਸਕਾਰਾਤਮਕ ਊਰਜਾ ਦਿੱਤੀ ਹੈ। ਹੁਣ ਭਾਰਤ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਿਆ ਹੈ। ਇੰਗਲੈਂਡ ਛੇਵੇਂ ਸਥਾਨ 'ਤੇ ਹੈ। ਯਕੀਨਨ, ਹਰ ਇਹ ਭਾਰਤੀਆਂ ਲਈ ਮਾਣ ਵਾਲੀ ਗੱਲ ਹੈ। ਹੁਣ ਸਿਰਫ਼ ਜਰਮਨੀ, ਜਾਪਾਨ, ਚੀਨ ਅਤੇ ਅਮਰੀਕਾ ਸਾਡੇ ਤੋਂ ਅੱਗੇ ਹਨ। ਇਹ ਵੀ ਸੱਚ ਹੈ ਕਿ ਆਰਥਿਕ ਅੰਕੜੇ ਤੁਲ-ਨਾਤਮਕ ਆਧਾਰ ਦਾ ਸਿਰਫ਼ ਇੱਕ ਪੱਖ ਪੇਸ਼ ਕਰਦੇ ਹਨ, ਉਹ ਪੂਰੀ ਤਸਵੀਰ ਨਹੀਂ ਦਿੰਦੇ। ਇਸ ਨੂੰ ਸਮਝਣਾ ਪਵੇਗਾ। ਇੰਗਲੈਂਡ ਭਾਰਤ ਦੀ ਆਬਾਦੀ ਦੇ ਪੰਜ ਪ੍ਰਤੀਸ਼ਤ ਦੇ ਬਰਾਬਰ ਹੈ, ਯਾਨੀ ਭਾਰਤ ਦੀ ਕੁੱਲ ਆਬਾਦੀ ਇੰਗਲੈਂਡ ਨਾਲੋਂ ਵੀਹ ਗੁਣਾ ਵੱਧ ਹੈ। ਫਿਰ ਵੀ ਇਹ ਭਾਰਤ ਦੇ ਪਿਛਲੇ 75 ਸਾਲਾਂ ਦੇ ਅਣਥੱਕ ਯਤਨਾਂ ਦਾ ਇੱਕ ਇਤਿਹਾਸਕ ਪਲ ਹੈ, ਜਦੋਂ ਅਸੀਂ ਆਪਣੇ ਆਪ ਨੂੰ ਦੁਨੀਆ ਦੀਆਂ ਪੰਜ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਵਿੱਚ ਪਾਉਂਦੇ ਹਾਂ। ਆਰਥਿਕ ਡਾਟਾ ਦੂਜੀ ਖੁਸ਼ੀ ਉਦੋਂ ਮਿਲੀ ਜਦੋਂ ਚਾਲੂ ਵਿੱਤੀ ਸਾਲ ਦੀ ਪਹਿਲੀ ਤਿਮਾਹੀ ਦੇ ਜੀਡੀਪੀ ਦੇ ਅੰਕੜੇ ਸਾਹਮਣੇ ਆਏ। ਇਸ ਦੌਰਾਨ ਇਹ ਦਰ 13.5 ਫੀਸਦੀ ਰਹੀ। ਹਾਲਾਂਕਿ, ਇਸ ਅੰਕੜੇ ਨੇ ਇੱਕ ਬਹਿਸ ਨੂੰ ਵੀ ਜਨਮ ਦਿੱਤਾ ਹੈ। ਭਾਰਤੀ ਰਿਜ਼ਰਵ ਬੈਂਕ ਦੇ ਅੰਦਾਜ਼ੇ ਮੁਤਾਬਕ ਇਹ ਦਰ ਲਗਭਗ 16.2 ਫੀਸਦੀ ਹੋਣੀ ਚਾਹੀਦੀ ਸੀ। ਇਸੇ ਲਈ ਕਿਹਾ ਜਾ ਰਿਹਾ ਸੀ ਕਿ ਹੁਣ ਵੀ ਸ਼ਾਇਦ ਭਾਰਤੀ ਅਰਥਵਿਵਸਥਾ ਕੋਰੋਨਾ ਮਹਾਮਾਰੀ ਤੋਂ ਬਾਅਦ ਠੀਕ ਹੋਣ ਦੇ ਅਸਲ ਮੂਡ ਵਿੱਚ ਨਹੀਂ ਆਈ ਹੈ। ਯਾਦ ਰਹੇ, ਪਿਛਲੇ ਦੋ ਵਿੱਤੀ ਸਾਲਾਂ ਦੀ ਪਹਿਲੀ ਤਿਮਾਹੀ ਬਹੁਤ ਭਿਆਨਕ ਸੀ। 2020-21 ਦੀ ਪਹਿਲੀ ਤਿਮਾਹੀ ਵਿੱਚ 23 ਪ੍ਰਤੀਸ਼ਤ ਦੀ ਨਕਾਰਾਤਮਕ ਦਰ ਪਿਛਲੇ ਸਾਲ ਜਨਵਰੀ 'ਚ ਸ਼ੁਰੂ ਹੋਈ ਮਹਾਮਾਰੀ ਦੀ ਤੀਜੀ ਲਹਿਰ ਦਾ ਅਸਰ ਉਸ ਸਮੇਂ ਦੇ ਜੀਡੀਪੀ ਅੰਕੜਿਆਂ 'ਤੇ ਦੇਖਿਆ ਗਿਆ ਸੀ। ਇਸ ਪੱਖ ਤੋਂ ਇਹ ਵੀ ਵਰਨਣਯੋਗ ਹੈ ਕਿ ਇਹ ਆਰਥਿਕ ਅੰਕੜੇ ਵੀ ਸਮਾਜ ਦੇ ਵਿਕਾਸ ਦੀ ਪੂਰੀ ਤਸਵੀਰ ਪੇਸ਼ ਨਹੀਂ ਕਰਦੇ, ਕਿਉਂਕਿ ਬੇਰੁਜ਼ਗਾਰੀ ਅਤੇ ਮਹਿੰਗਾਈ ਦੇ ਲਗਾਤਾਰ ਵਧਦੇ ਅੰਕੜੇ ਇਸ ਸੰਦਰਭ ਵਿੱਚ ਨਾਂਹ-ਪੱਖੀ ਰੁਝਾਨ ਨੂੰ ਕਾਇਮ ਰੱਖਦੇ ਹਨ। ਆਉਣ ਵਾਲੇ ਸਮੇਂ ਵਿੱਚ ਆਲਮੀ ਪੱਧਰ 'ਤੇ ਭਾਰਤ ਦੀ ਆਰਥਿਕ ਖੁਸ਼ਹਾਲੀ ਦਾ ਮੁੱਖ ਪਹਿਲੂ ਮੌਜੂਦਾ ਵਿੱਤੀ ਸਾਲ ਹੋਵੇਗਾ। ਸ਼ੁਰੂਆਤੀ ਦਿਨਾਂ ਵਿੱਚ, ਇਸ ਸਾਲ ਲਈ, ਕਈ ਗਲੋਬਲ ਏਜੰਸੀਆਂ ਨੇ ਭਾਰਤ ਦੀ ਆਰਥਿਕ ਦਰ ਨੂੰ ਦਰਜਾ ਨਹੀਂ ਦਿੱਤਾ।ਲਗਭਗ ਨੌਂ ਫੀਸਦੀ ਰਹਿਣ ਦਾ ਅਨੁਮਾਨ ਹੈ। ਬਾਅਦ 'ਚ ਰੂਸ ਅਤੇ ਯੂਕਰੇਨ ਵਿਚਾਲੇ ਜੰਗ ਕਾਰਨ ਕੱਚੇ ਤੇਲ ਦੀਆਂ ਵਧੀਆਂ ਕੀਮਤਾਂ ਕਾਰਨ ਇਸ ਦੀ ਕੀਮਤ ਸੱਤ ਤੋਂ ਅੱਠ ਫੀਸਦੀ ਦੇ ਕਰੀਬ ਦੱਸੀ ਗਈ ਸੀ। ਮੌਜੂਦਾ ਵਿੱਤੀ ਸਾਲ ਭਾਰਤ ਲਈ ਇਸ ਲਈ ਵੀ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਸਮੇਂ ਦੌਰਾਨ ਲਗਾਤਾਰ ਇਹ ਦੇਖਿਆ ਜਾ ਰਿਹਾ ਹੈ ਕਿ ਅਮਰੀਕਾ ਲਗਾਤਾਰ ਵੱਧ ਰਹੀ ਮਹਿੰਗਾਈ ਦੀ ਸਮੱਸਿਆ ਵਿੱਚੋਂ ਲੰਘ ਰਿਹਾ ਹੈ, ਜਿਸ ਕਾਰਨ ਆਮ ਆਦਮੀ ਇਨ੍ਹੀਂ ਦਿਨੀਂ ਆਪਣੀ ਖਰੀਦ ਸ਼ਕਤੀ ਨੂੰ ਕੰਟਰੋਲ ਕਰਨ ਵਿੱਚ ਲੱਗਾ ਹੋਇਆ ਹੈ। ਇਨ੍ਹੀਂ ਦਿਨੀਂ ਚੀਨ ਦੀ ਸਥਿਤੀ ਵੀ ਬਹੁਤੀ ਚੰਗੀ ਨਹੀਂ ਲੱਗ ਰਹੀ ਹੈ। ਕਾਫੀ ਹੱਦ ਤੱਕ ਆਰਥਿਕ ਮੰਦੀ ਦਾ ਸੰਕੇਤ ਹੈ।ਚੀਨ ਦੀ ਆਰਥਿਕਤਾ ਦਾ ਆਧਾਰ ਮੁੱਖ ਤੌਰ 'ਤੇ ਨਿਰਮਾਣ ਅਤੇ ਨਿਰਮਾਣ ਖੇਤਰ ਹੈ। ਕੁਝ ਸਮੇਂ ਤੋਂ ਇਹ ਦੇਖਿਆ ਜਾ ਰਿਹਾ ਹੈ ਕਿ ਚੀਨ ਦੇ ਆਰਥਿਕ ਵਿਕਾਸ 'ਤੇ ਕੋਰੋਨਾ ਮਹਾਮਾਰੀ ਦਾ ਅਸਰ ਅਜੇ ਵੀ ਦਿਖਾਈ ਦੇ ਰਿਹਾ ਹੈ। ਵਿੱਤੀ ਸਾਲ 2022-23 ਭਾਰਤ ਦੇ ਸਮੁੱਚੇ ਆਰਥਿਕ ਵਿਕਾਸ ਦਾ ਮੁੱਖ ਆਧਾਰ ਤਾਂ ਹੀ ਬਣੇਗਾ ਜੇਕਰ ਅਗਲੀਆਂ ਤਿੰਨ ਤਿਮਾਹੀਆਂ ਆਪਣੀ ਉੱਚ ਵਿਕਾਸ ਦਰ ਨੂੰ ਬਰਕਰਾਰ ਰੱਖਦੀਆਂ ਹਨ, ਤਾਂ ਜੋ ਭਾਰਤੀ ਅਰਥਵਿਵਸਥਾ ਸਾਲ ਦੇ ਅੰਤ ਵਿੱਚ ਲਗਭਗ ਅੱਠ ਫੀਸਦੀ ਦੀ ਔਸਤ ਵਿਕਾਸ ਦਰ ਹਾਸਲ ਕਰ ਸਕੇ। ਇਨ੍ਹੀਂ ਦਿਨੀਂ ਤਿਉਹਾਰਾਂ ਦੀ ਰੌਣਕ ਹੈ। ਹਰ ਸਾਲ ਇਹ ਅਗਸਤ ਮਹੀਨੇ ਤੋਂ ਸ਼ੁਰੂ ਹੁੰਦਾ ਹੈ, ਜੋ ਦਸੰਬਰ ਦੇ ਅੰਤ ਤੱਕ ਚੱਲਦਾ ਹੈ।, ਯਾਨੀ, ਵਿੱਤੀ ਸਾਲ ਦੀਆਂ ਦੋ ਤਿਮਾਹੀਆਂ ਇਸ ਸਮੇਂ ਨਾਲ ਸਬੰਧਤ ਹਨ ਅਤੇ ਇਹ ਤਿਮਾਹੀਆਂ ਚੰਗਾ ਮੁਨਾਫਾ ਦਰਜ ਕਰ ਸਕਦੀਆਂ ਹਨ, ਜੇਕਰ ਇਸ ਸਮੇਂ ਦੌਰਾਨ ਪ੍ਰਤੀ ਵਿਅਕਤੀ ਖਰੀਦ ਸਮਰੱਥਾ ਅਤੇ ਖਪਤ ਸਮਰੱਥਾ ਉੱਚ ਪੱਧਰ 'ਤੇ ਹੋਵੇ। ਇਸ ਤਿਉਹਾਰੀ ਸੀਜ਼ਨ ਵਿੱਚ ਹਰ ਸਾਲ ਲਗਭਗ ਸਾਰੀਆਂ ਕੰਪਨੀਆਂ ਦੇ ਮੁਨਾਫੇ ਵਿੱਚ ਵਾਧਾ ਹੁੰਦਾ ਹੈ, ਮੁੱਖ ਤੌਰ 'ਤੇ ਆਟੋ, ਐਫਐਮਸੀਜੀ, ਇਲੈਕਟ੍ਰੌਨਿਕਸ, ਕੱਪੜੇ, ਮਠਿਆਈਆਂ ਅਤੇ ਸੋਨੇ-ਚਾਂਦੀ ਦੀ ਖਰੀਦਦਾਰੀ। ਹਾਲ ਹੀ ਵਿੱਚ, ਦੁਆਰਾ ਕਰਵਾਏ ਗਏ ਖਪਤਕਾਰਾਂ ਦੀ ਖਰੀਦ ਸ਼ਕਤੀ ਦੇ ਇੱਕ ਸਰਵੇਖਣ ਵਿੱਚ, ਇਹ ਪਾਇਆ ਗਿਆ ਕਿ ਜੁਲਾਈ ਵਿੱਚ, ਭਾਰਤੀ ਨਿਵੇਸ਼ਕਾਂ ਅਤੇ ਖਪਤਕਾਰਾਂ ਨੇ ਆਪਣੀ ਖਰੀਦ ਸ਼ਕਤੀ ਨੂੰ ਵਧਾਇਆ ਹੈ।ਦੀ ਸਮਰੱਥਾ 'ਤੇ ਕਾਫੀ ਭਰੋਸਾ ਪ੍ਰਗਟਾਇਆ ਹੈ ਅਤੇ ਅੰਕੜੇ ਦਿਖਾ ਰਹੇ ਹਨ ਕਿ ਪਿਛਲੇ ਚਾਰ ਮਹੀਨਿਆਂ 'ਚ ਲਗਭਗ 6.7 ਫੀਸਦੀ ਦੀ ਵਿਕਾਸ ਦਰ ਦਰਜ ਕੀਤੀ ਗਈ ਹੈ, ਜੋ ਕਿ ਵਿਕਾਸ ਦਰ ਦੇ ਹਿਸਾਬ ਨਾਲ ਕੋਰੋਨਾ ਮਹਾਮਾਰੀ ਤੋਂ ਬਾਅਦ ਅਰਥਵਿਵਸਥਾ 'ਚ ਬਦਲਾਅ ਹੈ। ਭਾਰਤੀ ਅਰਥਵਿਵਸਥਾ ਨੂੰ ਇੱਕ ਛੋਟ ਸੂਚਕ ਵਜੋਂ ਦੇਖਿਆ ਜਾ ਸਕਦਾ ਹੈ। ਪਿਛਲੇ ਪੰਜ ਮਹੀਨਿਆਂ ਵਿੱਚ ਇਹ ਵਿਕਾਸ ਦਰ ਸਿਰਫ ਫਰਵਰੀ ਮਹੀਨੇ ਵਿੱਚ ਆਕਰਸ਼ਕ ਸੀ, ਜਦੋਂ ਇਹ ਪੰਜ ਫੀਸਦੀ ਦਰਜ ਕੀਤੀ ਗਈ ਸੀ। ਇਸ ਤੋਂ ਬਾਅਦ ਮਾਰਚ ਵਿਚ ਇਹ 3.7 ਫੀਸਦੀ, ਅਪ੍ਰੈਲ ਵਿਚ 3 ਫੀਸਦੀ, ਮਈ ਵਿਚ 0.8 ਫੀਸਦੀ ਅਤੇ ਸਿਰਫ ਇਕ ਫੀਸਦੀ ਹੈ।ਇਹ ਜੂਨ ਮਹੀਨੇ ਵਿੱਚ ਦਰਜ ਕੀਤਾ ਗਿਆ ਸੀ। ਇਸ ਸੰਦਰਭ ਵਿੱਚ ਦਿਲਚਸਪ ਤੱਥ ਇਹ ਹੈ ਕਿ ਜੁਲਾਈ ਵਿੱਚ ਇਸ ਵਿਕਾਸ ਦਰ ਦਾ ਮੁੱਖ ਸਮਰਥਨ ਗ੍ਰਾਮੀਣ ਖੇਤਰ ਤੋਂ ਆਇਆ ਹੈ, ਜੋ ਇਸ ਸਮੇਂ ਦੌਰਾਨ 7.3 ਫੀਸਦੀ ਰਿਹਾ, ਜਦੋਂ ਕਿ ਸ਼ਹਿਰੀ ਖੇਤਰ ਵਿੱਚ ਇਹ ਸਿਰਫ 4.8 ਫੀਸਦੀ ਸੀ। ਇਸ ਦਾ ਕਾਰਨ ਸਪੱਸ਼ਟ ਹੈ। ਸ਼ਹਿਰੀ ਖੇਤਰ ਵਿੱਚ ਬੇਰੁਜ਼ਗਾਰੀ ਦੀ ਦਰ ਉੱਚੀ ਹੈ ਅਤੇ ਕੋਵਿਡ ਤੋਂ ਬਾਅਦ ਦੀ ਆਰਥਿਕ ਤਾਕਤ ਅਜੇ ਲੋਕਾਂ ਵਿੱਚ ਨਹੀਂ ਆਈ ਹੈ, ਕਿਉਂਕਿ ਇਸ ਸਮੇਂ ਦੌਰਾਨ ਸਾਲਾਨਾ ਉਜਰਤ ਵਾਧੇ ਦਾ ਅੰਦਾਜ਼ਾ ਲਗਭਗ ਪੰਜ ਤੋਂ ਛੇ ਪ੍ਰਤੀਸ਼ਤ ਹੈ। ਇਸ ਸਮੇਂ ਦੌਰਾਨ ਪੇਂਡੂ ਖੇਤਰ ਵਧੇਰੇ ਕੁਸ਼ਲ ਹੋ ਗਿਆ ਕਿਉਂਕਿ ਮੌਨਸੂਨ ਮੱਧ ਅਤੇ ਸਤੰਬਰ ਦੇ ਮਹੀਨੇ ਤੱਕ ਹੈ।ਇਹ ਦੱਖਣ ਭਾਰਤ ਵਿੱਚ ਆਪਣੀ ਗਤੀ ਨੂੰ ਚੰਗੀ ਤਰ੍ਹਾਂ ਬਰਕਰਾਰ ਰੱਖ ਰਿਹਾ ਹੈ, ਜਿਸਦਾ ਸਕਾਰਾਤਮਕ ਪ੍ਰਭਾਵ ਖੇਤੀਬਾੜੀ ਸੈਕਟਰ 'ਤੇ ਦਿਖਾਈ ਦੇ ਰਿਹਾ ਹੈ। ਸਰਕਾਰ ਨੇ ਮਾਨਸੂਨ ਆਧਾਰਿਤ ਸਾਉਣੀ ਦੀਆਂ ਫ਼ਸਲਾਂ ਲਈ ਖੇਤੀਬਾੜੀ ਸੈਕਟਰ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਚਾਰ ਤੋਂ ਵਧਾ ਕੇ ਅੱਠ ਫ਼ੀਸਦੀ ਕਰ ਦਿੱਤਾ ਹੈ। ਮਨਰੇਗਾ ਦੇ ਅੰਕੜੇ ਵੀ ਪੇਂਡੂ ਆਰਥਿਕ ਵਿਕਾਸ ਦੀ ਸਥਿਤੀ ਨੂੰ ਵੱਖਰੇ ਤਰੀਕੇ ਨਾਲ ਬਿਆਨ ਕਰ ਰਹੇ ਹਨ। ਚਾਲੂ ਵਿੱਤੀ ਸਾਲ ਦੇ ਜੁਲਾਈ ਮਹੀਨੇ ਵਿੱਚ, ਲਗਭਗ 2.04 ਕਰੋੜ ਪਿੰਡ ਵਾਸੀ ਮਨਰੇਗਾ 'ਤੇ ਨਿਰਭਰ ਸਨ, ਜਦੋਂ ਕਿ ਪਿਛਲੇ ਮਹੀਨੇ ਦੌਰਾਨ ਇਹ 3.16 ਕਰੋੜ ਸੀ। ਮਾਨਸੂਨ ਦੀ ਉਪਲਬਧਤਾ ਅਤੇ ਹੋਰ ਰੁਜ਼ਗਾਰ ਦੇ ਮੌਕੇ ਇਸ ਕਾਰਨ ਜੁਲਾਈ ਦੇ ਮਹੀਨੇ ਅਤੇ ਇਸ ਤੋਂ ਬਾਅਦ ਪੇਂਡੂ ਲੋਕਾਂ ਦੀ ਮਨਰੇਗਾ 'ਤੇ ਨਿਰਭਰਤਾ ਘਟ ਗਈ ਹੈ ਅਤੇ ਉਨ੍ਹਾਂ ਦੇ ਆਰਥਿਕ ਜੀਵਨ ਚੱਕਰ ਲਈ ਹੋਰ ਸਾਧਨ ਉਪਲਬਧ ਹੋ ਗਏ ਹਨ, ਜੋ ਕਿ ਭਾਰਤੀ ਅਰਥਚਾਰੇ ਲਈ ਆਰਥਿਕ ਤਰੱਕੀ ਦਾ ਵਧੀਆ ਆਧਾਰ ਬਣ ਗਏ ਹਨ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਲਈ ਆਰਥਿਕ ਵਿਕਾਸ ਦਰ ਵਿੱਚ ਲਗਾਤਾਰ ਵਾਧਾ ਬਰਕਰਾਰ ਰੱਖਣਾ ਬਹੁਤ ਜ਼ਰੂਰੀ ਹੈ। ਅਸੀਂ ਇਸ ਵਿੱਚ ਇੰਨੇ ਅੱਗੇ ਆ ਗਏ ਹਾਂ ਕਿ ਹੁਣ ਆਪਣੀ ਗਤੀ ਨੂੰ ਜਾਰੀ ਰੱਖਣਾ ਹੀ ਇੱਕੋ ਇੱਕ ਵਿਕਲਪ ਹੈ। ਨਹੀਂ ਤਾਂ ਵਿਦੇਸ਼ੀ ਨਿਵੇਸ਼ਕਾਂ ਦੁਆਰਾ ਸਟਾਕ ਮਾਰਕੀਟ ਵਿੱਚ ਵੇਚਣ ਸਮੇਤ ਇਸ ਦੇ ਕਈ ਮਾੜੇ ਪ੍ਰਭਾਵ ਹਨ।ਹੈ. ਹੁਣ ਲੋੜ ਹੈ ਕਿ ਸਰਕਾਰ ਮਹਿੰਗਾਈ ਦਰ ਨੂੰ ਕੰਟਰੋਲ ਕਰੇ, ਨਹੀਂ ਤਾਂ ਤਿਉਹਾਰਾਂ ਦੇ ਸੀਜ਼ਨ ਦੌਰਾਨ ਆਮ ਵਿਅਕਤੀ ਦੀ ਖਰੀਦ ਸ਼ਕਤੀ 'ਤੇ ਇਸ ਦਾ ਮਾੜਾ ਪ੍ਰਭਾਵ ਪੈ ਸਕਦਾ ਹੈ ਅਤੇ ਨਤੀਜੇ ਵਜੋਂ ਜੀਡੀਪੀ ਦੇ ਅੰਕੜੇ ਵੀ ਘਟ ਸਕਦੇ ਹਨ। ਗਲੋਬਲ ਰਿਪੋਰਟਾਂ ਦੇ ਅਨੁਸਾਰ, ਪਿਛਲੇ ਤਿੰਨ ਮਹੀਨਿਆਂ ਤੋਂ, ਰੂਸ ਅਤੇ ਯੂਕਰੇਨ ਵਿੱਚ ਮੁਸੀਬਤਾਂ ਸ਼ੁਰੂ ਹੋਣ ਤੋਂ ਬਾਅਦ ਫਰਵਰੀ-ਮਾਰਚ ਦੇ ਮਹੀਨਿਆਂ ਵਿੱਚ ਅੰਤਰਰਾਸ਼ਟਰੀ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਨਹੀਂ ਹੋਇਆ ਹੈ। ਪਰ ਭਾਰਤੀ ਘਰੇਲੂ ਬਾਜ਼ਾਰ ਵਿੱਚ ਪੈਟਰੋਲ, ਡੀਜ਼ਲ ਅਤੇ ਐਲਪੀਜੀ ਦੀਆਂ ਕੀਮਤਾਂ ਅਜੇ ਵੀ ਉੱਚੀਆਂ ਹਨ।ਇਸ ਦਾ ਉਲਟਾ ਅਸਰ ਖਾਣ-ਪੀਣ ਦੀਆਂ ਵਸਤੂਆਂ ਤੋਂ ਲੈ ਕੇ ਰਸੋਈ ਦੀਆਂ ਵਸਤੂਆਂ ਤੱਕ ਹਰ ਤਰ੍ਹਾਂ ਦੀ ਮਹਿੰਗਾਈ 'ਤੇ ਦੇਖਣ ਨੂੰ ਮਿਲ ਰਿਹਾ ਹੈ ਅਤੇ ਮੁੱਖ ਤੌਰ 'ਤੇ ਢੋਆ-ਢੁਆਈ ਦਾ ਖਰਚਾ ਸ਼ਾਮਲ ਹੈ। ਜੇਕਰ ਸਰਕਾਰ ਘਰੇਲੂ ਪੱਧਰ 'ਤੇ ਮਹਿੰਗਾਈ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਸੰਭਵ ਹੈ ਕਿ ਆਉਣ ਵਾਲੇ ਤਿਉਹਾਰੀ ਦਿਨਾਂ 'ਚ ਭਾਰਤੀ

# ਦਿਲੀ ਤੋਂ ਸਰਕਾਰ ਚੱਲਣ ਦਾ ਪ੍ਰਭਾਵ ਮਿਟਾਏ ਭਗਵੰਤ ਮਾਨ, ਲੀਡਰਾਂ ਦੀਆਂ ਅਨੈਤਿਕ ਹਰਕਤਾਂ ਨਾਲ ਹੋ ਰਹੀ ਕਿਰਕਿਰੀ



ਪੰਜਾਬ ਅੰਦਰ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ 16 ਸਤੰਬਰ ਨੂੰ 6 ਮਹੀਨੇ ਪੂਰੇ ਕੀਤੇ ਨੇ। ਅਕਸਰ ਪਹਿਲੀਆਂ ਸੂਬਾ ਸਰਕਾਰਾਂ ਅੱਧੀ ਵਰੇ ਗੰਢ ਦੇ ਜਸ਼ਨ ਮਨਾਉਣ ਲਈ ਵੱਡੇ ਸਮਾਗਮ ਕਰਕੇ ਪ੍ਰਾਪਤੀਆਂ ਦਸਦੀਆਂ ਰਹੀਆਂ ਨੇ। ਭਾਰੀ ਬਹੁਮੱਤ ਵਾਲੀ ਭਗਵੰਤ ਮਾਨ ਦੀ ਸਰਕਾਰ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਦੇ ਮੁਕਾਬਲੇ ਕਾਫੀ ਅੱਛੀ ਦਿੱਖਦੀ ਹੈ। ਇਸ ਨੇ ਸ਼ੁਰੂਆਤੀ 6 ਮਹਿਨਿਆਂ ਵਿਚ ਕਈ ਚੋਣ ਵਾਅਦੇ ਪੂਰੇ ਕਰਨ ਦੀ ਸ਼ੁਰੂਆਤ ਕੀਤੀ ਹੈ, ਜਿਸ ਨਾਲ ਮੁੱਖ ਮੰਤਰੀ ਅਕਸ਼ ਆਮ ਲੋਕਾਂ ਵਿਚ ਕਾਫੀ ਅੱਛਾ ਨਿਖਰ ਕੇ ਸਾਹਮਣੇ ਆਇਆ ਹੈ। ਉਸ ਦੀ ਇਮਾਨਦਾਰੀ ਅਤੇ ਪ੍ਰਤੀਬੱਧਤਾ ਵਾਲੀ ਸ਼ਵੀ ਉਭਰੀ ਹੈ। ਸਰਕਾਰ ਉਤਸ਼ਾਹ ਜਨਕ ਸਮਾਗਮ ਆਯੋਜਨ ਕਰਨ ਦੀ ਥਾਂ ਸਿਰਫ ਮੀਡੀਆ ਵਿਚ ਇਸ਼ਤਿਆਰਾਂ ਤੋਂ ਅੱਗੇ ਨਹੀਂ ਵਧ ਸਕੀ। ਸਗੋਂ ਪਾਰਟੀ ਮੰਤਰੀਆਂ ਦੀ ਵਧਾਇਕਾਂ ਬਾਰੇ ਬੇਵਜ਼ਾ ਬਿਆਨਬਾਜ਼ੀ ਕਾਰਨ ਉਲਝਣਾਂ ਵਿਚ ਘਿਰ ਚੁੱਕੀ ਹੈ। ਇਸ ਲਈ ਖੁੱਦ ਪਾਰਟੀ ਹੀ ਜਿੰਮੇਵਾਰ ਦਿੱਖਦੀ ਹੈ। ਵਿੱਤ ਮੰਤਰੀ ਹਰਪਾਲ ਚੀਮਾ ਅਨੁਸਾਰ ਭਾਜਪਾ ਨੇ 'ਆਪਰੇਸ਼ਨ ਲੋਟਸ' ਤਹਿਤ 11 ਵਿਧਾਇਕਾਂ ਨੂੰ 25-25 ਕਰੋੜ ਰੁਪਏ ਦੀ ਪੇਸ਼ਕਸ਼ ਹੈ ਅਤੇ ਕੁੱਲ 35 ਵਿਧਾਇਕਾਂ ਤੱਕ ਪਹੁੰਚ ਕਰਨ ਦੇ ਯਤਨ ਹੋਏ ਨੇ। ਇਸ ਸਬੰਧੀ ਡੀਜੀਪੀ ਕੋਲ ਸ਼ਿਕਾਇਤ ਕਰਕੇ ਭਾਜਪਾ ਆਗੂਆਂ ਖਿਲਾਫ਼ ਕਾਰਵਾਈ ਲਈ ਵੀ ਕਿਹਾ।ਵਿਜੀਲੈਂਸ ਬਿਓਰੋ ਰਾਹੀਂ ਮੁਹਾਲੀ ਥਾਣੇ ਵਿਚ ਮਾਮਲਾ ਦਰਜ ਹੋ ਚੁੱਕੇ। ਉਂਝ ਆਮ ਆਦਮੀ ਪਾਰਟੀ ਵਲੋਂ ਖੁੱਦ ਬੀਤੇ ਦਿਨੀਂ ਅਮ੍ਰਿਤਸਰ , ਜਲੰਧਰ ਅਤੇ ਲੁਧਿਆਣਾ ਵਿਚ ਕਾਂਗਰਸ, ਬੀਜੇਪੀ ਅਤੇ ਅਕਾਲੀ ਦਲ ਦੇ ਕੌਂਸਲਰਾਂ ਨੂੰ ਪਾਰਟੀ ਵਿਚ ਸ਼ਾਮਿਲ ਕਰਨਾ ਕਿੰਨਾਂ ਸਹੀ ਹੈ? ਉਸ ਤੋਂ ਪਹਿਲਾਂ ਦਿੱਲੀ ਵਿੱਚ 'ਆਪ' ਦੀ ਸਰਕਾਰ ਡੇਗਣ ਦੀ ਕੋਸ਼ਿਸ਼ ਦੇ ਦੋਸ਼ ਵੀ ਲੱਗਾਏ। ਪ੍ਰੰਤੂ ਅਜੇ ਤੱਕ ਪੈਸਿਆਂ ਦੀ ਆਫਰ ਦੇਣ ਵਾਲਿਆਂ ਦੇ ਨਾਮ ਜਨਤਕ ਨਹੀਂ ਹੋ ਸਕੇ। ਪਾਰਟੀ ਲੀਡਰਾਂ ਦਾ ਦਾਅਵਾ ਹੈ ਕਿ ਕੋਈ ਵੀ ਵਧਾਇਕ ਬਿਕਾਊ ਨਹੀਂ, ਫਿਰ ਖਾਹਮਖਾਹ ਸ਼ੋਰ ਮਚਾਉਣਾ ਬੱਚਕਾਨਾ ਲਗਦੈ। ਜੇਕਰ 92 ਵਧਾਇਕਾਂ ਨਾਲ ਵੀ ਸਰਕਾਰ ਸੁਰੱਖਿਅਤ ਨਹੀਂ ਸਮਝਦੀ, ਤਾਂ ਇਸ ਤੇ ਜਨਤਾ ਦਾ ਭਰੋਸਾ ਕਿਵੇਂ ਟਿੱਕ ਸਕਦੈ? ਮੁੱਖ ਮੰਤਰੀ ਦੇ ਵਿਦੇਸ਼ ਦੌਰੇ ਤੇ ਹੋਣ ਮੌਕੇ ਕਾਹਲੀ ਵਿਚ ਪ੍ਰੈਸ ਕਾਨਫਰੰਸਾਂ ਕਰਨ ਦੀ ਜਰੂਰਤ ਵੀ ਨਹੀਂ ਸੀ ਜਾਪਦੀ। ਉਨਾਂ ਦੇ ਵਾਪਿਸ ਪ੍ਰੁੱਜਣ ਤੱਕ ਅਸਮਾਨ ਡਿੱਗਣ ਨਹੀਂ ਸੀ ਲੱਗਾ! ਇਨਾਂ ਦੋਸ਼ਾਂ ਨਾਲ ਸਿਆਸਤ ਵਿਚ ਹੜਕੰਪ ਮੱਚ ਚੁੱਕੈ। ਰਾਜਨੀਤੀ ਦੇ ਹਾਸ਼ੀਏ ਚੱਲ ਰਹੀਆਂ ਰਵਾਇਤੀ ਪਾਰਟੀਆਂ ਨੂੰ ਆਕਸੀਜ਼ਨ ਜਰੂਰ ਮਿਲੀ ਜਾਪਦੀ ਹੈ। ਵਿਰੋਧੀ ਇਸ ਨੂੰ ਆਪਣੀਆਂ ਨਾਕਾਮੀਆਂ ਤੇ ਪਰਦਾ ਪਾਉਣ ਦਾ ਡਰਾਮਾ ਦੱਸਦੇ ਨੇ। ਵਿਰੋਧੀਆਂ ਦਾ ਕਹਿਣੈ ਕਿ ਚੋਣਾਂ ਵਾਅਦੇ ਪੂਰੇ ਨਾਂ ਹੋਣ ਤੇ ਫਜ਼ੂਲ ਦੇ ਬਵਾਲਾਂ ਨਾਲ ਜਨਤਾ ਦਾ ਧਿਆਨ ਭਟਕਾਉਣ ਦੇ ਯਤਨ ਹੋ ਰਹੇ ਨੇ ਅਤੇ ਇਹ ਕੇਜਰੀਵਾਲ ਦਾ ਹਿਮਾਚਲ ਅਤੇ ਗੁਜਰਾਤ ਦੀਆਂ ਚੋਣਾਂ ਤੋਂ ਪਹਿਲਾਂ ਜਨਤਾ ਨੂੰ ਗੁੰਮ-ਰਾਹ ਕਰਨ ਲਈ ਸਟੰਟ ਹੈ। ਵਿਰੋਧੀ ਵਧਾਇਕਾਂ ਨੂੰ ਖ੍ਰੀਦਣ ਵਾਲਿਆਂ ਦੇ ਨਾਮ ਜਨਤਕ ਕਰਨ ਦਾ ਚੈਲੇਂਜ ਕਰ ਰਹੇ ਨੇ, ਜਿਸ ਤੇ ਆਮ ਆਦਮੀ ਪਾਰਟੀ ਪੂਰੀ ਤਰਾਂ ਘਿਰ ਚੁੱਕੀ ਹੈ। ਵਿਰੋਧੀ ਪਾਰਟੀਆਂ ਮੁੱਖ ਮੰਤਰੀ ਅਤੇ ਕੇਜਰੀਵਾਲ ਨੂੰ ਐਸਵਾਈਐਲ, ਚੰਡੀਗੜ੍ਹ ਆਦਿ ਅਹਿਮ ਮੁੱਦਿਆਂ ਤੇ ਆਪਣਾ ਸਟੈਂਡ ਸਪੱਸ਼ਟ ਨਾਂ ਕਰਨ ਤੇ ਵੀ ਸਵਾਲ ਉਠਾ ਰਹੀਆਂ ਨੇ। ਜਿਸ ਲਈ ਪੰਜਾਬ ਦੀ ਜਨਤਾ ਦੇ ਮਨਾਂ ਵਿਚ ਵੀ ਸ਼ੰਕਾਵਾਂ ਨੇ। 'ਆਪ' ਨੇਤਾਵਾਂ ਦੇ ਹਰਿਆਣਾਂ ਵਿਚ ਐਸਵਾਈਐਲ ਨਹਿਰ ਰਾਹੀਂ ਪਾਣੀ ਪਹੁੰਚਾਉਣ ਦੇ ਵਾਅਦੇ ਪੰਜਾਬੀਆਂ ਦੀਆਂ ਸ਼ੰਕਾਵਾਂ ਨੂੰ ਹੋਰ ਵੀ ਪੁੱਖਤਾ ਕਰਦੇ ਨੇ। ਵਿਰੋਧੀਆਂ ਦਾ ਕਹਿਣੈ ਕਿ ਭਗਵੰਤ ਮਾਨ ਅਤੇ ਕੇਜਰੀਵਾਲ ਵਿਚ ਮੱਤਭੇਦਾਂ ਕਾਰਨ ਮੁੱਖ ਮੰਤਰੀ ਦੀ ਗੈਰ ਹਾਜਰੀ ਵਿਚ ਨਵੇਂ ਲੀਡਰ ਉਭਾਰਨ ਦੇ ਯਤਨ ਹੋ ਰਹੇ ਨੇ। ਪਾਰਟੀ ਸੁਪਰੀਮੋ ਕੇਜਰੀਵਾਲ ਵਲੋਂ 'ਪ੍ਰਤੀਨਿਧੀ ਸੰਮੇਲਨ' ਦੇ ਬਹਾਨੇ ਵਧਾਇਕਾਂ ਦੀ ਦਿੱਲੀ ਮੀਟਿੰਗ ਸੱਦਣ ਨਾਲ ਪਾਰਟੀ ਵਿਚ ਸਭ ਅੱਛਾ ਨਾਂ ਹੋਣ ਦੇ ਸੰਕੇਤ ਹੋਰ ਪੁੱਖਤਾ ਹੋ ਰਹੇ ਨੇ। ਆਮ ਤੌਰ ਤੇ ਵਧਾਇਕ ਗਰੁੱਪ ਦੀ ਮੀਟਿੰਗ ਗਰੁੱਪ ਲੀਡਰ ਵਲੋਂ ਹੀ ਸੱਦੀ ਜਾਂਦੀ ਹੈ, ਜੋ ਮੁੱਖ ਮੰਤਰੀ ਹਨ। ਮੁੱਖ ਮੰਤਰੀ ਵਲੋਂ 6 ਮਹੀਨੇ ਦੌਰਾਨ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਅਧੀਨ ਵੱਡੇ-ਵੱਡੇ ਮੱਗਰਮੱਛਾਂ ਨੂੰ ਹੱਥ ਪਾਉਣ ਨਾਲ ਉਨਾਂ ਦਾ ਅਕਸ਼ ਇਕ ਇਮਾਨਦਾਰ ਅਤੇ ਮਜਬੂਤ ਮੁੱਖ ਮੰਤਰੀ ਵਜੋਂ ਉਭਰ ਚੁੱਕੈ। ਇਸ ਮੁੱਦੇ ਤੇ ਜਨਤਾ ਉਨਾਂ ਦੇ ਪੱਖ ਵਿਚ ਖੜੀ ਸਪੱਸ਼ਟ ਦਿਖਦੀ ਹੈ। ਰਿਸ਼ਵਤਖੋਰਾਂ ਵਿਚ ਡਰ ਦਾ ਮਹੌਲ ਬਣਿਆ ਜਰੂਰ ਦਿਖਾਈ ਦਿੰਦੈ, ਪਰ ਅਜੇ ਵੀ ਦਫਤਰਾਂ ਵਿਚ ਰਿਸ਼ਵਤ ਜਿਓਂ ਦੀ ਤਿਓਂ ਜਾਰੀ ਹੈ। 9053 ਏਕੜ ਪੰਚਾਇਤੀ ਜਮੀਨਾਂ ਤੋਂ ਗੈਰ-ਕਾਨੂੰਨੀ ਕਬਜ਼ੇ ਹਟਾਉਣਾ ਵੱਡੀ ਪ੍ਰਾਪਤੀ ਹੈ। ਸਾਬਕਾ ਵਧਾਇਕਾਂ ਨੂੰ ਸਿਰਫ ਇਕ ਪੈਨਸ਼ਨ ਦਾ ਕਨੂੰਨ ਪਾਸ ਕਰਨਾ ਵੀ ਜੁਰਅਤ ਵਾਲਾ ਫੈਸਲਾ ਹੈ। ਮਿਆਦ ਪੂਰੀ ਕਰ ਚੁੱਕੇ ਟੋਲ ਪਲਾਜ਼ੇ ਉਠਾਉਣਾ ਅਤੇ ਸਰਕਾਰੀ ਨੌਕਰੀਆਂ ਭਰਨਾ ਅਤੇ ਕੱਚੇ ਮੁਲਾਜਮ ਪੱਕੇ ਕਰਨ ਦੀ ਪ੍ਰੀਕ੍ਰਿਆ ਸ਼ੁਰੂ ਕਰਨਾ ਵੀ ਸਹੀ ਫੈਸਲੇ ਨੇ। ਹਰ ਪਰਵਾਰ ਨੂੰ 1 ਜੁਲਾਈ ਤੋਂ 300 ਯੂਨਿਟ ਮਹੀਨਾ ਮੁਫਤ ਬਿਜਲੀ ਦੇਣ ਨਾਲ ਆਮ ਲੋਕਾਂ ਨੂੰ ਕਾਫੀ ਰਾਹ ਮਿਲੀ ਹੈ। ਸੂਬੇ ਵਿਚ ਸਨਅੱਤੀ ਨਿਵੇਸ਼ ਲਿਆਉਣ ਲਈ ਸਟੀਲ ਉਤਪਾਦਕ ਟਾਟਾ ਕੰਪਨੀ ਨਾਲ 2600 ਕਰੋੜ ਦੇ ਸਟੀਲ ਪਲਾਂਟ ਲਈ ਸਮਝੌਤਾ ਅਤੇ ਜਰਮਨੀ ਦੇ ਨਿਵੇਸ਼ ਸਮੇਲਨ ਵਿਚ ਖੁੱਦ ਜਾ ਕੇ ਉਪਰਾਲੇ ਕਰਨਾ ਅੱਛੀ ਸ਼ੁਰੂਆਤ ਹੈ। ਇਸ ਰਾਹੀਂ ਵਧੇਰੇ ਰੁਜ਼ਗਾਰ ਪੈਦਾ ਹੋਣ ਦੀ ਸੰਭਾਵਨਾ ਹੈ। ਸਿਖਿਆ ਅਤੇ ਸਿਹਤ ਸਹੂਲਤਾਂ ਲਈ ਬਜਟ ਵਿਚ ਵਾਧਾ ਸਰਕਾਰ ਦੀ ਗੰਭੀਰਤਾ ਦੀ ਝਲਕ ਦਿੰਦੈ। ਪਰ ਸੂਬੇ ਦੇ ਸਾਰੇ ਕਰੀਬ 2000 ਸਕੂਲਾਂ ਵਿਚ ਮਿਆਰੀ ਸਿਖਿਆ ਦੇਣਾ ਆਸਾਨ ਨਹੀਂ ਹੋਏਗਾ। ਅਜੇ ਵੀ ਹਜਾਰਾਂ ਅਧਿਆਪਕਾਂ ਨੂੰ 15 ਸਾਲਾਂ ਤੋਂ 6000 ਤੋਂ 15000 ਰੁਪਏ ਮਹੀਨਾ ਵੇਤਨ ਹੀ ਮਿਲਦੈ। ਇਸੇ ਤਰਾਂ 14000 ਪ੍ਰਾਇਮਰੀ ਕੱਚੇ ਅਧਿਆਪਕ ਪੱਕੀ ਨੌਕਰੀ ਲਈ ਧਰਨੇ ਲਗਾ ਰਹੇ ਨੇ। ਸਰਕਾਰ ਨੇ 100 ਆਮ ਆਦਮੀ ਕਲਿਨਿਕਾਂ ਖੋਲਣ ਦਾ ਵਧੀਆ ਉਪਰਾਲਾ ਕੀਤੈ, ਪਰ 13229 ਪਿੰਡਾਂ ਅਤੇ ਹਜਾਰਾਂ ਸ਼ਹਿਰੀ ਮੁਹੱਲਿਆਂ ਤੱਕ ਪੁੱਜਣਾ ਸੌਖਾ ਨਹੀਂ। ਮੌਜੂਦਾ 1400 ਤੋਂ ਵੱਧ ਡਿਸਪੈਂਸਰੀਆਂ ਦੀ ਹਾਲਤ ਸੁਧਾਰਨੀ ਵੀ ਜਰੂਰੀ ਹੈ। ਕੁੱਝ ਅੱਛੇ ਕੰਮਾਂ ਦੇ ਬਾਵਯੂਦ ਮੰਤਰੀਆਂ ਅਤੇ ਵਧਾਇਕਾਂ ਦੀਆਂ ਘਟੀਆ ਅਤੇ ਅਨੈਤਿਕ ਹਰਕਤਾਂ ਕਾਰਨ ਸਰਕਾਰ ਦੀ ਭਾਰੀ ਕਿਰਕਿਰੀ ਹੋ ਰਹੀ ਹੈ। ਪਹਿਲਾਂ ਤਾਂ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਕਮਿਸ਼ਨ ਮੰਗਣ ਦੇ ਦੋਸ਼ ਵਿਚ ਬਰਖਾਸਿਤ ਵਾਹਵਾ ਖੱਟੀ ਅਤੇ ਹੁਣ ਫੌਜਾ ਸਿੰਘ ਸਰਾਰੀ ਤੇ ਰਿਸ਼ਵਤ ਦੇ ਦੋਸ਼ਾਂ ਦੀ ਆਡੀਓ ਵਾਇਰਲ ਹੋਣ ਤੇ ਸਰਕਾਰ ਦੀ ਚੁੱਪੀ ਤੇ ਦੋਹਰੇ ਮਾਪਦੰਡ ਚਰਚਾ ਵਿਚ ਨੇ। ਮੌਜੂਦਾ ਸਿਹਤ ਮੰਤਰੀ ਚੇਤੰਨ ਸਿੰਘ ਜੌੜੇਮਾਜਰਾ ਅਤੇ ਸੱਤ ਹੋਰ ਵਧਾਇਕਾਂ ਦੀਆਂ ਅਨੈਤਿਕ ਅਤੇ ਗਲਤ ਵਰਤਾਉ ਤੇ ਪਾਰਟੀ ਦੀ ਖਾਮੋਸ਼ੀ ਨੀਯਤ ਤੇ ਸ਼ੱਕ ਪੈਦਾ ਕਰਦੀ ਹੈ। ਮਾਫੀਆ ਖਤਮ ਕਰਕੇ ਰੇਤ/ਬਜਰੀ ਸਸਤੀ ਕਰਨ ਦੀ ਬਜਾਏ, ਅੱਜ ਰੇਤ/ਬਜਰੀ ਕਰੀਬ ਤਿੰਨ ਗੁਣਾ ਮਹਿੰਗੀ ਹੋਣ ਤੇ ਜਨਤਾ 'ਚ ਹਾਹਾਕਾਰ ਮੱਚ ਚੁੱਕੀ ਹੈ। ਆਨ ਲਾਈਨ ਕਰਨ ਤੇ ਅਸ਼ਟਾਮ ਪੇਪਰਾਂ ਲਈ ਲੋਕ ਲਾਈਨਾਂ ਵਿਚ ਧੱਕੇ ਖਾਣ ਲਈ ਮਜਬੂਰ ਨੇ। ਨਸ਼ਿਆਂ ਦਾ ਕਾਰਬਾਰ ਘਟਣ ਦੀ ਥਾਂ ਵਧਿਆ ਦਿਖਾਈ ਦਿੰਦੈ ਅਤੇ ਮੌਤਾਂ ਵਿਚ ਵਾਧਾ ਹੋ ਰਿਹੈ। ਗੈਂਗਸਟਰਾ ਦੀਆਂ ਜੇਲਾਂ ਵਿਚੋਂ ਮੋਬਾਈਲਾਂ ਰਾਹੀਂ ਗਤੀਵਿਧੀਆਂ ਜਾਰੀ ਨੇ। ਜਨਤਾ ਵਿਚ ਸਹਿਮ ਵਧ ਰਿਹੈ। ਆਰਥਿਕ ਹਾਲਤ ਵੀ ਸੁਧਰਦੀ ਦਿਖਾਈ ਨਹੀਂ ਦਿੰਦੀ। ਨੌਜਵਾਨ ਲਗਾਤਾਰ ਵਿਦੇਸ਼ ਜਾ ਰਹੇ ਹੈ। ਸਰਕਾਰ ਨੂੰ ਦਿੱਲੀ ਤੋਂ ਚਲਾਏ ਜਾਣ ਦੀ ਚਰਚਾ ਜਨਤਾ ਵਿਚ ਖੁਲੇ ਆਮ ਹੈ। ਸਮਝਿਆ ਜਾ ਰਿਹੈ ਕਿ ਦਿੱਲੀ ਦੇ ਲੀਡਰ ਖੁੱਦ ਹੀ ਭਗਵੰਤ ਮਾਨ ਦੇ ਵੱਧ ਰਹੇ ਕੱਦ ਤੋਂ ਚਿੰਤਤ ਨੇ ਅਤੇ ਪ੍ਰਸਾਸ਼ਨ ਨੂੰ ਸਿੱਧੇ ਤੌਰ ਤੇ ਆਪਣੀ ਮਰਜ਼ੀ ਅਨੁਸਾਰ ਚਲਾ ਰਹੇ ਨੇ। ਅਜੇਹੇ ਪ੍ਰਭਾਵ ਨਾਲ ਪਾਰਟੀ ਖੁੱਦ ਹੀ ਮੁੱਖ ਮੰਤਰੀ ਦੀ ਕਾਬਲੀਅਤ ਤੇ ਪ੍ਰਸ਼ਨ ਚਿੰਨ ਲਗਾ ਰਹੀ ਜਾਪਦੀ ਹੈ। ਪਾਰਟੀ ਲੀਡਰਾਂ ਦੇ ਰੁੱਖੇ ਵਰਤਾਰੇ ਅਤੇ ਦਿੱਲੀ ਦੇ ਦਖਲ ਦਾ ਅਸਰ ਸੰਗਰੂਰ ਲੋਕ ਸਭਾ ਦੀ ਜਿਮਨੀ ਚੋਣ ਵਿਚ ਪਾਰਟੀ ਪਹਿਲਾਂ ਹੀ ਭੁਗਤ ਚੁੱਕੀ ਹੈ। ਬੇਸ਼ਕ ਬੀਤੇ ਦਿਨ ਰਾਘਵ ਚੱਢਾ ਨੂੰ ਚੋਣਾਂ ਦੇ ਮੱਦੇਨਜ਼ਰ ਗੁਜਰਾਤ ਵਿਚ ਸਹਿ ਪ੍ਰਭਾਰੀ ਲਗਾ ਦਿੱਤਾ ਹੈ, ਪਰ ਦੇਖਣਾ ਹੋਵੇਗਾ ਉਸ ਦਾ ਪੰਜਾਬ ਵਿਚ ਦਖਲ ਕਿੰਨਾ ਕੁ ਘੱਟਦਾ ਹੈ। ਕੱਲ ਮਿਲਾ ਕੇ 'ਆਪ' ਸਰਕਾਰ ਬੀਜੇਪੀ ਵਿਰੁੱਧ ਦੋਸ਼ ਲਗਾ ਕੇ ਜਨਤਾ ਦਾ ਧਿਆਨ ਅਸਲ ਮੁਦਿਆਂ ਤੋਂ ਭਟਕਾਉਣ ਵਲ ਵੱਧ ਅਤੇ ਪੰਜਾਬ ਨੂੰ ਸਹੀ ਦਿਸ਼ਾ ਵਿਚ ਲੈਜਾਣ ਵਲ ਲੈਜਾਣ ਵਲ ਘੱਟ ਤਵੱਜੋਂ ਦਿੰਦੀ ਦਿਸਦੀ ਹੈ। ਅਸੀਂ ਆਸ ਕਰਦੇ ਹਾਂ ਕਿ ਮੁੱਖ ਮੰਤਰੀ ਮੁਕੰਮਲ ਕੰਟਰੋਲ ਕਰਕੇ ਸਰਕਾਰ ਦਿੱਲੀ ਰਾਹੀਂ ਚਲਾਏ ਜਾਣ ਦੀਆਂ ਸ਼ੰਕਾਵਾਂ ਲੋਕਾਂ ਦੇ ਮਨਾਂ ਵਿਚੋਂ ਜਰੂਰ ਦੂਰ ਕਰਨ।

-ਦਰਸ਼ਨ ਸਿੰਘ ਸ਼ੰਕਰ
ਜ਼ਿਲ੍ਹਾ ਲੋਕ ਸੰਪਰਕ ਅਫਸਰ
(ਰਿਟਾ.)
ਫੋਨ: 9915836543

# ਮੁੱਲ-ਆਧਾਰਿਤ ਸਿੱਖਿਆ ਦੀ ਲੋੜ ਹੈ



ਇੱਕ ਮੁੱਲ-ਆਧਾਰਿਤ ਸਿੱਖਿਆ ਪ੍ਰਣਾਲੀ ਨੌਜਵਾਨਾਂ ਨੂੰ ਇੱਕ ਗੁੰਝਲਦਾਰ ਅਤੇ ਨਿਰੰਤਰ ਵਿਕਾਸਸ਼ੀਲ ਸੰਸਾਰ ਦਾ ਸਾਹਮਣਾ ਕਰਨ ਲਈ ਤਿਆਰ ਕਰਨ ਵਿੱਚ ਮਦਦ ਕਰੇਗੀ

ਕਦਰਾਂ-ਕੀਮਤਾਂ ਦੀ ਸਿੱਖਿਆ ਨੂੰ ਸਾਰੇ ਅਕਾਦਮਿਕ ਅਤੇ ਗੈਰ-ਅਕਾਦਮਿਕ ਕੰਮਾਂ ਦੀ ਪਿੱਠਭੂਮੀ ਬਣਾਉਣੀ ਚਾਹੀਦੀ ਹੈ।

ਜਦੋਂ ਕਿ ਸਿੱਖਿਆ 'ਤੇ ਗੱਲਬਾਤ ਵਿੱਚ ਨਵੇਂ-ਯੁੱਗ ਦੇ ਸਿੱਖਿਆ ਸ਼ਾਸਤਰ ਅਤੇ ਤਕਨਾਲੋਜੀ ਦੇ ਏਕੀਕਰਣ ਨੂੰ ਸ਼ਾਮਲ ਕੀਤਾ ਗਿਆ ਹੈ, ਮਹਾਂਮਾਰੀ ਨੇ ਵਿਦਿਆਰਥੀ ਦੇ ਵਿਕਾਸ ਅਤੇ ਵਿਕਾਸ ਲਈ ਇੱਕ ਹੋਰ ਮਹੱਤਵਪੂਰਨ ਪਹਿਲੂ ਸਾਹ-ਮਣੇ ਲਿਆਂਦਾ ਹੈ: ਮੁੱਲ-ਆਧਾਰਿਤ ਸਿੱਖਿਆ। ਇਸਨੇ ਸਾਨੂੰ ਵਿਦਿਆਰਥੀਆਂ ਨੂੰ ਚੁਣੌਤੀਆਂ ਨੂੰ ਨੈਵੀਗੇਟ ਕਰਨ, ਅਸਵੀਕਾਰੀਆਂ ਨਾਲ ਸਿੱਝਣ, ਮੁਸੀਬਤਾਂ ਦੇ ਸਾਮ੍ਹਣੇ ਅੱਗੇ ਵਧਣ, ਆਪਣੇ ਭਾਈਚਾਰਿਆਂ ਅਤੇ ਗ੍ਰਹਿ ਦੀ ਦੇਖਭਾਲ ਕਰਨ ਦੇ ਯੋਗ ਬਣਾਉਣ ਦੀ ਲੋੜ ਦਾ ਅਹਿਸਾਸ ਕਰਵਾਇਆ। ਰਾਸ਼ਟਰੀ ਸਿੱਖਿਆ ਨੀਤੀ (ਐਨਈਪੀ) ਇੱਕ ਵਿਦਿਆਰਥੀ-ਕੇਂਦ੍ਰਿਤ ਪਾਠਕ੍ਰਮ ਵਿੱਚ ਮੁੱਲ-ਆਧਾਰਿਤ ਸਿੱਖਿਆ ਨੂੰ ਏਕੀਕ੍ਰਿਤ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੰਦੀ ਹੈ।

*ਨੌਜਵਾਨਾਂ ਨੂੰ ਤਿਆਰ ਕਰੋ*

ਇੱਕ ਗੁੰਝਲਦਾਰ ਅਤੇ ਨਿਰੰਤਰ ਵਿਕਾਸਸ਼ੀਲ ਸੰਸਾਰ ਵਿੱਚ, ਸੰਸਥਾਵਾਂ ਵਿੱਚ ਪੇਸ਼ੇਵਰਾਂ ਅਤੇ ਨੇਤਾਵਾਂ ਵਿੱਚ ਲਚਕੀਲੇਪਨ, ਅਖੰਡਤਾ ਅਤੇ ਨਿਮਰਤਾ ਵਰਗੇ ਮੁੱਲ ਹੁਣ ਵਧੇਰੇ ਮਹੱਤਵਪੂਰਨ ਹਨ। ਸਿੱਖਿਆ ਦਾ ਉਦੇਸ਼ ਨੌਜਵਾਨਾਂ ਨੂੰ ਕੰਮ ਦੇ ਵਾਤਾਵਰਣ ਲਈ ਤਿਆਰ ਕਰਨ ਨਾਲੋਂ ਵੱਧ ਹੋਣਾ ਚਾਹੀਦਾ ਹੈ। ਜ਼ਿੰਮੇਵਾਰ, ਹਮਦਰਦ ਨਾਗਰਿਕ ਬਣਨ ਲਈ ਉਨ੍ਹਾਂ ਨੂੰ ਕਦਰਾਂ-ਕੀਮਤਾਂ ਨਾਲ ਲੈਸ ਕਰਨ ਦੀ ਲੋੜ ਹੈ। ਸਾਨੂੰ ਵਿਦਿਆਰਥੀਆਂ ਨੂੰ ਇੱਕ ਟਿਕਾਊ ਭਾਈਚਾਰੇ, ਵਾਤਾਵਰਣ ਅਤੇ ਗ੍ਰਹਿ ਲਈ ਕੰਮ ਕਰਨ ਅਤੇ ਯੋਗਦਾਨ ਪਾਉਣ ਦੇ ਯੋਗ ਬਣਾਉਣਾ ਚਾਹੀਦਾ ਹੈ। ਉਦਾਹਰਨ ਲਈ, ਪੁਰਤਗਾਲ ਕੋਲ ਨਾਗਰਿਕਤਾ ਦੀ ਸਿੱਖਿਆ ਲਈ ਇੱਕ ਰਾਸ਼ਟਰੀ ਰਣਨੀਤੀ ਹੈ ਜਿਸ ਵਿੱਚ ਹੇਠਲੀਆਂ ਸੈਕੰਡਰੀ ਜਮਾਤਾਂ ਤੋਂ ਗਤੀਵਿਧੀਆਂ ਦਾ ਇੱਕ ਸਮੂਹ ਹੈ ਜੋ ਚੰਗੀ ਨਾਗਰਿਕਤਾ ਦੇ ਆਲੇ ਦੁਆਲੇ ਗਿਆਨ, ਕਦਰਾਂ-ਕੀਮਤਾਂ ਅਤੇ ਰਵੱਈਏ ਨੂੰ ਵਿਕਸਤ ਕਰਦਾ ਹੈ।

ਵਿਗਿਆਨਕ ਖੋਜ ਨੇ ਸਾਬਤ ਕੀਤਾ ਹੈ ਕਿ ਮੁੱਲ-ਆਧਾਰਿਤ ਸਿੱਖਿਆ ਇੱਕ ਅਨੁਕੂਲ ਮਾਹੌਲ ਪੈਦਾ ਕਰਦੀ ਹੈ ਜੋ ਅਕਾਦਮਿਕ ਸਿੱਖਣ ਅਤੇ ਪ੍ਰਾਪਤੀ ਨੂੰ ਵਧਾਉਂਦੀ ਹੈ, ਜਦਕਿ ਸਮਾਜਿਕ ਹੁਨਰ ਅਤੇ ਰਿਸ਼ਤੇ-ਨਿਰਮਾਣ ਸਮਰੱਥਾਵਾਂ ਨੂੰ ਵਿਕਸਤ ਕਰਦੀ ਹੈ। ਜਿਹੜੇ ਬੱਚੇ ਛੋਟੀ ਉਮਰ ਵਿੱਚ ਕਦਰਾਂ-ਕੀਮਤਾਂ ਨੂੰ ਅਪਣਾਉਂਦੇ ਹਨ, ਉਹ ਪ੍ਰਭਾਵਸ਼ਾਲੀ ਸਿਖਿਆਰਥੀ ਅਤੇ ਚੰਗੇ ਨਾਗਰਿਕ ਹੋਣ ਦੇ ਨਾਲ-ਨਾਲ ਵਧੇਰੇ ਆਤਮਵਿਸ਼ਵਾਸੀ, ਕਾਬਲ ਅਤੇ ਬੁੱਧੀਮਾਨ ਹੁੰਦੇ ਹਨ।

ਹਾਲਾਂਕਿ, ਪਾਠਕ੍ਰਮ ਵਿੱਚ ਮੁੱਲਾਂ ਨੂੰ ਏਕੀਕ੍ਰਿਤ ਕਰਨਾ ਖਾਸ ਕਲਾਸਾਂ ਤੱਕ ਸੀਮਤ ਨਹੀਂ ਹੋਣਾ ਚਾਹੀਦਾ ਹੈ। ਕਦਰਾਂ-ਕੀਮਤਾਂ ਦੀ ਸਿੱਖਿਆ ਨੂੰ ਸਾਰੇ ਅਕਾਦਮਿਕ ਅਤੇ ਗੈਰ-ਅਕਾਦਮਿਕ ਕੰਮਾਂ ਦੀ ਪਿੱਠਭੂਮੀ ਬਣਾਉਣੀ ਚਾਹੀਦੀ ਹੈ। ਵਿਦਿਆਰਥੀਆਂ ਵਿੱਚ ਵਫ਼ਾਦਾਰੀ, ਦਿਆਲਤਾ, ਇਮਾਨਦਾਰੀ, ਦਇਆ ਅਤੇ ਨਿਰਸਵਾਰਥਤਾ ਵਰਗੀਆਂ ਕਦਰਾਂ-ਕੀਮਤਾਂ ਪੈਦਾ ਕਰਨ ਲਈ ਅਸਲ-ਜੀਵਨ ਦੀਆਂ ਸਥਿਤੀਆਂ ਤੋਂ ਪ੍ਰਾਪਤ ਸਿੱਖਣ ਦੇ ਮਾਡਿਊਲਾਂ ਨੂੰ ਏਕੀਕ੍ਰਿਤ ਕਰਨਾ ਮਹੱਤਵਪੂਰਨ ਹੈ। ਜਦੋਂ ਉਹ ਆਪਣੇ ਸਿੱਖਣ ਦੇ ਤਜ਼ਰਬਿਆਂ ਨੂੰ ਅਸਲ-ਸੰਸਾਰ ਨਾਲ ਜੋੜਨ ਦੇ ਯੋਗ ਹੁੰਦੇ ਹਨ, ਤਾਂ ਉਨ੍ਹਾਂ ਨੂੰ ਉਦੇਸ਼ ਦੀ ਸਪੱਸ਼ਟ ਸਮਝ ਮਿਲਦੀ ਹੈ ਅਤੇ ਸਿੱਖਿਆਵਾਂ ਉਨ੍ਹਾਂ ਦੇ ਨਾਲ ਰਹਿੰਦੀਆਂ ਹਨ।

ਭਾਵੇਂ ਕੋਈ ਗਣਿਤ, ਵਿ-ਗਆਨ ਜਾਂ ਇਤਿਹਾਸ ਪੜ੍ਹਾ ਰਿਹਾ ਹੋਵੇ, ਹਰੇਕ ਵਿਸ਼ੇ ਦੇ ਅੰਦਰ ਥੀਮਾਂ ਬਾਰੇ ਗੱਲ ਕਰਦੇ ਹੋਏ ਮੁੱਲਾਂ ਨੂੰ ਉਭਾਰਿਆ ਜਾ ਸਕਦਾ ਹੈ। ਇਤਿਹਾਸ ਵਿਦਿਆਰਥੀਆਂ ਨੂੰ ਸਮਾਨਤਾ, ਆਜ਼ਾਦੀ, ਦੇਸ਼ ਭਗਤੀ, ਧਰਮ ਨਿਰਪੱਖਤਾ ਬਾਰੇ ਸਿੱਖਣ ਵਿੱਚ ਮਦਦ ਕਰ ਸਕਦਾ ਹੈ। ਵਿਗਿਆਨ ਕੁਦਰਤ ਪ੍ਰਤੀ ਹਮਦਰਦੀ ਅਤੇ ਵਿਗਿਆਨਕ ਸੁਭਾਅ ਪੈਦਾ ਕਰਨ ਦਾ ਇੱਕ ਮਾਧਿਅਮ ਹੋ ਸਕਦਾ ਹੈ। ਉਦਾਹਰਣ ਵਜੋਂ, ਭੂਗੋਲ ਇਹ ਸਿਖਾ ਸਕਦਾ ਹੈ ਕਿ ਹੋਰ ਸਭਿਆਚਾਰਾਂ ਅਤੇ ਜਾਤੀਆਂ ਦਾ ਸਤਿਕਾਰ ਕਿਵੇਂ ਕਰਨਾ ਹੈ।

ਕਦਰਾਂ-ਕੀਮਤਾਂ ਦੇ ਨਾਲ ਇੱਕ ਸਿੱਖਿਆ ਪ੍ਰਣਾਲੀ ਵਿਕਸਿਤ ਕਰਨ ਨਾਲ ਉਹ ਵਿਦਿਆਰਥੀ ਪੈਦਾ ਹੋਣਗੇ ਜੋ ਚੰਗੇ ਵਿਸ਼ਵ ਨਾਗਰਿਕ ਹਨ।, ਜੋ ਹਮਦਰਦ ਅਤੇ ਦੇਖਭਾਲ ਕਰਨ ਵਾਲੇ ਹਨ, ਜੋ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਹਿਯੋਗੀ ਤੌਰ 'ਤੇ ਕੰਮ ਕਰਦੇ ਹਨ ਅਤੇ ਜ਼ਿੰਦਗੀ ਵਿੱਚ ਆਉਣ ਵਾਲੀਆਂ ਕਿਸੇ ਵੀ ਅਨਿਸ਼ਚਿਤਤਾਵਾਂ ਦਾ ਸਾਹਮਣਾ ਕਰਨ ਲਈ ਲਚਕਤਾ ਰੱਖਦੇ ਹਨ।

-ਵਿਜੈ ਗਰਗ



## ਭਾਕਿਯੂ ਉਗਰਾਹਾਂ ਵੱਲੋਂ ਕੇਂਦਰ ਸਰਕਾਰ ਦੁਆਰਾ ਬਿਜਲੀ ਵੰਡ ਖੇਤਰ ਵੀ ਨਿੱਜੀ ਕੰਪਨੀਆਂ ਹਵਾਲੇ ਕਰਨ ਦੇ ਫ਼ੈਸਲੇ ਦੀ ਸਖ਼ਤ ਨਿੰਦਾ



ਚੰਡੀਗੜ੍ਹ, 22 ਸਤੰਬਰ (ਪੋਸਟ ਬਿਊਰੋ): ਕੇਂਦਰ ਸਰਕਾਰ ਵੱਲੋਂ ਬਿਜਲੀ ਵੰਡ ਖੇਤਰ ਵੀ ਨਿੱਜੀ ਕੰਪਨੀਆਂ ਹਵਾਲੇ ਕਰਨ ਦੇ ਫ਼ੈਸਲੇ ਦੀ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਜ਼ੋਰਦਾਰ ਨਿੰਦਾ ਕਰਦਿਆਂ ਇਹ ਲੋਕ ਮਾਰੂ ਫੈਸਲਾ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਵੱਲੋਂ ਇੱਥੋਂ ਜਾਰੀ ਕੀਤੇ ਗਏ ਸਾਂਝੇ ਪ੍ਰੈੱਸ ਬਿਆਨ ਰਾਹੀਂ ਇਹ ਇੰਕਸ਼ਾਫ ਕਰਦਿਆਂ ਦੋਸ਼ ਲਾਇਆ ਗਿਆ ਹੈ ਕਿ ਪਹਿਲਾਂ ਹੀ ਬਿਜਲੀ ਪੈਦਾਵਾਰ ਸਾਮਰਾਜੀ ਕਾਰਪੋਰੇਟਾਂ ਨੂੰ ਸੌਂਪ ਕੇ ਬਿਜਲੀ ਦੇ ਰੇਟ ਅਸਮਾਨੀਂ ਚਾੜ੍ਹੀ ਬੈਠੀ ਮੋਦੀ ਸਰਕਾਰ ਹੁਣ ਬਿਜਲੀ ਸਪਲਾਈ ਵੀ ਉਨ੍ਹਾਂ ਲੁਟੇਰਿਆਂ ਦੇ ਹਵਾਲੇ ਕਰਕੇ ਗਰੀਬ ਕਿਸਾਨਾਂ ਮਜ਼ਦੂਰਾਂ ਤੇ ਹੋਰ ਕਿਰਤੀਆਂ ਨੂੰ ਬਿਜਲੀ ਦੀ ਸਹੂਲਤ ਤੋਂ ਵਾਂਝੇ ਕਰਨ 'ਤੇ ਤੁਲੀ ਹੋਈ ਹੈ। ਉਨ੍ਹਾਂ ਦਾਅਵਾ ਕੀਤਾ ਹੈ ਕਿ ਭਾਜਪਾ ਸਰਕਾਰ ਵੱਲੋਂ ਕੀਤਾ ਗਿਆ ਇਹ ਫੈਸਲਾ ਸਵਾ ਸਾਲ ਚੱਲੇ ਗਹਿਗੱਡ ਦਿੱਲੀ ਕਿਸਾਨ ਘੋਲ਼ ਦੇ ਦਬਾਅ ਥੱਲੇ ਰੱਦ ਕਰਨੇ ਪਏ ਬਿਜਲੀ ਸੋਧ ਬਿੱਲ 2021 ਨੂੰ ਬਿਨਾਂ ਪਾਸ ਕੀਤਿਆਂ ਕਿਸ਼ਤਾਂ ਵਿੱਚ ਲਾਗੂ ਕਰਨ ਵਾਲਾ ਤਾਨਾਸ਼ਾਹ ਫੈਸਲਾ ਹੈ। ਇਸ ਤੋਂ ਇਲਾਵਾ ਪ੍ਰੀਪੇਡ ਆਨਲਾਈਨ ਮੀਟਰ ਲਾਉਣ ਦਾ ਫੈਸਲਾ ਵੀ ਬਿਜਲੀ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਕਰਨ ਵਾਲਾ ਫੈਸਲਾ ਹੈ।

ਕਿਸਾਨ ਆਗੂਆਂ ਨੇ ਕਿਹਾ ਕਿ ਭਾਖੜਾ ਬਿਆਸ ਪ੍ਰਬੰਧਕੀ ਬੋਰਡ ਨੂੰ ਕੇਂਦਰੀ ਕੰਟਰੋਲ ਹੇਠ ਲਿਆਉਣ ਦਾ ਫੈਸਲਾ ਵੀ ਪ੍ਰਦੂਸ਼ਣ ਰਹਿਤ ਸਸਤੀ ਬਿਜਲੀ ਪੈਦਾ ਕਰਨ ਵਾਲੇ ਇਸ ਪ੍ਰਾਜੈਕਟ ਨੂੰ ਅੰਨ੍ਹੇ ਕਾਰਪੋਰੇਟ ਮੁਨਾਫਿਆਂ ਦਾ ਸਾਧਨ ਬਣਾਉਣ ਵਾਲੇ ਨਿੱਜੀਕਰਨ ਦੀ ਤਿਆਰੀ ਦਾ ਹਿੱਸਾ ਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਵੀ ਕੇਂਦਰ ਦੇ ਇਨ੍ਹਾਂ ਲੋਕ-ਮਾਰੂ ਕਦਮਾਂ ਬਾਰੇ ਚੁੱਪ ਸਹਿਮਤੀ ਦੇ ਪੈਂਤੜੇ 'ਤੇ ਖੜੀ ਨਜ਼ਰ ਆ ਰਹੀ ਹੈ।

ਕਿਸਾਨ ਆਗੂਆਂ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਇਨ੍ਹਾਂ ਲੋਕ ਵਿਰੋਧੀ ਫੈਸਲਿਆਂ ਦਾ ਡਟਵਾਂ ਜਨਤਕ ਵਿਰੋਧ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪੂਰਾ ਦੇਸ਼ ਸਾਮਰਾਜੀ ਕਾਰਪੋਰੇਟਾਂ ਹਵਾਲੇ ਕਰਨ ਵਾਲੀਆਂ ਨਿਜੀਕਰਨ ਨੀਤੀਆਂ ਵਿਰੁੱਧ ਸੰਘਰਸ਼ਸ਼ੀਲ ਸਾਰੇ ਕਿਸਾਨਾਂ ਮਜ਼ਦੂਰਾਂ ਮੁਲਾਜ਼ਮਾਂ ਤੇ ਹੋਰ ਕਿਰਤੀਆਂ ਦੇ ਸਾਂਝਾ ਘੋਲ਼ ਉਸਾਰਨ ਲਈ ਜ਼ੋਰਦਾਰ ਯਤਨ ਜੁਟਾਏ ਜਾਣਗੇ।

## ਮੁੱਖ ਮੰਤਰੀ ਦੀ ਅਗਵਾਈ ਵਿਚ ਮੰਤਰੀ ਮੰਡਲ ਵੱਲੋਂ 27 ਸਤੰਬਰ ਨੂੰ ਵਿਧਾਨ ਸਭਾ ਦਾ ਤੀਜਾ ਇਜਲਾਸ ਸੱਦਣ ਦੀ ਸਿਫਾਰਸ਼



ਚੰਡੀਗੜ੍ਹ, 22 ਸਤੰਬਰ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਮੰਤਰੀ ਮੰਡਲ ਨੇ ਅੱਜ ਸੂਬੇ ਦੇ ਰਾਜਪਾਲ ਨੂੰ 27 ਸਤੰਬਰ ਦਿਨ ਮੰਗਲਵਾਰ ਨੂੰ 16ਵੀਂ ਵਿਧਾਨ ਸਭਾ ਦਾ ਤੀਜਾ ਇਜਲਾਸ ਸੱਦਣ ਲਈ ਸਿਫਾਰਸ਼ ਕੀਤੀ ਹੈ।

ਇਹ ਫੈਸਲਾ ਅੱਜ ਇੱਥੇ ਪੰਜਾਬ ਸਿਵਲ ਸਕੱਤਰੇਤ ਵਿਖੇ ਮੁੱਖ ਮੰਤਰੀ ਦਫਤਰ ਵਿਚ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਲਿਆ ਗਿਆ।

ਇਹ ਪ੍ਰਗਟਾਵਾ ਕਰਦੇ ਹੋਏ ਮੁੱਖ ਮੰਤਰੀ ਦਫਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਭਾਰਤੀ ਸੰਵਿਧਨ ਦੀ ਧਾਰਾ 174 ਦੀ ਧਾਰਾ (1) ਦੇ ਅਨੁਸਾਰ ਰਾਜਪਾਲ ਵਿਧਾਨ ਸਭਾ ਦਾ ਸਮਾਗਮ ਅਜਿਹੇ ਸਮੇਂ ਅਤੇ ਥਾਂ ਉਤੇ ਬੁਲਾਉਣ ਲਈ ਅਧਿਕਾਰਤ ਹਨ, ਜਿਵੇਂ ਕਿ ਉਹ ਯੋਗ ਸਮਝਣ। ਬੁਲਾਰੇ ਨੇ ਦੱਸਿਆ ਕਿ ਪਿਛਲੇ ਸਮਾਗਮ ਦੀ ਅੰਤਿਮ ਬੈਠਕ ਤੇ ਅਗਲੇ ਸਮਾਗਮ ਦੀ ਪਹਿਲੀ ਬੈਠਕ ਦੀ ਨਿਰਧਾਰਤ ਮਿਤੀ ਵਿਚ 6 ਮਹੀਨੇ ਤੋਂ ਵੱਧ ਦਾ ਫਰਕ ਨਾ ਹੋਵੇ। 16ਵੀਂ ਵਿਧਾਨ ਸਭਾ ਦਾ ਦੂਜਾ ਬਜਟ ਸੈਸ਼ਨ 30 ਜੂਨ, 2022 ਨੂੰ ਹੋਇਆ ਸੀ ਜਿਸ ਕਰਕੇ 27 ਸਤੰਬਰ, 2022 ਨੂੰ ਵਿਧਾਨ ਸਭਾ ਦਾ ਤੀਜਾ ਇਜਲਾਸ ਸੱਦਣ ਦੀ ਸਿਫਾਰਸ਼ ਕੀਤੀ ਗਈ ਹੈ।

## ਆਰਥਿਕ ਤੰਗੀ ਕਾਰਨ ਬਾਰ੍ਹਵੀਂ ਪਾਸ ਵਿਦਿਆਰਥੀ ਨੇ ਕੀਤੀ ਖੁਦਕੁਸ਼ੀ



ਸ੍ਰੀ ਮੁਕਤਸਰ ਸਾਹਿਬ, 22 ਸਤੰਬਰ (ਪੋਸਟ ਬਿਊਰੋ): ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਚੱਕ ਸ਼ੇਰੇਵਾਲਾ ਦੇ ਇਕ ਨੌਜਵਾਨ ਨੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ । ਪ੍ਰਾਪਤ ਜਾਣਕਾਰੀ ਅਨੁਸਾਰ ਜਗਮੀਤ ਸਿੰਘ ਉਰਫ ਵਿੱਕੀ ਨੇ 2019 'ਚ ਆਪਣੀ 12ਵੀਂ ਸ਼੍ਰੇਣੀ ਦੀ ਪ੍ਰੀਖਿਆ ਚੰਗੇ ਨੰਬਰਾਂ ਨਾਲ ਪਿੰਡ ਦੇ ਸਰਕਾਰੀ ਸਕੂਲ ਤੋਂ ਪਾਸ ਕੀਤੀ। ਜਗਮੀਤ ਸਿੰਘ ਅੱਗੇ ਪੜ੍ਹਾਈ ਕਰਨਾ ਚਾਹੁੰਦਾ ਸੀ, ਪਰ ਘਰ ਦੇ ਆਰਥਿਕ ਹਾਲਾਤ ਠੀਕ ਨਾ ਹੋਣ ਕਾਰਨ ਉਹ ਅੱਗੇ ਪੜ੍ਹਾਈ ਨਾ ਕਰ ਸਕਿਆ। ਹੁਣ ਉਸਦੇ ਨਾਲ ਦੇ ਦੋਸਤ ਕਾਲਜ ਵਿਚ ਪੜ੍ਹਦੇ ਸਨ ਤਾਂ ਉਹ ਅਕਸਰ ਆਪਣੀ ਅਗਲੇਰੀ ਪੜ੍ਹਾਈ ਨੂੰ ਲੈ ਕੇ ਪ੍ਰੇਸ਼ਾਨ ਰਹਿੰਦਾ ਸੀ । ਪਰਿਵਾਰਕ ਮੈਂਬਰਾਂ ਮੁਤਾ-ਬਕ ਬੀਤੇ ਕੱਲ੍ਹ ਉਹ ਰੋਜਾਨਾ ਵਾਂਗ ਸਵੇਰੇ ਕਰੀਬ 8 ਕੁ ਵਜੇ ਗਰਾਊਂਡ 'ਚ ਕਸਰਤ ਕਰਨ ਉਪਰੰਤ ਘਰ ਵਾਪਸ ਪਰਤਿਆ, ਉਦੋਂ ਘਰ ਵਿਚ ਕੋਈ ਨਹੀਂ ਸੀ। ਇਸ ਦੌਰਾਨ ਵਿੱਕੀ ਨੇ ਛੱਤ ਤੇ ਲੱਗੇ ਪੱਖੇ ਵਾਲੀ ਕੁੰਡੀ (ਹੁੱਕ) ਨਾਲ ਕੱਪੜਾ ਬੰਨ੍ਹ ਕੇ ਫਾਹਾ ਲੈ ਲਿਆ। ਜਦੋਂ ਤੱਕ ਪਰਿਵਾਰਕ ਮੈਂਬਰਾਂ ਨੂੰ ਸੂਚਨਾ ਮਿਲੀ ਉਦੋਂ ਤੱਕ ਵਿੱਕੀ ਦੀ

## ਆਪ ਵੱਲੋਂ ਇਸਦੇ ਵਿਧਾਇਕਾਂ ਦੀ ਖਰੀਦੋ ਫਰੋਖ਼ਤ ਦੇ ਲਾਏ ਦੋਸ਼ਾਂ ਦੀ ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਮੌਜੂਦਾ ਜੱਜ ਕੋਲੋਂ ਜਾਂਚ ਕਰਵਾਉਣ ਦੇ ਹੁਕਮ ਦੇਣ ਰਾਜਪਾਲ : ਅਕਾਲੀ ਦਲ

ਚੰਡੀਗੜ੍ਹ, 22 ਸਤੰਬਰ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਰਦਾਰ ਬਿਕਰਮ ਸਿੰਘ ਮਜੀਠੀਆ ਨੇ ਅੱਜ ਪੰਜਾਬ ਦੇ ਰਾਜਪਾਲ ਨੂੰ ਅਪੀਲ ਕੀਤੀ ਕਿ ਆਮ ਆਦਮੀ ਪਾਰਟੀ ਵੱਲੋਂ ਇਸਦੇ ਵਿਧਾਇਕਾਂ ਦੀ ਖਰੀਦੋ ਫਰੋਖ਼ਤ ਕਰਨ ਦੇ ਲਾਏ ਦੋਸ਼ਾਂ ਦੀ ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਮੌਜੂਦਾ ਜੱਜ ਕੋਲੋਂ ਜਾਂਚ ਕਰਵਾਉਣ ਦੇ ਹੁਕਮ ਦੇਣ ਅਤੇ ਕਿਹਾ ਕਿ ਸਿਰਫ ਪਾਰਦਰਸ਼ੀ ਜਾਂਚ ਹੀ ਕੇਸ ਦੀ ਸੱਚਾਈ ਸਾਹਮਣੇ ਲਿਆ ਸਕਦੀ ਹੈ।

ਅਕਾਲੀ ਆਗੂ ਨੇ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਜਾਂਚ ਹੋਣੀ ਚਾਹੀਦੀ ਹੈ ਕਿ ਕੀ ਕਿਸੇ ਭਾਜਪਾ ਆਗੂ ਜਾਂ ਕਿਸੇ ਵਿਚੋਲੇ ਨੇ ਆਪ ਵਿਧਾਇਕਾਂ ਨੂੰ ਹਰੇਕ ਲਈ 25 ਕਰੋੜ ਰੁਪਏ ਦੀ ਰਿਸ਼ਵਤ ਦੀ ਪੇਸ਼ਕਸ਼ ਕੀਤੀ ਜਿਹੋ ਜਿਹਾ ਦਾਅਵਾ ਮੰਤਰੀਆਂ ਹਰਪਾਲ ਚੀਮਾ ਤੇ ਸ੍ਰੀ ਅਮਨ ਅਰੋੜਾ ਨੇ ਕੀਤਾ ਸੀ। ਉਹਨਾਂ ਕਿਹਾ ਕਿ ਜੇਕਰ ਅਜਿਹਾ ਹੈ ਤਾਂ ਫਿਰ ਕੇਸ ਵਿਚ ਕਾਰਵਾਈ ਹੋਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਜੇਕਰ ਆਪ ਵੱਲੋਂ ਲਗਾਏ ਦੋਸ਼ ਗਲਤ ਪਾਏ ਜਾਂਦੇ ਹਨ ਤਾਂ ਫਿਰ ਮੰਤਰੀਆਂ ਦੇ ਨਾਲ ਨਾਲ ਉਹਨਾਂ ਵਿਧਾਇਕਾਂ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ ਜਿਹਨਾਂ ਨੇ ਲੋਕਾਂ ਨੂੰ ਮੂਰਖ ਬਣਾਇਆ ਤੇ ਲੋਕਾਂ ਦੇ ਫਤਵੇ ਦਾ ਅਪਮਾਨ ਕੀਤਾ।

ਸਰਦਾਰ ਮਜੀਠੀਆ ਨੇ ਜ਼ੋਰ ਦੇ ਕੇ ਕਿਹਾ ਕਿ ਰਾਜਪਾਲ ਸ੍ਰੀ ਬਨਵਾਰੀ ਲਾਲ ਪੁਰੋਹਿਤ ਨੇ ਭਗਵੰਤ ਮਾਨ ਸਰਕਾਰ ਵੱਲੋਂ ਦਿੱਲੀ ਦੀਆਂ ਤਰਜੀਹਾਂ 'ਤੇ ਰਾਜਨੀਤੀ ਡਰਾਮਾ ਕਰਨ ਵਾਸਤੇ ਸੱਦੇ ਵਿਸ਼ੇਸ਼ ਸੈਸ਼ਨ ਲਈ ਪ੍ਰਵਾਨਗੀ ਵਾਪਸ ਲੈ ਕੇ ਬਿਲਕੁਲ ਸਹੀ ਕੀਤਾ ਹੈ। ਉਹਨਾਂ ਕਿਹਾ ਕਿ ਉਹਨਾਂ ਨੂੰ ਇਥੇ ਹੀ ਰੁਕਣ ਨਹੀਂ ਚਾਹੀਦਾ ਬਲਕਿ ਦੋਸ਼ਾਂ ਦੀ ਕੇਂਦਰੀ ਏਜੰਸੀ ਕੋਲੋਂ ਜਾਂਚ ਕਰਵਾਉਣ ਦੇ ਹੁਕਮ ਦੇਣੇ ਚਾਹੀਦੇ ਹਨ। ਵਿਸ਼ਵਾਸ ਮਤਾ ਪਾਸ ਕਰਨ ਲਈ ਵਿਸ਼ੇਸ਼ ਸੈਸ਼ਨ ਸੱਦਣ ਪਿੱਛੇ ਤਰਕ ਦੀ ਗੱਲ ਕਰਦਿਆਂ ਸਰਦਾਰ ਮਜੀਠੀਆ ਨੇ ਕਿਹਾ ਕਿ ਜੇਕਰ ਆਮ ਆਦਮੀ ਪਾਰਟੀ ਸਰਕਾਰ ਸੱਚਮੁੱਚ ਲੋਕਾਂ ਦਾ ਸਰਕਾਰ 'ਤੇ ਵਿਸ਼ਵਾਸ ਪਰਖਣਾ ਚਾਹੁੰਦੀ ਹੈ ਤਾਂ ਫਿਰ ਇਸਨੂੰ ਵਿਧਾਨ ਸਭਾ ਭੰਗ ਕਰ ਕੇ ਤੁਰੰਤ ਨਵੇਂ ਸਿਰੇ ਤੋਂ ਚੋਣਾਂ ਕਰਵਾਉਣੀਆਂ ਚਾਹੀਦੀਆਂ ਹਨ। ਇਹ ਹੀ ਇਸਦੀ ਲੋਕਪ੍ਰਿਅਤਾ ਦੀ ਅਸਲ ਪਰਖ ਹੋਵੇਗੀ।



ਜੇਕਰ ਆਪ ਸੱਚਮੁੱਚ ਲੋਕਾਂ ਦਾ ਭਰੋਸਾ ਪਰਖਣਾ ਚਾਹੁੰਦੀ ਹੈ ਤਾਂ ਉਹ ਵਿਧਾਨ ਸਭਾ ਭੰਗ ਕਰ ਕੇ ਤਾਜ਼ਾ ਚੋਣਾਂ ਕਰਵਾਏ : ਮਜੀਠੀਆ

ਇਸ ਦੌਰਾਨ ਸਰਦਾਰ ਮਜੀਠੀਆ ਨੇ ਇਸ ਰਿਸ਼ਵਤਖੋਰੀ ਮਾਮਲੇ ਵਿਚ ਦਰਜ ਹੋਈ ਐਫ ਆਈ ਆਰ ਪਹਿਲੀ ਵਾਰ ਲੋਕਾਂ ਸਾਹਮਣੇ ਪੇਸ਼ ਕੀਤੀ। ਐਫ ਆਈ ਆਰ ਜਾਰੀ ਕਰਦਿਆਂ ਉਹਨਾਂ ਕਿਹਾ ਕਿ ਕੇਸ ਦਰਜ ਹੋਏ ਨੂੰ 9 ਦਿਨ ਬੀਤ ਚੁੱਕੇ ਹਨ ਪਰ ਹਾਲੇ ਤੱਕ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਕੀਤੀ ਗਈ। ਉਹਨਾਂ ਕਿਹਾ ਕਿ ਕੇਸ ਵਿਚ ਹਾਲੇ ਤੱਕ ਇਕ ਵੀ ਗ੍ਰਿਫਤਾਰੀ ਨਹੀਂ ਹੋਈ। ਉਹਨਾਂ ਇਹ ਵੀ ਦੱਸਿਆ ਕਿ ਇਹ ਐਫ ਆਈ ਆਰ ਅਣਪਛਾਤੇ ਲੋਕਾਂ ਖਿਲਾਫ ਦਰਜ ਕਰਵਾਈ ਗਈ ਹੈ ਹਾਲਾਂਕਿ ਆਪ ਵਿਧਾਇਕਾਂ ਦੇ ਦਾਅਵੇ ਮੁਤਾਬਕ ਉਹਨਾਂ ਨੂੰ ਭਾਜਪਾ ਆਗੂਆਂ ਤੇ ਇਹਨਾਂ ਦੇ ਵਿਚੋਲਿਆਂ ਦੇ ਫੋਨ ਆਏ ਸਨ। ਉਹਨਾਂ ਕਿਹਾ ਕਿ ਇਸ ਤੋਂ ਇਲਾਵਾ ਐਫ ਆਈ ਆਰ ਵਿਚ ਆਪ ਵਿਧਾਇਕ ਸ਼ੀਤਲ ਅੰਗੂਰਾਲ 'ਤੇ ਹਮਲੇ ਜਾਂ ਉਹਨਾਂ ਨੂੰ ਜਾਨੋਂ ਮਾਰਨ ਦੀ ਧਮਕੀ ਮਿਲਣ ਦਾ ਕੋਈ ਜ਼ਿਕਰ ਨਹੀਂ ਹੈ।

ਅਕਾਲੀ ਆਗੂ ਨੇ ਕਿਹਾ ਕਿ ਇਹਨਾਂ ਹਾਲਾਤਾਂ ਲਈ ਦੋ ਕਾਰਣ ਹੋ ਸਕਦੇ ਹਨ। ਉਹਨਾਂ ਕਿਹਾ ਕਿ ਜਾਂ ਤਾਂ ਐਫ ਆਈ ਆਰ ਵਿਚ ਕੋਈ ਠੋਸ ਆਧਾਰ ਨਹੀਂ ਹੈ ਤੇ ਇਸੇ ਕਾਰਨ ਕੇਸ ਵਿਚ ਕੋਈ ਕਾਰਵਾਈ ਨਹੀਂ ਹੋਈ ਜਾਂ ਫਿਰ ਸੂਬਾ ਪੁਲਿਸ ਮੁਖੀ ਨੇ ਜਿਹਨਾਂ ਨੂੰ ਇਹ ਮਾਮਲਾ ਸੌਂਪਿਆ ਗਿਆ, ਨੇ ਇਸ ਮਾਮਲੇ ਨਾਲ ਨਜਿੱਠਣ ਵਿਚ ਅਯੋਗਤਾ ਵਿਖਾਈ ਹੈ। ਉਹਨਾਂ ਕਿਹਾ ਕਿ ਅਸੀਂ ਮੰਗ ਕਰਦੇ ਹਾਂ ਕਿ ਡੀ ਜੀ ਪੀ ਉਹਨਾਂ ਆਪ ਵਿਧਾਇਕਾਂ ਦੇ ਮੋਬਾਈਲ ਫੋਨ ਜ਼ਬਤ ਕਰਨ ਜਿਹਨਾਂ ਨੇ ਰਿਸ਼ਵਤ ਦੇਣ ਦੀ ਪੇਸ਼ਕਸ਼ ਦੇ ਦੋਸ਼ ਲਗਾਏ ਹਨ ਤੇ ਇਹਨਾਂ ਮੋਬਾਈਲਾਂ ਦੀ ਫੋਰੈਂਸਿਕ ਜਾਂਚ ਕਰਵਾਈ ਜਾਵੇ।

ਮਜੀਠੀਆ ਨੇ 27 ਸਤੰਬਰ ਨੂੰ ਵਿਧਾਨ ਸਭਾ ਸੈਸ਼ਨ ਸੱਦਣ ਨੂੰ ਵੀ ਸ਼ੱਕੀ ਰਕਾਰ ਦਿੰਦਿਆਂ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਇਸਦਾ ਮਕਸਦ ਆਪ ਦੇ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਵੱਲੋਂ ਪਹਿਲਾਂ ਤੈਅ ਕੀਤੇ ਏਜੰਡੇ ਨੂੰ ਅੱਗੇ ਤੋਰਨਾ ਹੈ।

## ਬੀ.ਐੱਡ (ਸ.ਈ.ਟੀ.) ਦਾਖ਼ਲਾ-2022 ਦੀ ਕੌਂਸਲਿੰਗ ਦਾ ਪਹਿਲਾ ਦੌਰ ਸਫਲਤਾਪੂਰਵਕ ਸੰਪੰਨ

ਅੰਮ੍ਰਿਤਸਰ, 22 ਸਤੰਬਰ (ਪੋਸਟ ਬਿਊਰੋ): ਗੁਰੂ ਨਾਨਕ ਦੇਵ ਯੂਨੀਵਰਸਿਟੀ (ਅੰਮ੍ਰਿਤਸਰ), ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ) ਅਤੇ ਪੰਜਾਬੀ ਯੂਨੀਵਰਸਿਟੀ (ਪਟਿਆਲਾ) ਨਾਲ ਸਬੰਧਤ ਮਾਨਤਾ ਪ੍ਰਾਪਤ ਦੇ ਸਾਰੇ ਐਜੂਕੇਸ਼ਨ ਕਾਲਜਾਂ 'ਚ ਬੀ.ਐੱਡ ਕਲਾਸ 'ਚ ਦਾਖਲੇ ਲਈ ਕਾਊਂਸਲਿੰਗ ਦਾ ਪਹਿਲਾ ਦੌਰ ਸਫਲਤਾਪੂਰਵਕ ਸੰਪੰਨ ਹੋ ਗਿਆ। ਇਸ ਬਾਰੇ ਜਾਣਕਾਰੀ ਦਿੰਦਿਆਂ ਬੀ.ਐੱਡ ਦਾਖਲਾ-2022 ਦੇ ਕੋਆਰਡੀਨੇਟਰ ਪ੍ਰੋ. (ਡਾ.) ਅਮਿਤ ਕੌਟਸ ਨੇ ਦੱਸਿਆ ਕਿ ਦੂਜੀ ਕਾਊਂਸਲਿੰਗ ਲਈ ਮੇਜਰ ਵਿਸ਼ਿਆਂ ਦੇ ਕੰਬੀਨੇਸ਼ਨ ਅਤੇ ਕਾਲਜਾਂ ਲਈ ਆਨਲਾਈਨ ਚੁਆਇਸ ਫਿਲਿੰਗ 23 ਸਤੰਬਰ, 2022 ਤੱਕ ਕੀਤੀ ਜਾ ਸਕਦੀ ਹੈ। ਉਮੀਦਵਾਰਾਂ ਨੂੰ ਸੀਟਾਂ ਦੀ ਅੰਤਿਮ ਵੰਡ 28 ਸਤੰਬਰ 2022 ਨੂੰ ਕੀਤੀ ਜਾਵੇਗੀ ਅਤੇ ਉਹਨਾਂ ਨੂੰ 3 ਅਕਤੂਬਰ, 2022 ਤੱਕ ਅਲਾਟ ਕੀਤੇ ਕਾਲਜਾਂ ਨੂੰ ਰਿਪੋਰਟ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਸੈਲਫ-ਫਾਈਨਾਂਸ ਕਾਲਜ ਔਨਲਾਈਨ ਅਲਾਟਮੈਂਟ ਸਮਾਪਤ ਹੋਣ ਤੋਂ ਬਾਅਦ ਆਪਣੇ ਪੱਧਰ 'ਤੇ ਮੈਨੇਜਮੈਂਟ ਕੋਟੇ ਦੀਆਂ ਸੀਟਾਂ ਇਸ਼ਤਿਹਾਰ ਰਾਹੀਂ 29 ਸਤੰਬਰ 2022 ਤੋਂ ਭਰਨਾ ਸ਼ੁਰੂ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਮੈਨੇਜਮੈਂਟ ਕੋਟੇ ਦੀਆਂ ਸੀਟਾਂ ਦੇ ਲਈ ਇਹ ਦਾਖਲਾ ਤਰਜੀਹੀ ਤੌਰ 'ਤੇ ਉਹਨਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ ਜੋ ਸਾਂਝੇ ਦਾਖਲਾ ਟੈਸਟ ਵਿੱਚ ਸ਼ਾਮਲ ਹੋਏ ਅਤੇ ਯੋਗਤਾ ਪੂਰੀ ਕਰਦੇ ਹਨ। ਜਿਹੜੇ ਉਮੀਦਵਾਰ ਕਾਮਨ ਐਂਟਰੈਂਸ ਟੈਸਟ ਲਈ ਅਪਲਾਈ ਨਹੀਂ ਕਰ ਸਕੇ ਜਾਂ ਯੋਗਤਾ ਪੂਰੀ ਨਹੀਂ ਕਰ ਸਕੇ, ਉਹ ਮੈਨੇਜਮੈਂਟ ਕੋਟੇ ਦੀਆਂ ਸੀਟਾਂ 'ਤੇ ਦਾਖਲਾ ਲੈ ਸਕਦੇ ਹਨ ਜੇਕਰ ਸਬੰਧਤ ਕਾਲਜ ਵਿੱਚ ਸੀਟਾਂ ਖਾਲੀ ਹਨ ਅਤੇ ਕੋਈ ਯੋਗ ਉਮੀਦਵਾਰ ਉਪਲਬਧ ਨਹੀਂ ਹੈ। ਸ਼ਡਿਊਲ ਅਨੁਸਾਰ ਅਜਿਹੇ ਉਮੀਦਵਾਰਾਂ ਲਈ ਆਨਲਾਈਨ ਰਜਿਸਟ੍ਰੇਸ਼ਨ ਪੋਰਟਲ 'ਤੇ ਉਪਲਬਧ ਹੋਵੇਗੀ। ਉਨ੍ਹਾਂ ਦੱਸਿਆ ਕਿ ਦੂਜੀ ਕਾਊਂਸਲਿੰਗ ਖਤਮ ਹੋਣ ਤੋਂ ਬਾਅਦ, ਜੇਕਰ ਕਿਸੇ ਉਮੀਦਵਾਰ ਨੇ ਕਾਮਨ ਐਂਟਰੈਂਸ ਪ੍ਰੀਖਿਆ ਲਈ ਯੋਗਤਾ ਪੂਰੀ ਕੀਤੀ ਹੈ ਪਰ ਕਿਸੇ ਵੀ ਤਰ੍ਹਾਂ ਕੋਈ ਕਾਲਜ (ਸਾਰੀਆਂ ਸ਼੍ਰੇਣੀਆਂ) ਅਲਾਟ ਨਹੀਂ ਕੀਤਾ ਜਾ ਸਕਿਆ ਹੈ, ਤਾਂ ਅਜਿਹੇ ਉਮੀਦਵਾਰ ਨੂੰ ਐਜੂਕੇਸ਼ਨ ਕਾਲਜਾਂ ਦੀਆਂ ਸਾਰੀਆਂ ਸ਼੍ਰੇਣੀਆਂ ਦੁਆਰਾ ਆਪਣੇ ਪੱਧਰ 'ਤੇ 6 ਅਕਤੂਬਰ, 2022 ਤਕ ਦਾਖਲਾ ਦਿੱਤਾ ਜਾ ਸਕਦਾ ਹੈ ਅਤੇ ਇਸ ਸਬੰਧੀ ਸ਼ਾਮ 5 ਵਜੇ ਤੱਕ ਪੋਰਟਲ 'ਤੇ ਰਿਪੋਰਟ ਕੀਤੀ ਜਾਣੀ ਹੈ।

## ਜਨਰਲ ਕੈਟਾਗਰੀ ਵੈਲਫੇਅਰ ਫੈਡਰੇਸ਼ਨ ਵਲੋਂ ਡਾਇਰਕਟਰ ਫਾਈਨਾਂਸ ਦਾ ਸਨਮਾਨ



ਪਟਿਆਲਾ, 18 ਅਪਰੈਲ (ਪੋਸਟ ਬਿਊਰੋ):- ਜਨਰਲ ਕੈਟਾਗਰੀ ਵੈਲਫੇਅਰ ਫੈਡਰੇਸ਼ਨ ਦੇ ਪ੍ਰਧਾਨ ਜਸਵੰਤ ਸਿੰਘ ਧਾਲੀਵਾਲ, ਪੀਐਸਈਬੀ ਹੁਣ ਪੀਐਸਪੀਸੀਐਲ/ ਪੀਐਸਟੀਸੀਐਲ ਦੇ ਪ੍ਰਧਾਨ ਕੁਲਜੀਤ ਸਿੰਘ ਰਟੌਲ, ਸਕੱਤਰ ਜਨਰਲ ਸੁਖਪ੍ਰੀਤ ਸਿੰਘ, ਜੁਆਇੰਟ ਸਕੱਤਰ ਨਰਿੰਦਰ ਕਥੂਰੀਆ, ਅਸ਼ੋਕ ਚੋਪੜਾ ਪ੍ਰੈਸ ਸਕੱਤਰ ਅਤੇ ਹੋਰਨਾਂ ਵਲੋਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਡਾਇਰੈਕਟਰ/ ਵਿੱਤ, ਸ੍ਰੀ ਸੁਰਿੰਦਰ ਕੁਮਾਰ ਬੇਰੀ ਨੂੰ ਬੁਕਾ ਦੇ ਕੇ ਸਨਮਾਨਿਤ ਕੀਤਾ ਗਿਆ। ਫੈਡਰੇਸ਼ਨ ਆਗੂਆਂ ਨੇ ਕਿਹਾ ਕਿ ਬੇਰੀ ਸਾਹਿਬ ਬਹੁਤ ਲੰਮਾ ਸਮਾਂ ਪਾਵਰਕੌਮ ਵਿਚ ਵਿੱਤੀ ਮਾਮਲਿਆਂ ਨਾਲ ਸਬੰਧਤ ਸੀਟਾਂ ਤੇ ਰਹੇ ਹਨ ਅਤੇ ਇਹਨਾਂ ਦੇ ਤਜ਼ਰਬੇ ਦਾ ਪਾਵਰਕੌਮ ਨੂੰ ਬਹੁਤ ਲਾਭ ਹੋਵੇਗਾ। ਆਮ ਆਦਮੀ ਸਰਕਾਰ ਵਲੋਂ ਬੇਰੀ ਸਾਹਿਬ ਦੀ ਡਾਇਰੈਕਟਰ/ ਵਿੱਤ ਵਜ਼ੋਂ ਨਿਯੁਕਤੀ ਸਵਾਗਤ ਕੀਤਾ ਹੈ ਅਤੇ ਆਸ ਪ੍ਰਗਟ ਕੀਤੀ ਹੈ ਕਿ ਉਹ ਪਾਵਰਕੌਮ ਨੂੰ ਵਿੱਤੀ ਮਜ਼ਬੂਤ ਕਰਨ ਦੇ ਨਾਲ ਮੁਲਾਜ਼ਮਾਂ ਦੇ ਹਿਤਾਂ ਦਾ ਵੀ ਖਿਆਲ ਰੱਖਣਗੇ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



# ਅਸਾਮ ’ਚ ਗੈਰ-ਕਾਨੂੰਨੀ ’ਰੈਟ ਹੋਲ’ ਖਾਣ ਦੇ ਅੰਦਰ ਤਿੰਨ ਮਜ਼ਦੂਰਾਂ ਦੀ ਮੌਤ

ਡਿਬਰੂਗੜ੍ਹ, 22 ਸਤੰਬਰ (ਪੋਸਟ ਬਿਊਰੋ)- ਆਸਾਮ-ਅਰੁਣਾਚਲ ਸਰਹੱਦ 'ਤੇ ਤਿਨਸੁਕੀਆ ਜ਼ਿਲ੍ਹੇ ਦੇ ਲੇਡੋ ਵਿਖੇ ਐਤਵਾਰ ਰਾਤ ਨੂੰ ਇਕ ਗੈਰ-ਕਾਨੂੰਨੀ ਰੈਟ ਹੋਲ ਖਾਣ ਵਿਚ ਘੱਟੋ-ਘੱਟ ਤਿੰਨ ਕੋਲਾ ਖਾਣ ਮਜਦੂਰ ਮਾਰੇ ਗਏ। ਘਟਨਾ ਦੀ ਪੁਸ਼ਟੀ ਕਰਦੇ ਹੋਏ ਤਿਨਸੁਕੀਆ ਦੇ ਪੁਲਸ ਸੁਪਰਡੈਂਟ ਦੇਬੋਜੀਤ ਦਿਓਰੀ ਨੇ ਦੱਸਿਆ ਕਿ ਪੁਲਸ ਨੇ ਘਟਨਾ ਤੋਂ ਬਾਅਦ ਹੁਣ ਤੱਕ ਪੰਜ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ।

ਉਨ੍ਹਾਂ ਕਿਹਾ ਕਿ ਮਜਦੂਰਾਂ ਦੀ ਮੌਤ ਮੀਥੇਨ ਵਰਗੀ ਜ਼ਹਿਰੀਲੀ ਗੈਸ ਦੇ ਸਾਹ ਲੈਣ ਨਾਲ ਚੜ੍ਹੇ ਹੋਣ ਦਾ ਖਦਸ਼ਾ ਹੈ। ਮਾਰੇ ਗਏ ਮਾਈਨਰਾਂ ਦੀ ਪਛਾਣ ਸਾਹਿਦੁਲ ਇਸਲਾਮ, ਹੁਸੈਨ ਅਲੀ ਅਤੇ ਹਸਮਤ ਅਲੀ ਵਜੋਂ ਹੋਈ ਹੈ, ਜਿਨ੍ਹਾਂ ਦੀ ਉਮਰ ਤੀਹ ਸਾਲ ਤੋਂ ਘੱਟ ਹੈ।



ਪੁਲਸ ਮੁਤਾਬਿਕ ਰੈਟ ਹੋਲ ਖਾਣ ਨੂੰ ਇੱਕ ਦੂਰ-ਦੁਰਾਡੇ ਪਹਾੜੀ ਚੋਟੀ 'ਤੇ ਗੈਰ-ਕਾਨੂੰਨੀ ਢੰਗ ਨਾਲ ਚਲਾਇਆ ਜਾ ਰਿਹਾ ਸੀ। ਘਟਨਾ ਐਤਵਾਰ ਸਵੇਰੇ 8.30 ਵਜੇ ਦੇ ਕਰੀਬ ਉਸ ਸਮੇਂ ਵਾਪਰੀ ਜਦੋਂ ਖਾਣ ਵਾਲੇ ਕੋਲਾ ਕੱਢਣ ਲਈ ਖਾਣ ਵਿਚ ਦਾਖਲ ਹੋਏ। ਖਾਣ ਦੇ ਅੰਦਰੋਂ ਮੀਥੇਨ ਵਰਗੀ ਜ਼ਹਿਰੀਲੀ ਗੈਸ ਦੇ ਲੀਕ ਹੋਣ ਦਾ ਸ਼ੱਕ ਸੀ। ਇਸ ਮਾਮਲੇ ਵਿਚ ਪੰਜ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਲੋਕ ਲਾਸ਼ਾਂ ਨੂੰ ਦਫਨਾਉਣ ਅਤੇ ਘਟਨਾ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਲਾਸ਼ਾਂ ਦਾ ਪੋਸਟਮਾਰਟਮ ਕਰਕੇ ਸਬੰਧਤ ਪਰਿਵਾਰਾਂ ਨੂੰ ਸੌਂਪ ਦਿੱਤਾ ਜਾਵੇਗਾ।

# ਹੀਰਾ ਵਪਾਰੀ ਤੋਂ 80 ਲੱਖ ਦੀ ਫਿਰੌਤੀ ਦੇ ਦੋਸ਼ ’ਚ ਤਿੰਨ ਵਿਅਕਤੀ ਗ੍ਰਿਫਤਾਰ

ਮੁੰਬਈ, 22 ਸਤੰਬਰ (ਪੋਸਟ ਬਿਊਰੋ) - ਮੁੰਬਈ ਪੁਲਸ ਦੀ ਕ੍ਰਾਈਮ ਬ੍ਰਾਂਚ ਨੇ ਬੁੱਧਵਾਰ ਨੂੰ ਕਸ਼ਮੀਰਾ ਖੇਤਰ ਦੇ ਇਕ ਹੀਰਾ ਵਪਾਰੀ ਤੋਂ 80 ਲੱਖ ਰੁਪਏ ਦੀ ਫਿਰੌਤੀ ਦੇ ਦੋਸ਼ 'ਚ ਤਿੰਨ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਨੇ ਵਪਾਰੀ ਨੂੰ ਦੱਸਿਆ ਕਿ ਜਿਸ ਵਿਅਕਤੀ ਨੂੰ ਉਸ ਨੇ ਹੀਰਿਆਂ ਨੂੰ ਦੁਬਈ ਲਿਜਾਣ ਦੀ ਜ਼ਿੰਮੇਵਾਰੀ ਸੌਂਪੀ ਸੀ, ਉਸ ਨੂੰ ਕਸਟਮ ਅਧਿਕਾਰੀਆਂ ਨੇ ਹਿਰਾਸਤ ਵਿਚ ਲੈ ਲਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਵਿਜੇ ਹੀਰਾਪਾਰਾ (25), ਰਵੀ ਗੋਗੋਰੀ (33) ਅਤੇ ਕਿਸ਼ਨ ਸ਼ਰਿਈਆ (20) ਵਜੋਂ ਹੋਈ ਹੈ। ਤਿੰਨੋਂ ਦੋਸ਼ੀ ਗੁਜਰਾਤ ਦੇ ਰਹਿਣ ਵਾਲੇ ਹਨ ਪਰ ਫਿਲਹਾਲ ਮੁੰਬਈ 'ਚ ਰਹਿੰਦੇ ਹਨ।

ਸ਼ਿਕਾਇਤਕਰਤਾ ਜੈਰਾਮਭਾਈ ਅੰਕੋਲੀਆ ਨੇ ਦੋਸ਼ੀ ਗੋਗੋਰੀ ਨੂੰ ਦੁਬਈ



ਸਥਿਤ ਆਪਣੇ ਦਫਤਰ 'ਚ 'ਡਲਿਵਰੀ' ਲਈ 3 ਕਰੋੜ ਰੁਪਏ ਤੋਂ ਵੱਧ ਦੇ ਹੀਰੇ ਦਿੱਤੇ ਸਨ ਕਿਉਂਕਿ ਉਹ ਇਕ ਦੂਜੇ ਨੂੰ ਜਾਣਦੇ ਸਨ। “ਹਾਲਾਂਕਿ, ਗੋਗੋਰੀ ਨੇ ਅੰਕੋਲੀਆ ਤੋਂ ਪੈਸੇ ਵਸੂਲਣ ਲਈ ਦੋ ਹੋਰ ਦੋਸ਼ੀਆਂ ਨਾਲ ਹੱਥ ਮਿਲਾਇਆ। ਤਿੰਨਾਂ ਨੇ ਇੱਕ ਕਹਾਣੀ ਘੜ ਲਈ ਅਤੇ ਅੰਕੋਲੀਆ ਨੂੰ ਬੁਲ-ਾਇਆ ਅਤੇ ਦਾਅਵਾ ਕੀਤਾ ਕਿ ਗੋਗੋਰੀ ਉਨ੍ਹਾਂ ਨਾਲ ਯਾਤਰਾ ਕਰ ਰਿਹਾ ਸੀ, ਪਰ ਕਸਟਮ ਅਧਿਕਾਰੀਆਂ ਨੇ ਉਸਨੂੰ ਹਿਰਾਸਤ ਵਿੱਚ ਲੈ ਲਿਆ। ਉਸ ਨੇ ਆਪਣੀ ਰਿਹਾਈ ਲਈ ਅੰਕੋਲੀਆ ਤੋਂ 80 ਲੱਖ ਰੁਪਏ ਦੀ ਮੰਗ ਕੀਤੀ ਹੈ।

ਹਾਲਾਂਕਿ, ਹੀਰਾ ਵਪਾਰੀ ਨੂੰ ਸ਼ੱਕ ਹੋਇਆ ਅਤੇ ਉਸ ਨੇ ਮੰਗਲਵਾਰ ਨੂੰ ਸਹਾਰ ਥਾਣੇ ਵਿੱਚ ਇਸ ਸਬੰਧ ਵਿੱਚ ਸ਼ਿਕਾਇਤ ਦਰਜ ਕਰਵਾਈ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਕ੍ਰਾਈਮ ਬ੍ਰਾਂਚ ਨੇ ਮੀਰਾ-ਭਯੰਦਰ ਇਲਾਕੇ ਦੇ ਵੱਖ-ਵੱਖ ਲੌਜਾਂ 'ਚ ਰਹਿ ਰਹੇ ਤਿੰਨਾਂ ਮੁਲਜ਼ਮਾਂ ਨੂੰ ਫੜਿਆ। ਅਧਿਕਾਰੀ ਨੇ ਕਿਹਾ ਕਿ ਹੀਰਾਪਰਾ ਅਤੇ ਅੰਕੋਲੀਆ ਦੀ ਇੱਕ ਔਰਤ ਦੁਆਰਾ ਇੱਕ ਦੂਜੇ ਨਾਲ ਜਾਣ-ਪਛਾਣ ਕੀਤੀ ਗਈ ਸੀ, ਪਰ ਇਸ ਸਮੇਂ ਇਹ ਸਪਸ਼ਟ ਨਹੀਂ ਹੈ ਕਿ ਅਪਰਾਧ ਵਿੱਚ ਉਸਦੀ ਭੂਮਿਕਾ ਸੀ ਜਾਂ ਨਹੀਂ। ਉਨ੍ਹਾਂ ਦੱਸਿਆ ਕਿ ਤਿੰਨਾਂ ਖ਼ਿਲਾਫ਼ ਭਾਰਤੀ ਦੰਡਾਵਲੀ (ਆਈਪੀਸੀ) ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਉਮੇਸ਼ ਕੋਲਹੇ ਕਤਲ ਕੇਸ ਵਿਚ ਐੱਨਆਈਏ ਨੇ ਇੱਕ ਹੋਰ ਭਗੌੜਾ ਕੀਤਾ ਗ੍ਰਿਫਤਾਰ

## *ਸਿਰ ਉਤੇ ਸੀ 2 ਲੱਖ ਦਾ ਇਨਾਮ



ਨਵੀਂ ਦਿੱਲੀ, 22 ਸਤੰਬਰ (ਪੋਸਟ ਬਿਊਰੋ) - ਐਨਆਈਏ ਨੇ ਬੁੱਧਵਾਰ ਨੂੰ ਉਮੇਸ਼ ਕੋਲਹੇ ਕਤਲ ਕੇਸ ਦੇ ਇੱਕ ਹੋਰ ਭਗੌੜੇ ਨੂੰ ਗ੍ਰਿਫਤਾਰ ਕੀਤਾ ਹੈ। ਐਨਆਈਏ ਨੇ ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਸ਼ਾਹੀਮ ਅਹਿਮਦ ਵਜੋਂ ਕੀਤੀ ਹੈ। ਐਨਆਈਏ ਨੂੰ ਕਾਫੀ ਸਮੇਂ ਤੋਂ ਸ਼ਾਹੀਮ ਦੀ ਤਲਾਸ਼ ਸੀ। ਇਹੀ ਕਾਰਨ ਸੀ ਕਿ ਐਨਆਈਏ ਨੇ ਮੁਲਜ਼ਮ ਸ਼ਾਹੀਮ 'ਤੇ ਦੋ ਲੱਖ ਰੁਪਏ ਦਾ ਇਨਾਮ ਵੀ ਰੱਖਿਆ ਸੀ। ਉਮੇਸ਼ ਕੋਲਹੇ ਕਤਲ ਕੇਸ ਵਿੱਚ ਹੁਣ ਤੱਕ ਕੁੱਲ 11 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਕੁਝ ਦਿਨ ਪਹਿਲਾਂ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨ.ਆਈ.ਏ.) ਨੇ ਉਮੇਸ਼ ਕੋਲ੍ਹੇ ਕਤਲ ਦੇ ਕਤਲ ਦੇ ਦੋਸ਼ 'ਚ ਫਰਾਰ ਸ਼ਮੀਮ ਅਹਿਮਦ ਉਰਫ ਫਿਰੋਜ਼ ਅਹਿਮਦ 'ਤੇ ਨਕਦ ਇਨਾਮ ਦਾ ਐਲਾਨ ਕੀਤਾ ਸੀ। ਐਨਆਈਏ ਨੇ ਸ਼ਮੀਮ ਬਾਰੇ ਜਾਣਕਾਰੀ ਦੇਣ ਵਾਲੇ ਨੂੰ 2 ਲੱਖ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ। ਜਾਂਚ ਏਜੰਸੀ ਇਸ ਮਾਮਲੇ 'ਚ ਹੁਣ ਤੱਕ ਕਰੀਬ 8 ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਚੁੱਕੀ ਹੈ। ਅਮਰਾਵਤੀ 'ਚ ਮੈਡੀਕਲ ਸਟੋਰ ਦੇ ਮਾਲਕ ਉਮੇਸ਼ ਕੋਲਹੇ ਦੀ ਹੱਤਿਆ ਸਿਰਫ ਇਸ ਲਈ ਕੀਤੀ ਗਈ ਸੀ ਕਿਉਂਕਿ ਉਸ ਨੇ ਨੂਪੁਰ ਸ਼ਰਮਾ ਦੇ ਸਮਰਥਨ 'ਚ ਸੋਸ਼ਲ ਮੀਡੀਆ 'ਤੇ ਪੋਸਟ ਲਿਖੀ ਸੀ।

54 ਸਾਲਾ ਕੈਮਿਸਟ ਉਮੇਸ਼ ਪ੍ਰਹਿਲਾਦ ਰਾਓ ਕੋਲਹੇ ਦੀ 21 ਜੂਨ, 2022 ਨੂੰ ਹੱਤਿਆ ਕਰ ਦਿੱਤੀ ਗਈ ਸੀ। ਅਮਰਾਵਤੀ ਪੁਲਸ ਨੇ 22 ਜੂਨ ਨੂੰ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਸੀ। ਇਹ ਘਟਨਾ 21 ਜੂਨ ਨੂੰ ਰਾਤ 10 ਤੋਂ 10.30 ਵਜੇ ਦੇ ਦਰਮਿ-ਆਨ ਵਾਪਰੀ, ਜਦੋਂ ਉਮੇਸ਼ ਆਪਣੀ ਦੁਕਾਨ ਬੰਦ ਕਰਕੇ ਸਾਈਕਲ 'ਤੇ ਘਰ ਪਰਤ ਰਿਹਾ ਸੀ

# ਮਾਹਰਾਂ ਨੇ ਦਿੱਤੀ ਚੇਤਾਵਨੀ, ਭਾਰਤ ਵਿੱਚ ਲੰਪੀ ਸਕਿਨ ਬਿਮਾਰੀ ਦੇ ਨਵੇਂ ਲੱਛਣ ਚਿੰਤਾ ਦਾ ਕਾਰਨ

ਜੈਪੁਰ, 22 ਸਤੰਬਰ (ਪੋਸਟ ਬਿਊਰੋ)- ਦੇਸ਼ ਦੇ ਕਈ ਰਾਜਾਂ ਵਿਚ ਲੰਪੀ ਸਕਿਨ ਤਬਾਹੀ ਮਚਾ ਰਿਹਾ ਹੈ। ਲੰਪੀ ਸਕਿਨ ਕਾਰਨ ਦੇਸ਼ ਵਿਚ ਵੱਡੀ ਗਿਣਤੀ ਵਿੱਚ ਪਸ਼ੂਆਂ ਦੀ ਜਾਨ ਚਲੀ ਗਈ ਹੈ। ਰਾਜਸਥਾਨ ਇਸ ਬਿਮਾਰੀ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ ਅਤੇ ਇਸ ਕਾਰਨ ਦੁੱਧ ਦਾ ਉਤਪਾਦਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਇਸ ਕਾਰਨ ਸੂਬੇ ਵਿਚ ਦੁੱਧ ਤੋਂ ਬਣੀਆਂ ਮਠਿਆਈਆਂ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਸੂਬੇ ਦੀ ਸਭ ਤੋਂ ਵੱਡੀ ਦੁੱਧ ਸਹਿਕਾਰੀ ਸੰਸਥਾ ਜੈਪੁਰ ਡੇਅਰੀ ਫੈਡਰੇਸ਼ਨ ਅਨੁਸਾਰ ਦੁੱਧ ਦੀ ਸੰਗ੍ਰਹਿ ਵਿੱਚ 15 ਤੋਂ 18 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ, ਹਾਲਾਂਕਿ ਹੁਣ ਤੱਕ ਸਪਲਾਈ ਵਿੱਚ ਕੋਈ ਵਿਘਨ ਨਹੀਂ ਪਿਆ ਹੈ। ਫੈਡਰੇਸ਼ਨ ਦੇ ਚੇਅਰਮੈਨ ਓਮ ਪੂਨੀਆ ਨੇ ਕਿਹਾ, ਰੋਜ਼ਾਨਾ ਦੁੱਧ ਦਾ ਸੰਗ੍ਰਹਿ 14 ਲੱਖ ਲੀਟਰ ਆਮ ਤੋਂ ਘੱਟ ਕੇ 12 ਲੱਖ ਲੀਟਰ ਰਹਿ ਗਿਆ ਹੈ।

ਪੂਨੀਆ ਨੇ ਕਿਹਾ, "ਲੰਪੀ ਸਕਿਨ ਦੇ ਕਹਿਰ ਤੋਂ ਪਹਿਲਾਂ ਸਾਨੂੰ ਸਹਿਕਾਰੀ ਸਭਾ 'ਚ ਰੋਜ਼ਾਨਾ 14 ਲੱਖ ਲੀਟਰ ਦੁੱਧ ਮਿਲਦਾ ਸੀ, ਜੋ ਹੁਣ ਘੱਟ ਕੇ 12 ਹਜ਼ਾਰ ਲੀਟਰ ਰਹਿ ਗਿਆ ਹੈ। ਇਹ ਤਸੱਲੀ ਦੀ ਗੱਲ ਹੈ ਕਿ ਦੁੱਧ ਦੀ ਸਪਲਾਈ 'ਚ ਕੋਈ ਰੁਕਾਵਟ ਨਹੀਂ ਆਈ।

# ਮੁੰਬਈ ਦੇ ਸਕੂਲ ਦੀ ਲਿਫਟ ਵਿਚ ਫਸਣ ਕਾਰਨ ਅਧਿਆਪਕਾ ਦੀ ਮੌਤ

ਮੁੰਬਈ, 22 ਸਤੰਬਰ (ਪੋਸਟ ਬਿਊਰੋ): ਬੀਤੇ ਦਿਨੀਂ ਮੁੰਬਈ ਦੇ ਮਲਾਡ ਵਿੱਚ ਇਕ ਦਰਦਨਾਕ ਘਟਨਾ ਸਾਹਮਣੇ ਆਈ ਹੈ ਜਿੱਥੇ ਇਕ ਮਹਿਲਾ ਅਧਿਆਪਕ ਦੀ ਸਕੂਲ ਦੀ ਲਿਫਟ ਵਿੱਚ ਫਸਣ ਕਾਰਨ ਮੌਤ ਹੋ ਗਈ। ਇਹ ਘਟਨਾ ਸ਼ੁੱਕਰਵਾਰ ਦੀ ਦੱਸੀ ਜਾ ਰਹੀ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਦਿਆਂ ਹੀ ਜ਼ਖਮੀ ਅਧਿਆਪਕ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ। ਹਸਪਤਾਲ ਵਿੱਚ ਡਾਕਟਰਾਂ ਦੀ ਟੀਮ ਨੇ ਅਧਿਆਪਕ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਅਧਿਆਪਕਾ ਦੀ ਪਹਿਚਾਣ 26 ਸਾਲਾ ਜੇਨੇਲੇ ਫਰਨਾਡੀਜ ਵਜੋਂ ਹੋਈ ਹੈ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਘਟਨਾ ਮਲਾਡ ਪੱਛਮੀ ਵਿੱਚ ਚਿੰਚੋਲੀ ਫਾਟਕ ਦੇ ਨੇੜੇ ਸਥਿਤ ਸੈਂਟ ਮੈਰੀ ਇਗਲਿਸ ਸਕੂਲ ਦੀ ਹੈ। ਜਾਂਚ ਵਿੱਚ ਪਤਾ ਚਲਿਆ ਹੈ ਕਿ ਦੁਪਹਿਰ ਕਰੀਬ 1 ਵਜੇ ਜੇਨੇਲੇ ਨੇ ਸਕੂਲ ਦੀ 6ਵੀਂ ਮੰਜ਼ਿਲ ’ਤੇ ਕਲਾਸ ਖਤਮ ਕੀਤੀ ਸੀ। ਉਹ ਦੂਜੀ ਮੰਜ਼ਿਲ ਉਤੇ ਸਟਾਫ ਰੂਮ



ਵਿੱਚ ਜਾ ਰਹੀ ਸੀ। ਇਸ ਲਈ ਉਸਨੇ ਲਿਫਟ ਦਾ ਬਟਨ ਦਬਾਇਆ। ਜਦੋਂ ਲਿਫਟ ਦਾ ਦਰਵਾਜਾ ਖੁੱਲ੍ਹਿਆ ਤਾਂ ਉਸਨੇ ਅੰਦਰ ਕਦਮ ਰੱਖਿਆ, ਪ੍ਰੰਤੂ ਲਿਫਟ ਕੇਬਿਨ ਦਾ ਦਰਵਾਜਾ ਬੰਦ ਹੋਣ ਤੋਂ ਪਹਿਲਾਂ ਹੀ ਲਿਫਟ ਉਪਰ ਵੱਲ ਜਾਣ ਲੱਗੀ। ਇਸ ਤੋਂ ਪਹਿਲਾ ਕਿ ਉਹ ਖੁਦ ਨੂੰ ਲਿਫਟ ਵਿਚੋਂ ਕੱਢ ਸਕਦੀ ਉਸ ਵਿੱਚ ਫਸ ਗਈ ਅਤੇ ਲਿਫਟ ਉਪਰ ਖਿਚਦੀ ਚਲੀ ਗਈ। ਇਸ ਘਟਨਾ ਵਿੱਚ ਉਹ ਜ਼ਖਮੀ ਹੋ ਗਈ। ਸਕੂਲ ਕਰਮਚਾਰੀ ਇਹ ਦੇਖ ਉਸਦੀ ਮੱਦਦ ਲਈ ਅੱਗੇ ਵਧੇ। ਉਨ੍ਹਾਂ ਕਿਸੇ ਤਰ੍ਹਾਂ ਜੇਨੇਲੇ ਨੂੰ ਲਿਫਟ ਕੈਬਿਨ ਵਿਚੋਂ ਬਾਹਰ ਕੱਢਿਆ ਅਤੇ ਮਲਾਡ ਪੁਲਿਸ ਨੂੰ ਸੂਚਿਤ ਕੀਤਾ।

# ਮੀਂਹ ਕਾਰਨ ਤਿੰਨ ਥਾਵਾਂ ’ਤੇ ਕੰਧਾਂ ਡਿੱਗਣ ਕਾਰਨ ਸੱਤ ਦੀ ਮੌਤ

ਯੂਪੀ, 22 ਸਤੰਬਰ (ਪੋਸਟ ਬਿਊਰੋ): ਉੱਤਰ ਪ੍ਰਦੇਸ਼ ਵਿੱਚ ਮੀਂਹ ਨੇ ਭਾਰੀ ਤਬਾਹੀ ਮਚਾਈ ਹੋਈ ਹੈ। ਇਟਾਵਾ ਜ਼ਲ੍ਹਿੇ ਵਿੱਚ ਬੁੱਧਵਾਰ ਰਾਤ ਤੋਂ ਲਗਾਤਾਰ ਮੀਂਹ ਪੈ ਰਿਹਾ ਹੈ। ਮੀਂਹ ਕਾਰਨ ਜ਼ਲ੍ਹਿੇ ਵਿੱਚ ਤਿੰਨ ਥਾਵਾਂ ’ਤੇ ਕੰਧ ਡਿੱਗਣ ਕਾਰਨ ਸੱਤ ਲੋਕਾਂ ਦੀ ਮੌਤ ਹੋ ਗਈ ਹੈ। ਇਸ ਹਾਦਸੇ ਤੋਂ ਬਾਅਦ ਪਰਿਵਾਰਕ ਮੈਂਬਰਾਂ ਦਾ ਰੋ -ਰੋ ਬੁਰਾ ਹਾਲ ਹੈ। ਸੂਬੇ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਵੀ ਮੀਂਹ ਕਾਰਨ ਹੋਏ ਹਾਦਸਿਆਂ 'ਤੇ ਦੁੱਖ ਪ੍ਰਗਟ ਕੀਤਾ ਹੈ।

ਇਟਾਵਾ ਜ਼ਲ੍ਹਿੇ ਦੇ ਥਾਣਾ ਸਿਵਲ ਲਾਈਨ ਖੇਤਰ ਅਧੀਨ ਆਉਂਦੇ ਪਿੰਡ ਚੰਦਰਪੁਰਾ 'ਚ ਲਗਾਤਾਰ ਭਾਰੀ ਮੀਂਹ ਕਾਰਨ ਕੰਧ ਡਿੱਗਣ ਕਾਰਨ ਚਾਰ ਮਾਸੂਮ ਭੈਣ-ਭਰਾ ਦੀ ਮੌਤ ਹੋ ਗਈ ਹੈ। ਇਸ ਦੇ ਨਾਲ ਹੀ ਇਕ ਭਰਾ ਅਤੇ ਦਾਦੀ ਦੀ ਹਾਲਤ ਅਜੇ ਵੀ ਨਾਜ਼ੁਕ ਬਣੀ ਹੋਈ ਹੈ। ਜ਼ਖਮੀਆਂ ਦਾ ਇਟਾਵਾ ਜ਼ਲ੍ਹਿਾ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ।

ਇਨ੍ਹਾਂ ਚਾਰੇ ਮ੍ਰਿਤਕ ਬੱਚਿਆਂ ਦੇ ਮਾਪਿਆਂ ਦੀ 2 ਸਾਲ ਪਹਿਲਾਂ ਮੌਤ ਹੋ ਗਈ ਸੀ, ਬੱਚੇ ਆਪਣੀ ਦਾਦੀ ਕੋਲ ਰਹਿ ਰਹੇ ਸਨ। ਚਾਰ ਭੈਣ-ਭਰਾ ਸਿੰਕੂ (10), ਅਭੀ (8), ਸੋਨੂੰ (7), ਆਰਤੀ (5) ਹਨ। ਇਸ ਘਟਨਾ ਦੀ ਸੂਚਨਾ ਮਿਲਦਿਆਂ ਹੀ ਜ਼ਲ੍ਹਿਾ ਮੈਜਿਸਟ੍ਰੇਟ ਅਵਨੀਸ਼ ਰਾਏ ਅਤੇ ਸੀਨੀਅਰ ਪੁਲਿਸ ਕਪਤਾਨ ਜੈਪ੍ਰਕਾਸ਼ ਸਿੰਘ ਪ੍ਰਸ਼ਾਸਨਿਕ ਅਧਿਕਾਰੀਆਂ ਸਮੇਤ ਜ਼ਲ੍ਹਿਾ ਹਸਪਤਾਲ ਪੁੱਜੇ ਅਤੇ ਘਟਨਾ ਦੀ ਜਾਣਕਾਰੀ ਲਈ ਅਤੇ ਜ਼ਖ਼ਮੀ ਦਾਦੀ ਅਤੇ ਮਾਸੂਮ ਬੱਚੇ ਦਾ ਹਾਲ-ਚਾਲ ਪੁੱਛਿਆ ਹੈ।

ਦੂਜਾ ਹਾਦਸਾ ਥਾਣਾ ਇਕਦਲ ਦੇ ਪਿੰਡ ਕ੍ਰਿਪਾਲਪੁਰ ਦਾ ਹੈ। ਇੱਥੇ ਵੀ ਕੱਚੀ ਕੰਧ ਡਿੱਗਣ ਕਾਰਨ ਬਜ਼ੁਰਗ ਜੋੜੇ ਦੀ ਮੌਤ ਹੋ ਗਈ। ਤੀਜਾ ਹਾਦਸਾ ਮਹੇਵਾ ਬਲਾਕ ਇਲਾਕੇ ਦੀ ਗ੍ਰਾਮ ਪੰਚਾਇਤ ਅੰਡਾਵਾ ਦੇ ਮਜਰਾ ਵਿੱਚ ਵਾਪਰਿਆ। ਇੱਥੇ ਮਿੱਟੀ ਦੀ ਕੰਧ ਡਿੱਗਣ ਕਾਰਨ 50 ਸਾਲਾ ਜਬਰ ਸਿੰਘ ਦੀ ਮੌਤ ਹੋ ਗਈ।

# ਦਿੱਲੀ ’ਚ ਫਾਰਚੂਨਰ ਨੇ ਕਈ ਵਾਹਨਾਂ ਨੂੰ ਮਾਰੀ ਟੱਕਰ, ਵਿਅਕਤੀ ਨੂੰ 100 ਮੀਟਰ ਤੱਕ ਘੜੀਸਿਆ



ਨਵੀਂ ਦਿੱਲੀ, 22 ਸਤੰਬਰ (ਪੋਸਟ ਬਿਊਰੋ)- ਕਰੋਲ ਬਾਗ ਇਲਕੇ 'ਚ ਤੇਜ਼ ਰਫਤਾਰ ਫਾਰਚੂਨਰ ਕਾਰ ਨੇ ਕਈ ਵਾਹਨਾਂ ਨੂੰ ਟੱਕਰ ਮਾਰ ਦਿੱਤੀ। ਹਾਦਸਾ ਉਸ ਸਮੇਂ ਵਾਪਰਿਆ ਜਦੋਂ ਡਰਾਈਵਰ ਓਵਰ ਸਪੀਡ 'ਤੇ ਚੱਲ ਰਿਹਾ ਸੀ। ਸੋਮਵਾਰ ਨੂੰ ਦਿੱਲੀ ਦੇ ਕਰੋਲ ਬਾਗ ਵਿੱਚ ਇੱਕ ਟੋਇਟਾ ਫਾਰਚੂਨਰ ਨੇ ਕਈ ਸਟੇਸ਼ਨਰੀ ਵਾਹਨਾਂ ਨੂੰ ਟੱਕਰ ਮਾਰ ਦਿੱਤੀ ਅਤੇ ਇੱਕ ਵਿਅਕਤੀ ਨੂੰ ਕਰੀਬ ਸੌ ਮੀਟਰ ਤੱਕ ਘੜੀਸਿਆ। ਇਹ ਸਾਰੀ ਘਟਨਾ ਸੀਸੀਟੀਵੀ ਕੈਮਰੇ ਵਿੱਚ ਰਿਕਾਰਡ ਹੋ ਗਈ। ਵੀਡੀਓ 'ਚ ਇਕ ਔਰਤ ਸੜਕ ਦੇ ਕਿਨਾਰੇ ਖੜ੍ਹੀ ਦਿਖਾਈ ਦੇ ਰਹੀ ਹੈ। ਕਾਰ ਦੇ ਵਾਹਨਾਂ ਨਾਲ ਟਕਰਾਉਣ 'ਤੇ ਔਰਤ ਹੈਰਾਨ ਰਹਿ ਜਾਂਦੀ ਹੈ। ਵੀਡੀਓ ਵਿੱਚ ਨੁਕਸਾਨੀਆਂ ਗਈਆਂ ਕਾਰਾਂ ਅਤੇ ਦੋਪਹੀਆ ਵਾਹਨਾਂ ਦੇ ਬਚੇ ਹੋਏ ਪਾਰਟਸ ਵੀ ਦਿਖਾਈ ਦੇ ਰਹੇ ਹਨ। ਘਟਨਾ ਤੋਂ ਬਾਅਦ ਮੌਕੇ 'ਤੇ ਲੋਕਾਂ ਦੀ ਭੀੜ ਇਕੱਠੀ ਹੋ ਗਈ ਅਤੇ ਲੋਕ ਫੋਟੋਆਂ ਖਿੱਚਣ ਲੱਗੇ। ਫਿਲਹਾਲ ਕਾਰ ਪੁਲਸ ਦੀ ਹਿਰਾਸਤ 'ਚ ਹੈ ਅਤੇ ਡਰਾਈਵਰ ਫਰਾਰ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਸੋਪੋਰ ਵਿਚ ਲਸ਼ਕਰ ਦੇ 2 ਹਾਈਬ੍ਰਿਡ ਅੱਤਵਾਦੀ ਗ੍ਰਿਫਤਾਰ, ਹਥਿਆਰ ਵੀ ਬਰਾਮਦ

ਜੰਮੂ-ਕਸ਼ਮੀਰ, 22 ਸਤੰਬਰ (ਪੋਸਟ ਬਿਊਰੋ): ਉੱਤਰੀ ਕਸ਼ਮੀਰ ਦੇ ਬਾਰਾਮੂਲਾ ਜ਼ਲਿੇ ਦੇ ਸੋਪੋਰ 'ਚ ਸੁਰੱਖਿਆ ਬਲਾਂ ਨੂੰ ਬੁੱਧਵਾਰ ਨੂੰ ਵੱਡੀ ਸਫਲਤਾ ਮਿਲੀ ਹੈ। ਦੇਰ ਰਾਤ ਸੁਰੱਖਿਆ ਬਲਾਂ ਨੇ ਲਸ਼ਕਰ-ਏ-ਤੋਇਬਾ ਦੇ 2 ਹਾਈਬ੍ਰਿਡ ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ ਹੈ। ਗ੍ਰਿਫਤਾਰ ਅੱਤਵਾਦੀਆਂ ਕੋਲੋਂ ਵੱਡੀ ਗਿਣਤੀ 'ਚ ਹਥਿਆਰ ਬਰਾਮਦ ਹੋਏ ਹਨ। ਪੁਲੀਸ ਅਨੁਸਾਰ ਇਨ੍ਹਾਂ ਕੋਲੋਂ ਪਿਸਤੌਲ, ਚੀਨੀ ਬਣੇ ਗ੍ਰੇਨੇਡ ਅਤੇ ਗੋਲੀਆਂ ਬਰਾਮਦ ਹੋਈਆਂ ਹਨ।

ਇਸ ਦੇ ਨਾਲ ਹੀ ਹੁਣ ਉਨ੍ਹਾਂ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਗ੍ਰਿਫਤਾਰ ਅੱਤਵਾਦੀਆਂ ਦੀ ਪਛਾਣ ਇਮਤਿਆਜ਼ ਅਹਿਮਦ ਗਨੇਈ ਅਤੇ ਵਸੀਮ ਅਹਿਮਦ ਲੋਨ ਵਾਸੀ ਬਟਿੰਗੂ ਵਜੋਂ ਹੋਈ ਹੈ। ਦੋਵਾਂ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਲਸ਼ਕਰ ਲਈ ਹਾਈਬ੍ਰਿਡ ਅੱਤਵਾਦੀ ਅਤੇ ਓਵਰ ਗਰਾਊਂਡ ਵਰਕਰ ਦੇ ਰੂਪ 'ਚ ਕੰਮ ਕਰਦੇ ਹਨ। ਸ਼ੁਰੂਆਤੀ ਜਾਂਚ 'ਚ ਸਾਹ-ਮਣੇ ਆਇਆ ਹੈ ਕਿ ਗ੍ਰਿਫਤਾਰ ਕੀਤੇ ਗਏ ਦੋਵੇਂ ਅੱਤਵਾਦੀ ਬਿਲਾਲ ਹਮਜ਼ਾ ਮੀਰ ਦੇ ਇਸ਼ਾਰੇ 'ਤੇ ਸੋਪੋਰ ਅਤੇ ਆਸਪਾਸ ਦੇ ਇਲਾਕਿਆਂ 'ਚ ਸੁਰੱਖਿਆ ਬਲਾਂ ਅਤੇ ਨਾਗਰਿਕਾਂ 'ਤੇ ਹਮਲਾ ਕਰਨ ਦੀ ਯੋਜਨਾ ਬਣਾ ਰਹੇ ਸਨ।

# ਜੰਮੂ-ਕਸ਼ਮੀਰ ਦੇ ਬਾਂਦੀਪੋਰਾ 'ਚ ਬਿਹਾਰ ਦੇ ਇਕ ਮਜ਼ਦੂਰ ਦੀ ਹੱਤਿਆ 'ਚ ਸ਼ਾਮਲ ਤਿੰਨ ਅੱਤਵਾਦੀ ਕੀਤੇ ਗ੍ਰਿਫਤਾਰ



ਸ਼੍ਰੀਨਗਰ, 22 ਸਤੰਬਰ (ਪੋਸਟ ਬਿਊਰੋ)- ਬੀਤੇ ਦਿਨੀਂ ਜੰਮੂ-ਕਸ਼ਮੀਰ ਦੇ ਬਾਂਦੀਪੋਰਾ 'ਚ ਪਿਛਲੇ ਮਹੀਨੇ ਇਕ ਗੈਰ-ਸਥਾਨਕ ਮਜ਼ਦੂਰ ਦੀ ਹੱਤਿਆ 'ਚ ਸ਼ਾਮਲ ਤਿੰਨ ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। 11 ਅਤੇ 12 ਅਗਸਤ ਦੀ ਦਰਮਿਆਨੀ ਰਾਤ ਨੂੰ ਉੱਤਰੀ ਕਸ਼ਮੀਰ ਦੇ ਸਾਦੂਨਾਰਾ ਇਲਾਕੇ ਵਿੱਚ ਬਿਹਾਰ ਦੇ ਇੱਕ ਮਜ਼ਦੂਰ ਮੁਹੰਮਦ ਅਮਰੇਜ਼ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਬਾਂਦੀਪੋਰਾ ਦੇ ਸੀਨੀਅਰ ਪੁਲਿਸ ਕਪਤਾਨ ਮੁਹੰਮਦ ਜ਼ਾਹਿਦ ਨੇ ਦੱਸਿਆ ਕਿ ਘਟਨਾ ਦੇ ਤੁਰੰਤ ਬਾਅਦ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਗਿਆ ਸੀ। ਐਸਐਸਪੀ ਨੇ ਕਿਹਾ, “ਅਸੀਂ ਇੱਕ ਮਹੀਨੇ ਵਿੱਚ ਮਾਮਲਾ ਸੁਲਝਾ ਲਿਆ। ਪੁਲਿਸ, ਸੈਨਾ ਅਤੇ ਕੇਂਦਰੀ ਰਿਜ਼ਰਵ ਪੁਲਿਸ ਬਲ (ਸੀਆਰਪੀਐਫ) ਦੀ ਸਾਂਝੀ ਟੀਮ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਅਪਰਾਧ ਵਿੱਚ ਵਰਤਿਆ ਗਿਆ ਹਥਿਆਰ ਵੀ ਬਰਾਮਦ ਕਰ ਲਿਆ ਗਿਆ ਹੈ।" ਉਨ੍ਹਾਂ ਦੱਸਿਆ ਕਿ ਸਾਰੇ ਮੁਲਜ਼ਮ ਸਾਦੂਨਾਰਾ ਦੇ ਰਹਿਣ ਵਾਲੇ ਹਨ ਅਤੇ ਉਨ੍ਹਾਂ ਦੀ ਪਛਾਣ ਵਸੀਮ, ਯਾਵਰ ਅਤੇ ਮੁਜ਼ੱਮਿਲ ਵਜੋਂ ਹੋਈ ਹੈ।

# ਡੀ.ਆਰ.ਆਈ. ਨੇ ਗੁਜਰਾਤ ਦੇ ਮੁੰਦਰਾ ਬੰਦਰਗਾਹ ਤੋਂ 48 ਕਰੋੜ ਰੁਪਏ ਦੀਆਂ ਈ-ਸਿਗਰਟਾਂ ਜ਼ਬਤ ਕੀਤੀਆਂ

ਗੁਜਰਾਤ, 22 ਸਤੰਬਰ (ਪੋਸਟ ਬਿਊਰੋ)- ਡਾਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ (ਡੀ.ਆਰ.ਆਈ.) ਨੇ ਗੁਜਰਾਤ ਦੇ ਮੁੰਦਰਾ ਬੰਦਰਗਾਹ ਤੋਂ 48 ਕਰੋੜ ਰੁਪਏ ਦੀਆਂ ਈ-ਸਿਗਰਟਾਂ ਜ਼ਬਤ ਕੀਤੀਆਂ ਹਨ। 16 ਸਤੰਬਰ ਨੂੰ ਕੀਤੀ ਗਈ ਇਸ ਕਾਰਵਾਈ ਵਿਚ ਜ਼ਬਤ ਕੀਤੀ ਗਈ ਈ-ਸਿਗਰੇਟ ਦੀ ਅਨੁਮਾਨਿਤ ਕੀਮਤ 48 ਕਰੋੜ ਰੁਪਏ ਹੈ। ਅਧਿਕਾਰੀਆਂ ਨੂੰ ਖੁਫੀਆ ਸੂਚਨਾ ਮਿਲੀ ਸੀ ਕਿ ਮੁੰ-ਦਰਾ ਬੰਦਰਗਾਹ ਤੋਂ ਛੁਪਾ ਕੇ ਈ-ਸਿਗਰਟਾਂ ਦੀ ਤਸਕਰੀ ਕੀਤੀ ਜਾ ਰਹੀ ਹੈ। ਫਿਰ ਕੰਟੇਨਰ ਦੀ ਪਛਾਣ ਕੀਤੀ ਗਈ ਅਤੇ ਟਰੈਕ ਕੀਤਾ ਗਿਆ। ਜਾਂਚ ਵਿਚ ਸਾਹਮਣੇ ਆਇਆ ਕਿ ਉਸ ਦਾ ਸਮਾਨ ਗਲਤ ਤਰੀਕੇ ਨਾਲ ਫਰਸ਼ ਕਲੀਨ ਮੋਪ ਵਜੋਂ ਦਿਖਾਇਆ ਗਿਆ ਸੀ।

ਡੱਬੇ ਦੀ ਜਾਂਚ ਦੌਰਾਨ ਡੱਬੇ ਦੇ ਅੰਦਰ ਦੇ ਸਾਰੇ ਡੱਬਿਆਂ ਨੂੰ ਇਕ-ਇਕ ਕਰਕੇ ਬਾਹਰ ਕੱਢ ਕੇ



ਖੋਲ੍ਹਿਆ ਗਿਆ ਤਾਂ ਪਤਾ ਲੱਗਾ ਕਿ ਫਲੋਰ ਕਲੀਨ ਮੋਪ, ਹੈਂਡ ਮਸਾਜਰ, ਐਲਸੀਡੀ ਰਾਈਟਿੰਗ ਪੈਡ 8.5 ਇੰਚ ਦੇ ਕੁਝ ਕੰਪਾਰਟਮੈਂਟਾਂ ਤੋਂ ਇਲਾਵਾ ਕਈ ਸਿਲੀਕੋਨ ਪੌਪ-ਅੱਪ ਟਾਇਜ਼ ਵਾਲੇ ਕਈ ਬਕਸੇ ਸਨ, ਜੋ ਨਹੀਂ ਦਿਖਾਏ ਗਏ ਸਨ। ਲਗਭਗ 60% ਕੰਟੇਨਰ ਨੂੰ ਬਾਹਰ ਕੱਢਣ ਤੋਂ ਬਾਅਦ, ਕੁਝ ਡੱਬੇ ਜਿਨ੍ਹਾਂ ਨੂੰ ਡੀ-ਸਟੱਫ ਕੀਤਾ ਜਾ ਰਿਹਾ ਸੀ, ਆਮ ਨਾਲੋਂ ਭਾਰੀ ਮਹਿਸੂਸ ਹੋਇਆ। ਅਜਿਹੇ 251 ਡੱਬੇ ਸਨ। ਖੋਲ੍ਹਣ ਅਤੇ ਗਿਣਨ 'ਤੇ ਪਤਾ ਲੱਗਾ ਕਿ 250 ਡੱਬਿਆਂ ਵਿਚ 2500 ਪਫ ਵੇਰੀਐਂਟ ਦੀਆਂ ਈ-ਸਿਗਰੇਟਾਂ ਦੇ 2 ਲੱਖ ਟੁਕੜੇ ਸਨ, ਜਦੋਂ ਕਿ ਇਕ ਡੱਬੇ ਵਿਚ ਯੂਟੋ ਬ੍ਰਾਂਡ ਦੇ ਚੀਨ ਵਿਚ ਬਣੇ 5000 ਪਫ ਵੇਰੀਐਂਟ ਦੀਆਂ ਈ-ਸਿਗਰਟਾਂ ਦੇ 400 ਟੁਕੜੇ ਸਨ।

ਵੱਖ-ਵੱਖ ਫਲੇਵਰਾਂ ਦੀਆਂ ਈ-ਸਿਗਰਟਾਂ ਅਤੇ ਕੰਟੇਨਰ ਵਿੱਚ ਮੌਜੂਦ ਹੋਰ ਸਾਰੇ ਸਮਾਨ ਨੂੰ ਕਸਟਮਜ਼ ਐਕਟ ਦੀਆਂ ਧਾਰਾਵਾਂ ਤਹਿਤ ਜ਼ਬਤ ਕਰ ਲਿਆ ਗਿਆ ਹੈ। ਜ਼ਬਤ ਕੀਤੀ ਗਈ ਈ-ਸਿਗਰੇਟ ਦੀ ਬਾਜ਼ਾਰੀ ਕੀਮਤ ਲਗਭਗ 48 ਕਰੋੜ ਦੱਸੀ ਜਾ ਰਹੀ ਹੈ। ਅਗਲੇਰੀ ਜਾਂਚ ਜਾਰੀ ਹੈ।

# ਬਜਰੰਗ ਦਲ ਦੇ ਵਿਰੋਧ ਮਗਰੋਂ ਮੰਦਰ ਵਿਚ ਚੱਲ ਰਿਹਾ ਫੈਸ਼ਨ ਸ਼ੋਅ ਕਰਨਾ ਪਿਆ ਬੰਦ

ਛੱਤੀਸਗੜ੍ਹ, 22 ਸਤੰਬਰ (ਪੋਸਟ ਬਿਊਰੋ): ਬੀਤੇ ਦਿਨੀਂ ਬਜਰੰਗ ਦਲ ਦੇ ਵਿਰੋਧ ਮਗਰੋਂ ਮੰਦਰ ਵਿਚ ਚੱਲ ਰਿਹਾ ਫੈਸ਼ਨ ਸ਼ੋਅ ਨੂੰ ਬੰਦ ਕਰਨਾ ਪਿਆ। ਰਾਜਧਾਨੀ ਰਾਏਪੁਰ 'ਚ ਮੰਦਰ 'ਚ ਫੈਸ਼ਨ ਸ਼ੋਅ ਦਾ ਆਯੋਜਨ ਕੀਤਾ ਗਿਆ। ਇਸ ਘਟਨਾ ਨੂੰ ਲੈ ਕੇ ਹੰਗਾਮਾ ਮਚ ਗਿਆ। ਮੰਦਰ ਕੰਪਲੈਕਸ 'ਚ ਪਹੁੰਚ ਕੇ ਬਜਰੰਗ ਦਲ ਦੇ ਅਧਿਕਾਰੀਆਂ ਨੇ ਪ੍ਰਬੰਧਕਾਂ ਦਾ ਵਿਰੋਧ ਕੀਤਾ। ਪੁਲਿਸ ਵੀ ਮੌਕੇ 'ਤੇ ਪਹੁੰਚ ਗਈ। ਮੰਦਰ ਦੇ ਅੰਦਰੋਂ ਕੁੜੀਆਂ ਬਾਹਰ ਆਈਆਂ। ਸਮਾਗਮ ਦਾ ਵਿਰੋਧ ਕਰ ਰਹੇ ਪ੍ਰਦਰਸ਼ਨਕਾਰੀ ਸਮਾਗਮ ਰੱਦ ਹੋਣ ਤੱਕ ਸ਼ਾਂਤ ਨਹੀਂ ਹੋਇਆ। ਮੰਦਰ ਦੇ ਹਾਲ ਵਿੱਚ ਸਟੇਜ ਬਣਾ ਕੇ ਫੈਸ਼ਨ ਸ਼ੋਅ ਕਰਵਾਇਆ ਗਿਆ। ਲੋਕਾਂ ਨੂੰ ਇੱਥੇ ਮੇਕਅੱਪ ਆਰਟਿਸਟ



ਅਤੇ ਫੈਸ਼ਨ ਸ਼ੋਅ ਦੇਖਣ ਲਈ ਵੀ ਬੁਲਾਇਆ ਜਾਂਦਾ ਸੀ। ਬਜਰੰਗ ਦਲ ਦੇ ਆਗੂਆਂ ਨੇ ਨਾਅਰੇਬਾਜ਼ੀ ਕਰਕੇ ਰੈਂਪ ਵਾਕ ਨੂੰ ਰੋਕਿਆ। ਉਨ੍ਹਾਂ ਨੇ ਪ੍ਰਬੰਧਕਾਂ ਨਾਲ ਬਹਿਸ ਵੀ ਕੀਤੀ। ਹੰਗਾਮਾ ਦੇਖ ਕੇ ਪ੍ਰਬੰਧਕ ਪ੍ਰੋਗਰਾਮ ਮੁਲਤਵੀ ਕਰਨ ਲਈ ਤਿਆਰ ਹੋ ਗਏ। ਬਜਰੰਗ ਦਲ ਦੇ ਅਧਿਕਾਰੀ ਰਵੀ ਵਾਧਵਾਨੀ ਨੇ ਦੱਸਿਆ ਕਿ ਰਾਏ-ਪੁਰ ਦੇ ਰਹਿਣ ਵਾਲੇ ਅਮਿਤ ਅਗਰਵਾਲ ਨਾਂ ਦੇ ਵਿਅਕਤੀ ਨੇ ਇਸ ਪ੍ਰੋਗਰਾਮ ਦਾ ਆਯੋਜਨ ਕੀਤਾ ਸੀ। ਮੰਦਰ 'ਚ ਅਸੀਂ ਅਜਿਹੀਆਂ ਘਟਨਾਵਾਂ ਦੇ ਖਿਲਾਫ ਹਾਂ।

ਇਹ ਫੈਸ਼ਨ ਸ਼ੋਅ ਰਾਏਪੁਰ ਦੇ ਮੰਦਰ 'ਚ ਆਯੋਜਿਤ ਕੀਤਾ ਗਿਆ ਸੀ। ਕੁੜੀਆਂ ਇਲਾਕੇ ਦੇ ਸਾਲਾਸਰ ਬਾਲਾਜੀ ਮੰਦਰ ਪਹੁੰਚੀਆਂ ਸਨ। ਬਹੁਤ ਸਾਰੇ ਮੇਕਅੱਪ ਕਲਾਕਾਰ ਸਨ। ਮਾਡਲਾਂ ਪੱਛਮੀ ਪਹਿਰਾਵੇ ਅਤੇ ਕੁਝ ਨਸਲੀ ਭਾਰਤੀ ਕੱਪੜਿਆਂ ਵਿੱਚ ਰੈਂਪ ਵਾਕ ਕਰ ਰਹੀਆਂ ਸਨ। ਫਿਰ ਬਜਰੰਗ ਦਲ ਦੇ ਜ਼ਲ੍ਹਿਾ ਕਨਵੀਨਰ ਰਵੀ ਆਪਣੇ ਵਰਕਰਾਂ ਨਾਲ ਮੰਦਰ ਪਹੁੰਚੇ। ਸਮਾਗਮ ਵਾਲੀ ਥਾਂ 'ਤੇ ਹੰਗਾਮਾ ਸ਼ੁਰੂ ਹੋ ਗਿਆ।

ਵਾਧਵਾਨੀ ਨੇ ਦੱਸਿਆ ਕਿ ਇਸ ਮਾਮਲੇ ਦੀ ਥਾਣਾ ਤੇਲੀਬੰਦਾ ਵਿਖੇ ਸ਼ਕਿ-ਾਇਤ ਕੀਤੀ ਗਈ ਹੈ। ਪ੍ਰਬੰਧਕਾਂ ਖਿਲਾਫ਼ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਐੱਫਆਈਆਰ ਦਰਜ ਕੀਤੀ ਹੈ। ਇਸ ਮਾਮਲੇ ਵਿੱਚ ਪ੍ਰਬੰਧਕਾਂ ਦਾ ਪੱਖ ਜਾਣਨ ਲਈ ਉਨ੍ਹਾਂ ਨਾਲ ਸੰਪਰਕ ਕੀਤਾ ਗਿਆ ਪਰ ਪ੍ਰਬੰਧਕਾਂ ਦੇ ਫੋਨ ਸਵਿੱਚ ਆਫ ਪਾਏ ਗਏ। ਇਹ ਮੰਦਰ ਸਾਲਾਸਰ ਬਾਲਾਜੀ ਮੰਦਰ ਸੇਵਾ ਸਮਿਤੀ ਵੱਲੋਂ ਚਲਾਇਆ ਜਾਂਦਾ ਹੈ। ਇਹ ਮੰਦਰ ਅਗਰੇਸਨ ਧਾਮ ਦੇ ਨੇੜੇ ਸਥਿਤ ਹੈ।



# ਮਹਾਰਾਣੀ ਐਲਿਜ਼ਾਬੈਥ-2 ਨੂੰ ਵਿੰਡਸਰ ਕੈਸਲ ਵਿਖੇ ਦਫ਼ਨਾਇਆ ਗਿਆ

ਲੰਡਨ, 22 ਸਤੰਬਰ (ਪੋਸਟ ਬਿਊਰੋ)- ਮਹਾਰਾਣੀ ਐਲਿਜ਼ਾਬੈਥ -2 ਦੇ ਤਾਬੂਤ ਨੂੰ ਸੋਮਵਾਰ ਨੂੰ ਵਿੰਡਸਰ ਕੈਸਲ ਦੇ ਸੇਂਟ ਜਾਰਜ ਚੈਪਲ ਵਿਚ ਰਾਇਲ ਵਾਲਟ ਵਿੱਚ ਉਤਾਰਿਆ ਗਿਆ। ਇਸ ਦੇ ਨਾਲ, ਬ੍ਰਿਟੇਨ ਦੇ ਸਭ ਤੋਂ ਲੰਬੇ ਸਮੇਂ ਤੱਕ ਰਾਜ ਕਰਨ ਵਾਲੇ ਸਮਰਾਟ ਲਈ ਜਨਤਕ ਸੋਗ ਖਤਮ ਹੋ ਗਿਆ।

ਦੱਸਣਯੋਗ ਹੈ ਕਿ "ਦੂਜਾ ਐਲਿਜ਼ਾਬੈਥਨ ਯੁੱਗ" ਪ੍ਰਤੀਕਾਤਮਕ ਤੌਰ 'ਤੇ ਖ਼ਤਮ ਹੋਇਆ ਜਦੋਂ ਸ਼ਾਹੀ ਘਰਾਣੇ ਦੇ ਸਭ ਤੋਂ ਉੱਚੇ ਦਰਜੇ ਦੇ ਅਧਿਕਾਰੀ, ਲਾਰਡ ਚੈਂਬਰਲੇਨ ਐਂਡਰਿਊ ਪਾਰਕਰ, ਨੇ ਆਪਣੇ



ਦਫ਼ਤਰ ਦੇ ਡੰਡੇ ਨੂੰ ਤੋੜ ਦਿੱਤਾ ਅਤੇ ਇੰਪੀਰੀਅਲ ਸਟੇਟ ਕਰਾਊਨ, ਓਰਬ ਅਤੇ ਰਾਜਦੰਡ ਨੂੰ ਉੱਚੀ ਵੇਦੀ 'ਤੇ ਰੱਖਿਆ ਗਿਆ ਸੀ। ਜਿਵੇਂ ਹੀ ਮਹਾਰਾਣੀ ਐਲਿਜ਼ਾਬੈਥ-2 ਦੇ ਤਾਬੂਤ ਨੂੰ ਰਾਜ ਦੇ ਅੰਤਿਮ ਸੰਸਕਾਰ ਲਈ ਵੈਸਟਮਿੰਸਟਰ ਐਬੇ ਦੇ ਅੰਦਰ ਲਿਜ-ਾਇਆ ਗਿਆ ਸੀ, ਬਿਗ ਬੇਨ ਰੁਕ ਗਿਆ ਅਤੇ ਪ੍ਰਾਰਥਨਾਵਾਂ ਹਵਾ ਵਿੱਚ ਗੂੰਜ ਉੱਠੀਆਂ। ਇਸ ਦੇ ਨਾਲ ਹੀ ਮਰਹੂਮ ਮਹਾਰਾਣੀ ਨੂੰ ਸ਼ਰਧਾਂਜਲੀ ਦੇਣ ਲਈ ਬ੍ਰਿਟੇਨ ਦੇ ਸ਼ਾਹੀ ਪਰਿਵਾਰ ਦੇ ਮੈਂਬਰਾਂ ਦੇ ਨਾਲ-ਨਾਲ ਦੁਨੀਆ ਭਰ ਦੇ ਵੱਖ-ਵੱਖ ਦੇਸ਼ਾਂ ਦੇ ਰਾਜ ਮੁਖੀ ਅਤੇ ਰਾਜ ਮੁਖੀ ਇੱਥੇ ਪਹੁੰਚੇ ਸਨ ਅਤੇ ਲੱਖਾਂ ਲੋਕਾਂ ਨੇ ਟੈਲੀਵਿਜ਼ਨ 'ਤੇ ਮਹਾਰਾਣੀ ਦੀ ਅੰਤਿਮ ਯਾਤਰਾ ਦੇਖੀ।

ਅੰਤਮ ਸੰਸਕਾਰ ਵਿੱਚ ਦੁਨੀਆ ਭਰ ਤੋਂ ਲਗਭਗ 2000 ਮਹਿਮਾਨ ਇਕੱਠੇ ਹੋਏ, ਜਿਸ ਵਿੱਚ ਭਾਰਤੀ ਪੱਖ ਤੋਂ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਤੇ ਵਿਦੇਸ਼ ਸਕੱਤਰ ਵਿਨੈ ਕਵਾਤਰਾ ਨੇ ਹਿੱਸਾ ਲਿਆ। ਜਦੋਂ ਮਹਾਰਾਜਾ ਚਾਰਲਸ ਦੀ ਅਗਵਾਈ ਵਾਲਾ ਤਾਬੂਤ ਇਤਿਹਾਸਕ 11ਵੀਂ ਸਦੀ ਦੇ ਐਬੇ ਵਿੱਚ ਪਹੁੰਚਿਆ, ਤਾਂ ਮਰਹੂਮ ਮਹਾਰਾਣੀ ਦੇ ਨਾਮ 'ਤੇ ਬਣੇ ਐਲਿਜ਼ਾਬੈਥ ਟਾਵਰ ਵਿੱਚ ਬਿਗ ਬੈਨ, ਮਹਾਰਾਣੀ ਐਲਿਜ਼ਾਬੈਥ-2 ਦੇ ਜੀਵਨ ਨੂੰ ਸ਼ਰਧਾਂਜਲੀ ਵਜੋਂ 96 ਘੰਟਿਆਂ ਲਈ ਹਰ ਮਿੰਟ ਗੂੰਜ ਰਿਹਾ ਸੀ।

# ਫਿਜ਼ੀ ਦੇ ਪ੍ਰਧਾਨ ਮੰਤਰੀ ਫ੍ਰੈਂਕ ਬੈਨੀਮਾਰਾਮਾ ਦੇ ਪੁੱਤਰ 'ਤੇ ਲੱਗੇ ਘਰੇਲੂ ਹਿੰਸਾ ਦੇ ਦੋਸ਼

ਸਿਡਨੀ, 22 ਸਤੰਬਰ (ਪੋਸਟ ਬਿਊਰੋ): ਫਿਜ਼ੀ ਦੇ ਪ੍ਰਧਾਨ ਮੰਤਰੀ ਫ੍ਰੈਂਕ ਬੈਨੀਮਾਰਾਮਾ ਦੇ ਪੁੱਤਰ 'ਤੇ ਆਸਟ੍ਰੇਲੀਆ ਵਿਚ ਕਈ ਘਰੇਲੂ ਹਿੰਸਾ ਦੇ ਅਪਰਾਧਾਂ ਦਾ ਦੋਸ਼ ਲਗਾਇਆ ਗਿਆ ਹੈ। ਉਸ 'ਤੇ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਅਤੇ ਬਿਨਾਂ ਸਹਿਮਤੀ ਦੇ ਅਤਰੰਗੀ ਤਸਵੀਰਾਂ ਜਾਰੀ ਕਰਨ ਦਾ ਦੋਸ਼ ਹੈ। ਪ੍ਰਧਾਨ ਮੰਤਰੀ ਦੇ ਪੁੱਤਰ ਖ਼ਿਲਾਫ਼ ਦੋਸ਼ ਵੀਰਵਾਰ ਨੂੰ ਉੱਤਰ-ਪੱਛਮੀ ਸਿਡਨੀ ਦੇ ਵਿੰਡਸਰ ਕੋਰਟ ਵਿੱਚ ਸੂਚੀਬੱਧ ਕੀਤੇ ਗਏ ਸਨ। ਜਾਣਕਾਰੀ ਮੁਤਾਬਕ 36 ਸਾਲਾ ਰਤੂ ਮੇਲੀ ਬੈਨੀਮਾਰਾਮਾ ਨੂੰ 17 ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸਦੇ ਵਕੀਲ ਨੇ ਕਿਹਾ ਕਿ ਬੈਨੀਮਾਰਾਮਾ ਨੇ ਕੋਈ ਪਟੀਸ਼ਨ



ਦਾਖ਼ਲ ਨਹੀਂ ਕੀਤੀ ਹੈ ਪਰ ਉਹ ਕਿਸੇ ਵੀ ਬਚਾਅ ਵਿੱਚ "ਆਪਣੇ ਚੰਗੇ ਚਰਿੱਤਰ 'ਤੇ ਭਰੋਸਾ ਕਰੇਗਾ"। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਹ ਅਪਰਾਧ ਕਥਿਤ ਤੌਰ 'ਤੇ ਫਰਵਰੀ ਅਤੇ ਮਈ ਦੇ ਵਿਚਕਾਰ ਸਿਡਨੀ ਵਿੱਚ ਹੋਏ ਸਨ। ਪਰ ਇਸ ਮਹੀਨੇ ਦੇ ਸ਼ੁਰੂ ਵਿੱਚ ਰਿਪੋਰਟ ਕੀਤੇ ਜਾਣ ਤੋਂ ਬਾਅਦ ਪੁਲਸ ਵੱਲੋਂ ਬੈਨੀਮਾਰਾਮਾ ਨੂੰ ਪਿਛਲੇ ਹਫ਼ਤੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਹਾਲਾਂਕਿ ਬੈਨੀਮਾਰਾਮਾ ਦੀ ਜ਼ਮਾਨਤ ਮਨਜ਼ੂਰ ਕਰ ਲਈ ਗਈ ਹੈ ਅਤੇ ਉਸ ਦੇ ਕੇਸ ਦੀ ਸੁਣਵਾਈ 13 ਅਕਤੂਬਰ ਨੂੰ ਹੋਵੇਗੀ। ਉਹ ਫ੍ਰੈਂਕ ਬੈਨੀਮਾਰਮਾ ਦਾ ਇਕਲੌਤਾ ਪੁੱਤਰ ਹੈ।

# ਅਮਰੀਕਾ ਦੇ ਕੋਲੋਰਾਡੋ ਸੂਬੇ ਵਿਚ ਦੋ ਛੋਟੇ ਜਹਾਜ਼ਾਂ ਦੀ ਟੱਕਰ ਵਿਚ ਤਿੰਨ ਲੋਕਾਂ ਦੀ ਮੌਤ



ਲਾਸ ਏਂਜਲਸ, 22 ਸਤੰਬਰ (ਪੋਸਟ ਬਿਊਰੋ): ਬੀਤੇ ਦਿਨੀਂ ਅਮਰੀਕਾ ਦੇ ਕੋਲੋਰਾਡੋ ਸੂਬੇ ਵਿਚ ਦੋ ਛੋਟੇ ਜਹਾਜ਼ਾਂ ਦੀ ਟੱਕਰ ਵਿਚ ਤਿੰਨ ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਬੋਲਡਰ ਕਾਊਂਟੀ ਸ਼ੈਰਿਫ ਦੇ ਦਫਤਰ ਦੇ ਅਨੁਸਾਰ ਇਹ ਹਾਦਸਾ ਸ਼ਨੀਵਾਰ ਨੂੰ ਸਥਾਨਕ ਸਮੇਂ ਅਨੁਸਾਰ ਸਵੇਰੇ 8:54 ਵਜੇ ਵਾਪਰਿਆ। ਯੂਐਸ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਨੇ ਇੱਕ ਟਵੀਟ ਵਿੱਚ ਪੁਸ਼ਟੀ ਕੀਤੀ ਕਿ ਸੇਸਨਾ 172 ਅਤੇ ਸੋਨੇਕਸ ਜ਼ੇਨੋਸ ਜਹਾਜ਼ ਲੋਂਗਮੋਂਟ ਕੋਲੋਰਾਡੋ ਦੇ ਨੇੜੇ ਕ੍ਰੈਸ਼ ਹੋ ਗਿਆ। ਜਿਸ ਦੀ ਉਹ ਜਾਂਚ ਕਰ ਰਹੀ ਹੈ। ਸ਼ੈਰਿਫ ਦੇ ਦਫਤਰ ਨੇ ਇਕ ਨਿਊਜ਼ ਰੀਲੀਜ਼ ਵਿਚ ਕਿਹਾ ਕਿ ਪਹਿਲਾ ਹਾਦਸਾਗ੍ਰਸਤ ਜਹਾਜ਼ ਨਿਵੋਟ ਰੋਡ ਦੇ ਦੱਖਣ ਵਾਲੇ ਪਾਸੇ ਕ੍ਰੈਸ਼ ਹੋਇਆ ਪਾਇਆ ਗਿਆ। ਇਸ ਜਹਾਜ਼ ਵਿੱਚ ਦੋ ਲੋਕ ਮੌਜੂਦ ਸਨ ਜਿਨ੍ਹਾਂ ਦੀ ਮੌਤ ਹੋ ਗਈ ਸੀ। ਦੂਜਾ ਜਹਾਜ਼ ਉੱਤਰੀ ਪਾਸੇ ਨਿਵੋਟ ਰੋਡ 'ਤੇ ਹਾਦਸਾਗ੍ਰਸਤ ਹੋਣ ਦਾ ਪਤਾ ਲੱਗਾ, ਜਿਸ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ।

# ਬੀਚ 'ਤੇ ਫਸੀਆਂ 230 ਵ੍ਹੇਲ ਮੱਛੀਆਂ, ਅੱਧੀਆਂ ਦੇ ਜ਼ਿੰਦਾ ਹੋਣ ਦੀ ਸੰਭਾਵਨਾ

ਤਸਮਾਨੀਆ, 22 ਸਤੰਬਰ (ਪੋਸਟ ਬਿਊਰੋ) - ਤਸਮਾਨੀਆ ਦੇ ਤੱਟ 'ਤੇ ਬੁੱਧਵਾਰ ਨੂੰ ਲਗਭਗ 230 ਪਾਇਲਟ ਵ੍ਹੇਲਾਂ ਫਸੀਆਂ ਹੋਈਆਂ ਮਿਲੀਆਂ। ਆਸਟ੍ਰੇਲੀਆਈ ਅਧਿਕਾਰੀਆਂ ਨੇ ਕਿਹਾ ਹੈ ਕਿ ਇਨ੍ਹਾਂ ਵਿੱਚੋਂ ਅੱਧੀਆਂ ਵ੍ਹੇਲਾਂ ਦੇ ਜ਼ਿੰਦਾ ਹੋਣ ਦੀ ਸੰਭਾਵਨਾ ਹੈ। ਆਸਟ੍ਰੇਲੀਆ ਦੇ ਬਾਇਓ ਰੀਸੋਰਸਿਸ ਅਤੇ ਵਾਤਾਵਰਣ ਵਿਭਾਗ ਨੇ ਕਿਹਾ, "ਲਗਭਗ 230 ਵ੍ਹੇਲ ਮੱਛੀਆਂ ਦਾ ਇਕ ਸਮੂਹ ਮੈਕਵੇਰੀ ਹਾਰਬਰ ਵਿੱਚ ਫਸਿਆ ਹੋਇਆ ਹੈ। ਅਜਿਹਾ ਲੱਗਦਾ ਹੈ ਕਿ ਇਹਨਾਂ ਵਿੱਚੋਂ ਅੱਧੇ ਜੀਵ ਹੀ ਜ਼ਿੰਦਾ ਹਨ।" ਏਰੀਅਲ ਫੋਟੋਆਂ ਸਮੁੰਦਰ ਅਤੇ ਤੱਟ ਦੇ ਵਿਚਕਾਰ ਪਏ ਦਰਜਨਾਂ ਕਾਲੀ



ਚਮੜੀ ਵਾਲੇ ਵੱਡੇ ਥਣਧਾਰੀ ਜਾਨਵਰਾਂ ਨੂੰ ਦਿਖਾਉਂਦੀਆਂ ਹਨ।

ਲਗਭਗ ਦੋ ਸਾਲ ਪਹਿਲਾਂ, ਇਸ ਖੇਤਰ ਦੇ ਬੀਚ 'ਤੇ 500 ਪਾਇਲਟ ਵ੍ਹੇਲਾਂ ਸਮੂਹਿਕ ਤੌਰ 'ਤੇ ਫਸ ਗਈਆਂ ਸਨ। ਇਨ੍ਹਾਂ ਵਿੱਚੋਂ ਸਿਰਫ਼ 100 ਨੂੰ ਹੀ ਬਚਾਇਆ ਜਾ ਸਕਿਆ। ਇੰਨੇ ਵੱਡੇ ਸਮੂਹ ਦੇ ਵਿਚਕਾਰ ਵ੍ਹੇਲ ਮੱਛੀਆਂ ਦੇ ਆਉਣ ਦਾ ਕਾਰਨ ਅਜੇ ਵੀ ਪੂਰੀ ਤਰ੍ਹਾਂ ਸਮਝਿਆ ਨਹੀਂ ਗਿਆ ਹੈ। ਵਿਗਿਆਨੀਆਂ ਦਾ ਅਨੁਮਾਨ ਹੈ ਕਿ ਅਜਿਹਾ ਰਸਤਾ ਭਟਕਣ ਅਤੇ ਤੱਟ ਦੇ ਬਹੁਤ ਨੇੜੇ ਆਉਣ ਕਾਰਨ ਹੋ ਸਕਦਾ ਹੈ। ਪਾਇਲਟ ਵ੍ਹੇਲ ਬਹੁਤ ਸਮਾਜਿਕ ਹੁੰਦੇ ਹਨ ਅਤੇ ਧਮਕੀ ਵਾਲੇ ਸਮੂਹ ਸਾਥੀਆਂ ਦਾ ਪਾਲਣ ਕਰਦੇ ਹਨ।

# ਵਿਗਿਆਨੀਆਂ ਨੇ ਲੱਭਿਆ 380 ਮਿਲੀਅਨ ਸਾਲ ਪੁਰਾਣਾ ਮੱਛੀ ਦਾ ਦਿਲ

ਸਿਡਨੀ, 22 ਸਤੰਬਰ (ਪੋਸਟ ਬਿਊਰੋ)- ਆਸਟ੍ਰੇਲੀਆ ਵਿਚ ਵਿਗਿਆਨੀਆਂ ਨੂੰ 380 ਮਿਲੀਅਨ ਸਾਲ ਪੁਰਾਣੇ ਮੱਛੀ ਦੇ ਦਿਲ ਦੇ ਅਵਸ਼ੇਸ਼ ਮਿਲੇ ਹਨ। ਸੈਨੇਟ ਦੀ ਰਿਪੋਰਟ ਮੁਤਾਬਕ ਕਰਟਿਨ ਯੂਨੀਵਰਸਿਟੀ ਦੇ ਵਿਗਿਆਨੀ ਅਜਿਹੇ ਜੀਵਾਂ ਬਾਰੇ ਇਹ ਖੋਜ ਕਰ ਰਹੇ ਹਨ ਜੋ ਜਬਾੜੇ ਅਤੇ ਰੀੜ੍ਹ ਦੀ ਹੱਡੀ ਦੇ ਵਿਕਾਸ ਦੀ ਕਹਾਣੀ ਦੱਸਣਗੇ। ਇਸ



ਰਹਿੰਦ-ਖੂੰਹਦ ਵਿੱਚ ਪੇਟ, ਅੰਤੜੀਆਂ ਅਤੇ ਜਿਗਰ ਵੀ ਸ਼ਾਮਲ ਹੁੰਦੇ ਹਨ। ਇਹ ਅੰਗ ਸ਼ਾਰਕ ਦੀ ਅੰਦਰੂਨੀ ਬਣਤਰ ਨਾਲ ਮੇਲ ਖਾਂਦੇ ਹਨ। ਇਹ ਖੋਜ ਵਿਗਿਆਨ ਜਰਨਲ ਵਿੱਚ ਪ੍ਰਕਾਸ਼ਿਤ ਕੀਤੀ ਗਈ ਸੀ। ਸੈਨੇਟ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਹ ਦਿਲ ਆਰਥਰੋਡਾਇਰ ਪਰਿਵਾਰ ਦੀ ਮੱਛੀ ਦਾ ਹੈ, ਜੋ 258 ਮਿਲੀਅਨ ਸਾਲ ਪਹਿਲਾਂ ਅਲੋਪ ਹੋ ਗਈ ਸੀ। ਇਹ ਜੈਵਿਕ ਜਬਾੜੇ ਵਾਲੀ ਮੱਛੀ ਦੇ ਮੌਜੂਦਾ ਅਵਸ਼ੇਸ਼ਾਂ ਵਿੱਚੋਂ ਸਭ ਤੋਂ ਪੁਰਾਣਾ ਹੈ।

# ਪਾਕਿਸਤਾਨ ਦੇ ਮੰਤਰੀਆਂ 'ਤੇ ਇਮਰਾਨ ਖਾਨ ਖਿਲਾਫ ਧਾਰਮਿਕ ਨਫਰਤ ਫੈਲਾਉਣ ਦਾ ਮਾਮਲਾ ਦਰਜ

ਲਾਹੌਰ, 22 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਸੂਬੇ ਦੀ ਸਰਕਾਰ ਨੇ ਸੋਮਵਾਰ ਨੂੰ ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ.ਐੱਮ.ਐੱਲ.-ਐੱਨ.) 'ਤੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ 'ਗੈਰ-ਮੁਸਲਿਮ' ਕਹਿ ਕੇ ਖਤਰੇ 'ਚ ਪਾਉਣ ਅਤੇ ਉਨ੍ਹਾਂ ਵਿਰੁੱਧ ਧਾਰਮਿਕ ਨਫਰਤ ਭੜਕਾਉਣ ਦਾ ਦੋਸ਼ ਲਾਇਆ ਸੀ। ਦੋ ਸੀਨੀਅਰ ਮੰਤਰੀਆਂ ਅਤੇ ਇਕ ਸਰਕਾਰੀ ਟੈਲੀਵਿਜ਼ਨ ਚੈਨਲ ਦੇ ਅਧਿਕਾਰੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।

ਲਾਹੌਰ ਦੀ ਗ੍ਰੀਨ ਟਾਊਨ ਪੁਲਸ ਨੇ ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ.ਐੱਮ.ਐੱਲ.-ਐੱਨ.) ਦੇ ਮੰਤਰੀਆਂ ਮਰੀਅਮ ਔਰੰਗਜ਼ੇਬ ਅਤੇ ਮੀਆਂ ਜਾਵੇਦ ਲਤੀਫ ਅਤੇ ਪਾਕਿਸਤਾਨ ਟੈਲੀਵਿਜ਼ਨ (ਪੀਟੀਵੀ) ਦੇ ਮੈਨੇਜਿੰਗ ਡਾਇਰੈਕਟਰ ਸੋਹੇਲ ਖਾਨ ਅਤੇ ਪ੍ਰੋਗਰਾਮ ਕੰਟਰੋਲਰ ਰਾਸ਼ਿਦ ਬੇਗ ਦੇ ਖਿਲਾਫ ਅੱਤਵਾਦ ਵਿਰੋਧੀ ਐਕਟ 1997 ਦੇ ਤਹਿਤ ਮਾਮਲਾ ਦਰਜ ਕੀਤਾ ਹੈ।

ਐਫਆਈਆਰ ਅਨੁਸਾਰ, ਲਤੀਫ ਨੇ 14 ਸਤੰਬਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀਟੀਆਈ) ਦੇ ਚੇਅਰਮੈਨ ਖਾਨ ਨੂੰ "ਗੈਰ-ਮੁਸਲਿਮ ਅਤੇ ਘੱਟ ਗਿਣਤੀ ਅਹਿਮਦੀਆ ਭਾਈਚਾਰੇ ਨੂੰ ਸੁਵਿਧਾ ਦੇਣ ਵਾਲਾ" ਕਰਾਰ ਦਿੱਤਾ ਸੀ। ਇਸ ਵਿਚ ਕਿਹਾ ਗਿਆ ਹੈ ਕਿ ਲਤੀਫ ਨੇ ਸੂਚਨਾ ਮੰਤਰੀ ਔਰੰਗਜ਼ੇਬ ਅਤੇ ਪੀਟੀਵੀ ਦੇ ਮੈਨੇਜਿੰਗ ਡਾਇਰੈਕਟਰ ਅਤੇ ਪ੍ਰੋਗਰਾਮ ਕੰਟਰੋਲਰ ਦੇ ਨਾਲ ਮਿਲ ਕੇ ਇਕ ਪ੍ਰੈਸ ਕਾਨਫਰੰਸ ਕੀਤੀ।

ਇਸ 'ਚ ਕਿਹਾ ਗਿਆ ਹੈ, "ਇਸ ਤਰ੍ਹਾਂ ਕਰਨ ਨਾਲ ਇਹ ਮੰਤਰੀ ਅਤੇ ਪੀਟੀਵੀ ਅਧਿਕਾਰੀ ਪੀਟੀਆਈ ਪ੍ਰਧਾਨ ਇਮਰਾਨ ਖਾਨ ਦੇ ਖਿਲਾਫ ਨਫਰਤ ਫੈਲਾਈ ਅਤੇ ਉਨ੍ਹਾਂ ਦੀ ਜਾਨ ਨੂੰ ਖਤਰੇ 'ਚ ਪਾਈ।

# ਤੁਰਕੀ ਦੀ ਬੰਦਰਗਾਹ 'ਤੇ ਮਾਲ ਉਤਾਰਦੇ ਸਮੇਂ ਡੁੱਬਿਆ ਕਾਰਗੋ ਜਹਾਜ਼, ਕਈ ਕੰਟੇਨਰ ਡੁੱਬੇ




ਤੁਰਕੀ, 22 ਸਤੰਬਰ (ਪੋਸਟ ਬਿਊਰੋ)- ਤੁਰਕੀ ਵਿੱਚ ਮਿਸਰ ਦਾ ਇੱਕ ਵੱਡਾ ਕਾਰਗੋ ਜਹਾਜ਼ ਪਲਟ ਗਿਆ। ਇਸ ਕਾਰਨ ਕਈ ਡੱਬੇ ਡੂੰਘੇ ਸਮੁੰਦਰ ਵਿੱਚ ਰੁੜ੍ਹ ਗਏ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇੱਕ ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਸੀ ਈਗਲ ਨਾਮ ਦਾ ਇੱਕ ਮਾਲਵਾਹਕ ਜਹਾਜ਼ ਪਲਟਣ ਤੋਂ ਬਾਅਦ ਸਮੁੰਦਰ ਵਿੱਚ ਡੁੱਬ ਰਿਹਾ ਹੈ। ਜਹਾਜ਼ਾਂ ਬਾਰੇ ਖਬਰ ਦੇਣ ਵਾਲੀ ਵੈੱਬਸਾਈਟ ਮੁਤਾਬਕ, ਜਹਾਜ਼ ਤੁਰਕੀ ਦੇ ਇਸਕੇਂਡਰਮ ਬੰਦਰਗਾਹ 'ਤੇ ਖੜ੍ਹਾ ਸੀ ਅਤੇ ਇਸ ਤੋਂ ਮਾਲ ਉਤਾਰਿਆ ਜਾ ਰਿਹਾ ਸੀ। ਉਦੋਂ ਇਹ ਹਾਦਸਾ ਵਾਪਰਿਆ। ਇਹ ਹਾਦਸਾ ਸ਼ਨੀਵਾਰ ਨੂੰ ਹੋਇਆ। ਇਹ ਕਾਰਗੋ ਜਹਾਜ਼ 1984 ਵਿਚ ਬਣਾਇਆ ਗਿਆ ਸੀ।

ਤੁਰਕੀ ਦੇ ਟਰਾਂਸਪੋਰਟ ਅਤੇ ਇਨਫਰਾ ਮੰਤਰਾਲੇ ਨੇ ਬਾਅਦ ਵਿੱਚ ਟਵਿੱਟਰ 'ਤੇ ਕਿਹਾ ਕਿ ਟੋਗੋਲੀਜ਼ ਦੇ ਝੰਡੇ ਵਾਲੇ ਜਹਾਜ਼ ਤੋਂ 24 ਕੰਟੇਨਰ ਗੁੰਮ ਹੋ ਗਏ ਸਨ ਅਤੇ ਇੱਕ ਹਲਕੇ ਤੇਲ ਦਾ ਰਿਸਾਅ ਵੀ ਹੋਇਆ ਹੈ। ਖੁਸ਼ਕਿਸਮਤੀ ਨਾਲ ਚਾਲਕ ਦਲ ਦੇ ਸਾਰੇ ਮੈਂਬਰ ਸੁਰੱਖਿਅਤ ਬਾਹਰ ਨਿਕਲਣ ਵਿੱਚ ਕਾਮਯਾਬ ਰਹੇ ਅਤੇ ਕਿਸੇ ਨੂੰ ਸੱਟ ਨਹੀਂ ਲੱਗੀ। ਤੁਰਕੀ ਦੇ ਬੰਦਰਗਾਹ ਅਧਿਕਾਰੀ ਘਟਨਾ ਦੀ ਜਾਂਚ ਕਰ ਰਹੇ ਹਨ। ਇਸ ਦੌਰਾਨ ਜਹਾਜ਼ ਦਾ ਈਂਧਨ ਕੱਢਣ ਅਤੇ ਕੰਟੇਨਰ ਦਾ ਪਤਾ ਲਗਾਉਣ ਦਾ ਕੰਮ ਚੱਲ ਰਿਹਾ ਹੈ।

# ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨਵੰਬਰ ਵਿਚ ਨਵੇਂ ਫ਼ੌਜ ਮੁਖੀ ਦੀ ਕਰਨਗੇ

ਇਸਲਾਮਾਬਾਦ, 22 ਸਤੰਬਰ (ਪੋਸਟ ਬਿਊਰੋ): ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ਼ ਨੇ ਸ਼ਨੀਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨਵੰਬਰ 'ਚ ਸਮੇਂ 'ਤੇ ਨਵੇਂ ਫ਼ੌਜ ਮੁਖੀ ਦੀ ਨਿਯੁਕਤੀ ਕਰਨਗੇ। ਆਸਿਫ਼ ਦੇ ਇਸ ਬਿਆਨ ਤੋਂ ਕੁਝ ਦਿਨ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਮੰਗ ਕੀਤੀ ਸੀ ਕਿ ਨਵੇਂ ਫ਼ੌਜ ਮੁਖੀ ਦੀ ਨਿਯੁਕਤੀ ਚੋਣਾਂ ਤੋਂ ਬਾਅਦ ਨਵੀਂ ਸਰਕਾਰ ਵੱਲੋਂ ਕੀਤੀ ਜਾਣੀ ਚਾਹੀਦੀ ਹੈ। ਖਾਨ ਨੇ ਇਕ ਇੰਟਰਵਿਊ 'ਚ ਕਿਹਾ ਕਿ ਮੌਜੂਦਾ ਪ੍ਰਧਾਨ ਮੰਤਰੀ ਨਵੇਂ ਫ਼ੌਜ ਮੁਖੀ ਨਿਯੁਕਤ ਕਰਨ ਦੇ ਯੋਗ ਨਹੀਂ ਹੈ ਅਤੇ ਇਹ ਮੁੱਦਾ ਅਗਲੀ ਸਰਕਾਰ 'ਤੇ ਛੱਡ ਦੇਣਾ ਚਾਹੀਦਾ ਹੈ। ਉਨ੍ਹਾਂ ਨਵੇਂ ਸਿਰੇ ਤੋਂ ਚੋਣਾਂ ਕਰਵਾਉਣ ਦੀ ਵੀ ਮੰਗ ਕੀਤੀ। ਮੌਜੂਦਾ ਥਲ ਸੈਨਾ ਮੁਖੀ ਤਿੰਨ-ਤਿੰਨ ਸਾਲ ਦੇ ਦੋ ਕਾਰਜਕਾਲ ਪੂਰੇ ਕਰਨ ਤੋਂ ਬਾਅਦ ਨਵੰਬਰ ਵਿੱਚ ਸੇਵਾਮੁਕਤ ਹੋਣ ਵਾਲੇ ਹਨ। ਪ੍ਰਧਾਨ ਮੰਤਰੀ ਮੌਜੂਦਾ ਸੀਨੀਅਰ ਲੈਫਟੀਨੈਂਟ ਜਨਰਲਾਂ ਵਿੱਚੋਂ ਇੱਕ ਨੂੰ ਆਪਣਾ ਉੱਤਰਾਧਿਕਾਰੀ ਚੁਣਨਗੇ। ਪਾਕਿਸਤਾਨ ਵਿੱਚ ਫ਼ੌਜ ਮੁਖੀ ਨੂੰ ਮਿਲੇ ਅਧਿਕਾਰਾਂ ਕਾਰਨ ਉਨ੍ਹਾਂ ਦੀ ਨਿਯੁਕਤੀ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਦਿਲਚਸਪੀ ਹੁੰਦੀ ਹੈ।



ਆਸਿਫ਼ ਨੇ ਇੱਥੇ ਇੱਕ ਪੱਤਰਕਾਰ ਸੰਮੇਲਨ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ, 'ਨਵਾਜ਼ ਸ਼ਰੀਫ਼ ਨੇ ਚਾਰ ਵਾਰ ਇਸ ਸਿਆਸੀ ਜ਼ੰਮਿਵਾਰੀ ਨੂੰ ਨਿਭਾਇਆ ਹੈ ਅਤੇ ਸ਼ਾਹਬਾਜ਼ ਨਵੰਬਰ ਵਿੱਚ ਵੀ ਅਜਿਹਾ ਹੀ ਕਰਨਗੇ।' ਉਨ੍ਹਾਂ ਕਿਹਾ ਕਿ ਸੰਵਿਧਾਨ ਵਿਚ ਫ਼ੌਜ ਮੁਖੀ ਦੀ ਨਿਯੁਕਤੀ ਨਾਲ ਸਬੰਧਤ ਨੀਤੀ ਬਿਲਕੁਲ ਸਪੱਸ਼ਟ ਹੈ ਪਰ ਖਾਨ ਇਸ ਨੂੰ ਵਿਵਾਦਤ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ, 'ਉਹ ਸਿਰਫ਼ ਫ਼ੌਜ ਮੁਖੀ ਦੀ ਨਿਯੁਕਤੀ ਨੂੰ ਵਿਵਾਦਤ ਬਣਾਉਣਾ ਚਾਹੁੰਦੇ ਹਨ।' ਉਨ੍ਹਾਂ ਕਿਹਾ ਕਿ ਕਿਸੇ ਦੇ ਮਨ ਵਿੱਚ ਸੰਵਿਧਾਨ ਅਤੇ ਸੰਸਥਾਵਾਂ ਪ੍ਰਤੀ ਫ਼ੌਜ ਮੁਖੀ ਦੀ ਵਫ਼ਾਦਾਰੀ 'ਤੇ ਕੋਈ ਸ਼ੱਕ ਨਹੀਂ ਹੈ। ਉਨ੍ਹਾਂ ਕਿਹਾ ਕਿ ਰਾਜਨੀਤੀ ਵੱਖਰੀ ਹੈ, ਪਰ ਸੰਸਥਾਵਾਂ ਨੂੰ ਵਿਵਾਦਪੂਰਨ ਨਹੀਂ ਬਣਾਇਆ ਜਾਣਾ ਚਾਹੀਦਾ।'

# ਸਕਾਟਲੈਂਡ ਵਿਚ ਮਹਾਰਾਣੀ ਵਿਕਟੋਰੀਆ ਦੇ ਬੁੱਤ 'ਤੇ 'ਰਾਜਾਸ਼ਾਹੀ ਖਤਮ ਕਰੋ' ਦਾ ਨਾਅਰਾ ਲਿਖਿਆ




ਗਲਾਸਗੋ, 22 ਸਤੰਬਰ (ਪੋਸਟ ਬਿਊਰੋ): ਬੀਤੇ ਦਿਨੀਂ ਕਿਸੇ ਅਨਸਰ ਨੇ ਸਕਾਟਲੈਂਡ ਵਿਚ ਮਹਾਰਾਣੀ ਵਿਕਟੋਰੀਆ ਦੇ ਬੁੱਤ 'ਤੇ "ਰਾਜਾਸ਼ਾਹੀ ਖਤਮ ਕਰੋ" ਦਾ ਨਾਅਰਾ ਲਿਖ ਦਿੱਤਾ। ਇੱਥੇ ਰਾਜਾਸ਼ਾਹੀ ਖਿਲਾਫ਼ ਅਕਸਰ ਹੀ ਲੋਕ ਆਪਣੀ ਆਵਾਜ਼ ਬੁਲੰਦ ਕਰਦੇ ਰਹਿੰਦੇ ਹਨ। ਸਮੇਂ ਸਮੇਂ 'ਤੇ ਹੁੰਦੇ ਮੁਜ਼ਾਹਰਿਆਂ ਵਿੱਚ ਇਹ ਮੁੱਦਾ ਉਠਾਇਆ ਜਾਂਦਾ ਹੈ ਕਿ ਲੋਕਾਂ ਦੇ ਟੈਕਸ ਦਾ ਪੈਸਾ ਕਥਿਤ 'ਬੇਲੋੜੇ' ਖਰਚਿਆਂ ਲਈ ਵਰਤਿਆ ਜਾਂਦਾ ਹੈ। ਇਹ ਘਟਨਾ ਗਲਾਸਗੋ ਦੇ ਲਾਗਲੇ ਕਸਬੇ ਪੇਜ਼ਲੀ 'ਚ ਵਾਪਰੀ ਹੈ, ਜਿੱਥੇ ਮਹਾਰਾਣੀ ਵਿਕਟੋਰੀਆ ਦੇ ਬੁੱਤ 'ਤੇ ਸਪਰੇਅ ਪੇਂਟ ਨਾਲ "ਰਾਜਾਸ਼ਾਹੀ ਨੂੰ ਖ਼ਤਮ ਕਰੋ" ਨਾਅਰਾ ਲਿਖਿਆ ਗਿਆ ਹੈ। ਬਾਅਦ ਵਿਚ ਇਸ ਨੂੰ ਸਾਫ ਕਰ ਦਿੱਤਾ ਗਿਆ।

# ਜੇ ਚੀਨ ਤਾਈਵਾਨ 'ਤੇ ਹਮਲਾ ਕਰਦਾ ਹੈ ਤਾਂ ਅਮਰੀਕੀ ਫੌਜ ਦੇਵੇਗੀ ਜਵਾਬ: ਬਾਈਡਨ

ਵਾਸ਼ਿੰਗਟਨ, 22 ਸਤੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਨੇ ਐਤਵਾਰ ਨੂੰ ਇਕ ਇੰਟਰਵਿਊ ਵਿਚ ਕਿਹਾ ਹੈ ਕਿ ਜੇਕਰ ਚੀਨ ਤਾਇਵਾਨ ਉੱਤੇ ਹਮਲਾ ਕਰਦਾ ਹੈ ਤਾਂ ਅਮਰੀਕੀ ਸੈਨਾ ਤਾਈਵਾਨ ਦੀ ਰੱਖਿਆ ਕਰਨਗੇ। ਰਾਈਟਰਜ਼ ਦੇ ਅਨੁਸਾਰ, ਸੀਬੀਸੀ 60 ਮਿੰਟ ਦੀ ਇੰਟਰਵਿਊ ਵਿੱਚ ਬਾਈਡਨ ਨੂੰ ਪੁੱਛਿਆ ਗਿਆ ਸੀ ਕਿ ਕੀ ਅਮਰੀਕੀ ਬਲ ਸਵੈ-ਸ਼ਾਸਿਤ ਤਾਈਵਾਨ ਦੀ ਰੱਖਿਆ ਕਰਨਗੇ, ਜਿਸਦਾ ਚੀਨ ਦਾਅਵਾ ਕਰਦਾ ਹੈ। ਇਸ 'ਤੇ ਉਨ੍ਹਾਂ ਦਾ ਜਵਾਬ ਸੀ- ਹਾਂ, ਜੇਕਰ ਕੋਈ ਸੱਚਮੁੱਚ ਹਮਲਾ ਹੁੰਦਾ ਹੈ ਤਾਂ ਅਮਰੀਕੀ ਬਲ ਤਾਈਵਾਨ ਦੀ ਰੱਖਿਆ ਕਰਨਗੇ।

ਜਦੋਂ ਉਨ੍ਹਾਂ ਨੂੰ ਹੋਰ ਸਪੱਸ਼ਟਤਾ ਲਈ ਪੁੱਛਿਆ ਗਿਆ ਕਿ ਕੀ ਉਸਦਾ ਮਤਲਬ ਹੈ ਕਿ ਜੇ ਚੀਨ ਤਾਈਵਾਨ ਵਿਚ ਘੁਸਪੈਠ ਕਰਦਾ ਹੈ ਤਾਂ ਅਮਰੀਕੀ ਫੌਜੀ ਯੂਕਰੇਨ ਦੀ ਸਥਿਤੀ ਤੋਂ ਹਟ ਕੇ



ਤਾਈਵਾਨ ਦੀ ਰੱਖਿਆ ਕਰਨਗੇ, ਬਾਈਡਨ ਨੇ ਜਵਾਬ ਦਿੱਤਾ "ਹਾਂ"।

ਜ਼ਿਕਰਯੋਗ ਹੈ ਕਿ ਇਸ ਸਾਲ ਅਗਸਤ ਦੇ ਸ਼ੁਰੂ ਵਿਚ, ਅਮਰੀਕੀ ਪ੍ਰਤੀਨਿਧੀ ਸਭਾ ਦੀ ਸਪੀਕਰ ਨੈਨਸੀ ਪੇਲੋਸੀ ਨੇ ਤਾਈਵਾਨ ਦਾ ਦੌਰਾ ਕੀਤਾ। ਇਸ ਤੋਂ ਬਾਅਦ ਡੈਮੋਕ੍ਰੇਟਿਕ ਪਾਰਟੀ ਦੇ ਸੈਨੇਟਰ ਐਡ ਮਾਰਕੀ ਦੀ ਅਗਵਾਈ ਵਿਚ ਅਮਰੀਕੀ ਸੰਸਦ ਦੇ ਇਕ ਵਫ਼ਦ ਨੇ ਤਾਇਵਾਨ ਦਾ ਦੌਰਾ ਕੀਤਾ। ਇਸ ਕਾਰਨ ਚੀਨ ਭੜਕ ਗਿਆ ਸੀ ਅਤੇ ਚੀਨ ਨੇ ਤਾਇਵਾਨ ਨੂੰ ਘੇਰ ਲਿਆ ਸੀ ਅਤੇ ਭੜਕਾਊ ਫੌਜੀ ਅਭਿਆਸ ਕੀਤਾ ਸੀ।

# ਰੰਗ-ਬਰੰਗੀਆਂ ਦਸਤਾਰਾਂ ਨਾਲ ਸਜਿਆ ਸਪਰਿੰਗਫੀਲਡ ਅਮਰੀਕਾ ਦਾ ਵਿਸ਼ਵ ਸੱਭਿਆਚਾਰਕ ਮੇਲਾ

ਡੇਟਨ, 22 ਸਤੰਬਰ (ਪੋਸਟ ਬਿਊਰੋ): ਅਮਰੀਕਾ ਵਿਚ ਦੁਨੀਆਂ ਦੇ ਵੱਖ - ਵੱਖ ਮੁਲਕਾਂ ਤੋਂ ਆ ਕੇ ਵੱਸੇ ਲੋਕਾਂ ਵਿਚ ਵਖਰੇਵਿਆਂ ਦੇ ਬਾਵਜੂਦ ਉਨ੍ਹਾਂ ਵਿਚ ਇਕ ਸਾਂਝ ਪੈਦਾ ਕਰਨ ਲਈ ਕਈ ਸ਼ਹਿਰਾਂ ਵਿਚ ਵਿਸ਼ਵ ਸਭਿਆਚਾਰਕ ਮੇਲੇ ਲੱਗਦੇ ਹਨ। ਇਨ੍ਹਾਂ ਮੇਲਿਆਂ ਵਿੱਚ ਲੋਕਾਂ ਨੂੰ ਵਿਭਿੰਨ ਦੇਸ਼ਾਂ ਦੇ ਸਭਿਆਚਾਰ, ਸੰਗੀਤ ਅਤੇ ਨਾਚਾਂ ਵਿੱਚ ਸਾਂਝਾਂ ਅਤੇ ਵਖਰੇਵਿਆਂ ਤੋਂ ਜਾਣਕਾਰੀ ਮਿਲਦੀ ਹੈ।

ਸਿੱਖ, ਦੁਨੀਆਂ ਦੇ ਭਾਂਵੇ ਕਿਸੇ ਵੀ ਹਿੱਸੇ ਵਿੱਚ ਗਏ ਹੋਣ ਉਹਨਾਂ ਨੇ ਆਪਣੀ ਨਿਵੇਕਲੀ ਪਛਾਣ ਨੂੰ ਕਾਇਮ ਰੱਖਦੇ ਹੋਏ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਅਮਰੀਕਾ ਵਿੱਚ ਇਹ ਪਛਾਣ ਕਈ ਵਾਰ ਨਸਲੀ ਹਮਲਿਆਂ ਦਾ ਕਾਰਨ ਵੀ ਬਣ ਰਹੀ ਹੈ। ਇਸ ਦੇ ਬਾਵਜੂਦ ਸਿੱਖ ਆਪਣੀ ਨਿਵੇਕਲੀ ਪਛਾਣ ਨੂੰ ਕਾਇਮ ਰੱਖਦੇ ਹੋਏ ਵੱਧ ਚੜ ਕੇ ਅਮਰੀਕਨਾਂ ਨੂੰ ਦਸਤਾਰ ਅਤੇ ਸਿੱਖ ਸਭਿਆਚਾਰ ਤੋਂ ਜਾਣੂ ਕਰਵਾਉਣ ਲਈ ਉਪਰਾਲੇ ਕਰ ਰਹੇ ਹਨ। ਅਜਿਹਾ ਹੀ ਉਪਰਾਲਾ ਪਿਛਲੇ ਦੋ ਦਹਾਕਿਆਂ ਤੋਂ ਸਪਰਿੰਗਫੀਲਡ ਦੇ ਵਸਨੀਕ ਅਵਤਾਰ ਸਿੰਘ, ਸਰਬਜੀਤ ਕੌਰ ਪਰਿਵਾਰ ਸਮੇਤ ਨੇੜਲੇ ਸ਼ਹਿਰ ਡੇਟਨ, ਸਿਨਸਿਨਾਟੀ ਦੇ ਸਿੱਖ ਭਾਈਚਾਰੇ ਦੇ ਵਸਨੀਕਾਂ ਦੇ ਸਹਿਯੋਗ ਨਾਲ ਇਸ ਮੇਲੇ ਵਿੱਚ ਸ਼ਮੂਲੀਅਤ ਕਰ ਰਹੇ ਹਨ। ਆਪੋ -ਆਪਣੇ ਦੇਸ਼ ਦਾ ਪਹਿਰਾਵਾ, ਖਾਣਾ, ਰਹਿਣੀ ਬਹਿਣੀ ਆਦਿ ਬਾਰੇ ਵੀ ਵੱਖ-ਵੱਖ ਦੇਸ਼ਾਂ ਦੇ ਲੋਕਾਂ ਵਲੋਂ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਜਿਥੇ ਇਹ ਮੇਲੇ ਅਮਰੀਕਨਾਂ ਨੂੰ ਜਾਣਕਾਰੀ ਦਿੰਦੇ ਹਨ, ਉਥੇ ਅਮਰੀਕਾ ਵਿੱਚ ਵੱਸਦੇ ਲੋਕਾਂ ਨੂੰ ਆਪੋ - ਆਪਣੇ ਮੁਲਕ ਨਾਲ ਜੁੜੇ ਰਹਿਣ ਦਾ ਮੌਕਾ ਮਿਲਦਾ ਹੈ। ਅਜਿਹਾ ਹੀ ਸਲਾਨਾ ਵਿਸ਼ਵ ਪੱਧਰੀ ਸਭਿਆਚਾਰਕ ਮੇਲਾ ਅਮਰੀਕਾ ਦੇ ਪ੍ਰਸਿੱਧ ਸੂਬੇ ਓਹਾਇਔ ਦੇ ਸ਼ਹਿਰ ਸਪਰਿੰਗਫੀਲਡ ਦੇ ਸਿਟੀ ਹਾਲ ਪਲਾਜ਼ਾ ਵਿਖੇ ਲਗਾਇਆ ਗਿਆ।

ਕੋਵਿਡ ਕਾਰਨ ਤਿੰਨ ਸਾਲ ਬਾਦ ਇਹ ਮੇਲਾ ਮੁੜ ਲਗਾਇਆ ਗਿਆ। ਸਿੱਖਾਂ ਵਿਚ ਦਸਤਾਰ ਦੀ ਮਹੱਤਤਾ ਨੂੰ ਦਰਸਾਉਣ ਲਈ ਮੇਲੇ ਵਿੱਚ ਜੱਦ ਅਮਰੀਕਨਾਂ ਨੂੰ ਦਸਤਾਰਾਂ ਸਜਾਉਣੀਆਂ ਸ਼ੁਰੂ ਕੀਤੀਆਂ ਗਈਆਂ ਤਾਂ ਹਰ ਸਾਲ




ਵਾਂਗ ਲੋਕਾਂ ਦੀ ਇਕ ਲੰਬੀ ਕਤਾਰ ਲੱਗ ਗਈ। ਸ਼ਹਿਰ ਦੇ ਮੇਅਰ ਵਾਰਨ ਕੋਪਲੈਂਡ ਨੇ ਉਦਘਾਟਨ ਦੀ ਰਸਮ ਅਦਾ ਕਰਨ ਉਪਰੰਤ ਖੁਸ਼ੀ ਖੁਸ਼ੀ ਦਸਤਾਰ ਵੀ ਸਜਾਈ। ਦਸਤਾਰਾਂ ਸਜਾਉਣ ਵਿਚ ਕੇਵਲ ਪੁਰਸ਼ ਨਹੀਂ ਬਲਕਿ ਮਹਿਲਾਵਾਂ ਵੀ ਸ਼ਾਮਲ ਸਨ। ਦਸਤਾਰਾਂ ਸਜਾ ਇਹ ਸਭ ਬਾਕੀ ਸਮਾਂ ਮੇਲੇ ਵਿਚ ਫਿਰਦੇ ਰਹੇ। ਰੰਗ ਬਰੰਗੀਆਂ ਦਸਤਾਰਾਂ ਨਾਲ ਇਹ ਕੋਈ ਪੰਜਾਬ ਦਾ ਹੀ ਮੇਲਾ ਲੱਗ ਰਿਹਾ ਸੀ। ਸਿੱਖਾਂ ਦੀ ਦਸਤਾਰ, ਕੇਸ, ਸਿੱਖ ਧਰਮ, ਸ੍ਰੀ ਹਰਿਮੰਦਰ ਸਾਹਿਬ, ਸਿੱਖ ਵੈਡਿੰਗ (ਵਿਆਹ) ਨਾਲ ਸੰਬੰਧਿਤ ਤਸਵੀਰਾਂ, ਪੁਸਤਕਾਂ ਵੀ ਇਸ ਪ੍ਰਦਰਸ਼ਨੀ ਵਿਚ ਰੱਖੀਆਂ ਗਈਆਂ। ਅਮਰੀਕਨਾਂ ਨੇ ਇਨ੍ਹਾਂ ਵਿੱਚ ਕਾਫੀ ਦਿਲਚਸਪੀ ਦਿਖਾਈ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਸਿੱਖਾਂ ਨਾਲ ਸਬੰਧਤ ਲਿਟਰੇਚਰ ਵੀ ਵੰਡਿਆ ਗਿਆ।

ਮੇਲੇ ਵਿੱਚ ਵੱਖ-ਵੱਖ ਮੁਲਕਾਂ ਤੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ ,ਜਿਸ ਵਿਚ ਭੰਗੜੇ ਤੇ ਗਿੱਧੇ ਨੇ ਵੀ ਖ਼ੂਬ ਰੰਗ ਬੰਨਿਆ। ਜਦੋਂ ਢੋਲ ਵਜਿਆਂ ਤਾਂ ਸਾਰੇ ਲੋਕ ਦੌੜੇ ਦੌੜੇ ਆਏ ਤੇ ਉਨ੍ਹਾਂ ਨੇ ਇਸ ਦਾ ਖ਼ੂਬ ਆਨੰਦ ਮਾਣਿਆ। ਕਈ ਤਾਂ ਖ਼ੁਦ ਵੀ ਨਚਣ ਲੱਗ ਪਏ। ਪੰਜਾਬੀ ਸਭਿਆਚਾਰ ਤੋਂ ਜਾਣੂ ਕਰਾਉਣ ਲਈ ਲਗਾਈ ਗਈ ਪ੍ਰਦਰਸ਼ਨੀ ਵਿੱਚ ਹਰਮੋਨੀਅਮ, ਢੋਲ, ਚਿਮਟਾ, ਬੀਨ, ਸੁਰਾਹੀ, ਚਰਖਾ, ਮਧਾਣੀ, ਪੀੜੀ, ਆਟਾ ਪੀਣ ਵਾਲੀ ਚੱਕੀ, ਪੱਖੀਆਂ ਆਦਿ ਰੱਖੀਆਂ ਗਈਆਂ ਸਨ।

# 'ਵਰਿਸ਼ਟ ਯੋਧਾ' ਪ੍ਰੋਗਰਾਮ ਦਾ ਆਯੋਜਨ


ਕੌਂਸਲੇਟ ਜਨਰਲ ਆਂਫ ਇੰਡੀਆ, ਟੋਰਾਂਟੋ ਵਲੋਂ ਬੀਤੀ 15 ਸਤੰਬਰ ਨੂੰ 'ਵਰਿਸ਼ਟ ਯੋਧਾ' ਈਨੀਸ਼ੀਏਟਿਵ ਦੇ ਤੀਸਰੇ ਅਡੀਸ਼ਨ ਦਾ ਆਯੋਜਨ ਪੀਅਰਸਨ ਕਨਵੈਂਸ਼ਨ ਸੈਂਟਰ ਵਿਖੇ ਕੀਤਾ ਗਿਆ। ਇਸ ਦੌਰਾਨ ਆਰਮੀ ਵਿਚ ਸੇਵਾ ਕਰ ਚੁੱਕੇ ਸਾਬਕਾ ਸੈਨਿਕਾਂ ਦੇ ਬਲਿਦਾਨਾਂ ਨੂੰ ਯਾਦ ਕੀਤਾ ਗਿਆ ਅਤੇ ਉਨ੍ਹਾਂ ਦੇ 75 ਸਾਲ ਪੂਰੇ ਹੋਣ ਉਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਗਈ। ਇਸ ਅਯੋਜਨ ਵਿਚ ਭਾਰਤੀ ਏਅਰ ਫੋਰਸ, ਆਰਮੀ ਅਤੇ ਨੇਵੀ ਦੇ 54 ਸਾਬਕਾ ਸੈਨਿਕਾਂ ਅਤੇ ਹੋਰ ਅਫਸਰਾਂ ਨੇ ਹਿੱਸਾ ਲਿਆ। ਕੌਂਸਲ ਜਨਰਲ ਸ਼੍ਰੀਮਤੀ ਅਪੂਰਵਾ ਸ਼੍ਰੀਵਾਸਤਵਾ ਨੇ ਸਾਬਕਾ ਸੈਨਿਕਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

















## KNOW INDIA PROGRAMME (KIP) 2022-23

### 60th KIP
25 August - 14 September, 2022
Last date to register : 19 07-2022
Partner State : Goa

### 61st KIP
26 September - 16 October, 2022
Last date to register : 19-08-2022
Partner State : Gujarat

### 62nd KIP
01 November - 21 November, 2022
Last date to register : 23-09-2022
Partner State : Rajasthan

TO LEARN MORE ABOUT OUR PLAN AND TO REGISTER, VISIT
HTTPS://KIP.GOV.IN

@OIA_MEA | @OverseasIndianAffairs


# ਗੁਲਜ਼ਾਰ ਗਰੁੱਪ ਵੱਲੋਂ ਉਦਯੋਗ ਜਗਤ ਅਤੇ ਸਿੱਖਿਆਂ ਜਗਤ ਵਿਚਲੇ ਸਹਿਯੋਗ ਲਈ ਹੋਲੀਡੇ ਇਨ ਨਾਲ ਕੀਤਾ ਕਰਾਰ

## ਹੋਟਲ ਉਦਯੋਗ ਵਿਚ ਲਗਾਤਾਰ ਆ ਰਹੇ ਬਦਲਾਵਾਂ ਨੂੰ ਹੋਟਲ ਮੈਨੇਜਮੈਂਟ ਕੋਰਸ ਦੇ ਵਿਦਿਆਰਥੀਆਂ ਨੂੰ ਅਪਟੇਡ ਕਰਨਾ ਸਮੇਂ ਦੀ ਮੰਗ : ਇੰਜ. ਗੁਰਕੀਰਤ ਸਿੰਘ

ਗੁਲਜ਼ਾਰ ਗਰੁੱਪ ਆਫ਼ ਇੰਸਟੀਚਿਊਟਸ ਵੱਲੋਂ ਮਸ਼ਹੂਰ ਹੋਟਲ ਚੈਨ ਹੋਲੀਡੇ ਇਨ ਨਾਲ ਇਕ ਕਰਾਰ ਕੀਤਾ ਹੈ। ਇਸ ਕਰਾਰ ਵਿਚ ਹੋਟਲ ਮੈਨੇਜਮੈਂਟ ਦੇ ਵਿਦਿਆਰਥੀਆ ਨੂੰ ਹੋਟਲ ਉਦਯੋਗ ਵਿਚ ਲਗਾਤਾਰ ਆ ਰਹੇ ਬਦਲਾਵਾਂ ਨਾਲ ਅੱਪਡੇਟ ਕਰਨ ਦੇ ਮੰਤਵ ਨਾਲ ਵਿਦਿਆਰਥੀਆਂ ਨੂੰ ਅੱਪਡੇਟ ਕੀਤਾ ਜਾਵੇਗਾ। ਇਸ ਕਰਾਰ ਅਧੀਨ ਵਿਦਿਆਰਥੀਆ ਦੇ ਹੁਨਰ ਵਿਕਾਸ, ਪ੍ਰੈਕਟੀਕਲ ਐਕਸਪੋਜ਼ਰ ਅਤੇ ਪ੍ਰੈਕਟੀਕਲ ਜਾਣਕਾਰੀ ਦਾ ਅਦਾਨ ਪ੍ਰਦਾਨ ਕੀਤਾ ਜਾਵੇਗਾ। ਕੈਂਪਸ ਵਿਚ ਰੱਖੇ ਗਏ ਇਕ ਪ੍ਰੋਗਰਾਮ ਦੌਰਾਨ ਗੁਲਜ਼ਾਰ ਗਰੁੱਪ ਵੱਲੋਂ ਇਹ ਕਰਾਰ ਅਮਨ ਨਰੂਲਾ ਅਤੇ ਹੋਲੀਡੇ ਇਨ ਵੱਲੋਂ ਵਰੁਨ ਸ਼ਰਮਾ ਵੱਲੋਂ ਕੀਤਾ ਗਿਆ।





ਗੁਲਜ਼ਾਰ ਗਰੁੱਪ ਦੇ ਐਗਜ਼ੀਕਿਊਟਿਵ ਡਾਇਰੈਕਟਰ ਗੁਰਕੀਰਤ ਸਿੰਘ ਨੇ ਦੱਸਿਆਂ ਕਿ ਇਸ ਕਰਾਰ ਅਧੀਨ ਉਦਯੋਗ-ਅਕਾਦਮੀਆ ਅਤੇ ਖੋਜ ਪ੍ਰੋਗਰਾਮਾਂ ਦੇ ਖੇਤਰ ਵਿਚ ਸਹਿਯੋਗ ਕਰਨ, ਹੁਨਰ ਵਿਕਾਸ ਸਿਖਲਾਈ ਪ੍ਰਦਾਨ ਕਰਨਾ ਅਤੇ ਵਿਦਿਆਰਥੀਆਂ ਦੀ ਸਿਖਲਾਈ ਅਤੇ ਪਲੇਸਮੈਂਟ ਵਿਚ ਸਹਾਇਤਾ ਕਰਨਾ ਸ਼ਾਮਿਲ ਹਨ। ਇਸ ਦੇ ਨਾਲ ਹੀ ਸਾਂਝੇ ਤੌਰ 'ਤੇ ਆਪਸੀ ਹਿਤਾਂ ਦੇ ਵਿਸ਼ੇ 'ਤੇ ਥੋੜ੍ਹੇ ਸਮੇਂ ਦੇ ਨਿਰੰਤਰ ਸਿੱਖਿਆ ਪ੍ਰੋਗਰਾਮਾਂ ਦਾ ਆਯੋਜਨ ਕਰਨਾ ਵੀ ਸ਼ਾਮਿਲ ਕੀਤਾ ਗਿਆ ਹੈ । ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਅੱਪ-ਟੂ-ਡੇਟ ਰੱਖਣ ਲਈ ਆਪਸੀ ਸਹਿਯੋਗ ਨਾਲ ਵੱਖ ਵੱਖ ਵਿਸ਼ਿਆਂ 'ਤੇ ਸੈਮੀਨਾਰ, ਕਾਨਫ਼ਰੰਸਾਂ, ਵਰਕਸ਼ਾਪਾਂ ਅਤੇ ਗੈੱਸਟ ਲੈਕਚਰ ਦਾ ਆਯੋਜਨ ਕਰਨਾ ਸ਼ਾਮਿਲ ਹੈ।

# ਅਣਅਧਿਕਾਰਤ ਕਲੋਨੀਆਂ ਦੇ ਐੱਨ.ਓ.ਸੀ. ਧਾਰਕ ਮਾਲਕਾਂ ਨੂੰ ਰਜਿਸਟਰੀਆਂ ਕਰਵਾਉਣ ਵੇਲੇ ਨਹੀਂ ਆਵੇਗੀ ਕੋਈ ਦਿੱਕਤ : ਜਿੰਪਾ

## ਸਬੰਧਤ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹਦਾਇਤਾਂ ਜਾਰੀ; ਪਾਰਦਰਸ਼ੀ ਤੇ ਭ੍ਰਿਸ਼ਟਾਚਾਰ ਮੁਕਤ ਸੇਵਾਵਾਂ ਕੀਤੀਆਂ ਜਾਣ ਪ੍ਰਦਾਨ

ਚੰਡੀਗੜ੍ਹ, 22 ਸਤੰਬਰ (ਪੋਸਟ ਬਿਊਰੋ): ਸੂਬੇ ਵਿਚਲੀਆਂ ਅਣਅਧਿਕਾਰਤ ਕਲੋਨੀਆਂ ਦੇ ਜਿਨ੍ਹਾਂ ਵਸਨੀਕਾਂ ਕੋਲ ਐਨ.ਓ.ਸੀ. ਹੋਵੇਗੀ, ਉਨ੍ਹਾਂ ਨੂੰ ਆਪਣੀ ਜਾਇਦਾਦ ਦੀ ਰਜਿਸਟਰੀ ਕਰਵਾਉਣ ਵੇਲੇ ਕੋਈ ਪ੍ਰੇਸ਼ਾਨੀ ਨਹੀਂ ਆਵੇਗੀ। ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਇਸ ਸਬੰਧੀ ਸਬੰਧਤ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ।



ਮਾਲ ਮੰਤਰੀ ਨੇ ਦੱਸਿਆ ਕਿ ਪੰਜਾਬ ਵਾਸੀਆਂ ਨੂੰ ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ ਮੁਕਤ ਸੇਵਾਵਾਂ ਦੇਣਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮੁੱਖ ਮੰਤਵ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਜਾਰੀ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਮਾਲ ਵਿਭਾਗ ਵਿਚ ਵੀ ਸਾਰਾ ਕੰਮਕਾਰ ਨਿਯਮਾਂ ਅਨੁਸਾਰ ਅਤੇ ਸੁਚੱਜੇ ਢੰਗ ਨਾਲ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹੋਏ ਹਨ।

ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਸੂਬੇ ਵਿੱਚ ਅਣਅਧਿਕਾਰਤ ਕਲੋਨੀਆਂ ਵਿੱਚ ਸਥਿਤ ਜਾਇਦਾਦਾਂ ਦੀ ਰਜਿਸਟ੍ਰੇਸ਼ਨ ਲਈ ਲੋੜੀਂਦੀ ਐਨ.ਓ.ਸੀ. ਵਾਸਤੇ ਅਰਜ਼ੀਆਂ ਦੇ ਤੁਰੰਤ ਅਤੇ ਸਮੇਂ ਸਿਰ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਇਕ ਪੋਰਟਲ ਸ਼ੁਰੂ ਕਰ ਦਿੱਤਾ ਗਿਆ ਹੈ। ਜਿੰਪਾ ਨੇ ਕਿਹਾ ਕਿ ਅਣਅਧਿਕਾਰਤ ਕਾਲੋਨੀਆਂ ਵਿੱਚ ਸਥਿਤ ਪਲਾਟਾਂ ਅਤੇ ਇਮਾਰਤਾਂ ਨੂੰ ਨਿਯਮਤ ਕਰਨ ਲਈ ਸਬੰਧਤ ਵਿਅਕਤੀ ਪੋਰਟਲ ""।ਪ੍ਰੁਨ-ਜਅਬਰਏਗੁਲਅਰਡਿਅਟੋਨਿ।ਨਿ 'ਤੇ ਲੌਗਇਨ ਕਰ ਸਕਦਾ ਹੈ। ਦਰਖਾਸਤ ਦੇਣ ਤੋਂ ਲੈ ਕੇ ਐਨ.ਓ.ਸੀ. ਪ੍ਰਾਪਤ ਹੋਣ ਤੱਕ ਦੀ ਸਾਰੀ ਪ੍ਰਕਿਰਿਆ ਆਨਲਾਈਨ ਹੈ। ਜ਼ਿਕਰਯੋਗ ਹੈ ਕਿ ਇਹ ਸਹੂਲਤ ਸਿਰਫ ਉਨ੍ਹਾਂ ਅਲਾਟੀਆਂ/ਨਿਵਾਸੀਆਂ ਨੂੰ ਹੀ ਮਿਲ ਸਕਦੀ ਹੈ, ਜਿਨ੍ਹਾਂ ਦੀਆਂ ਜਾਇਦਾਦਾਂ 19 ਮਾਰਚ, 2018 ਤੋਂ ਪਹਿਲਾਂ ਵਿਕਸਤ ਹੋਈਆਂ ਅਣਅਧਿਕਾਰਤ ਕਾਲੋਨੀਆਂ ਵਿੱਚ ਪੈਂਦੀਆਂ ਹਨ।

ਮਾਲ ਮੰਤਰੀ ਨੇ ਕਿਹਾ ਕਿ ਐਨ.ਓ.ਸੀ. ਪ੍ਰਾਪਤ ਕਰਨ ਦੀ ਪ੍ਰਕਿਰਿਆ ਤੋਂ ਬਾਅਦ ਸਬੰਧਤ ਜਾਇਦਾਦ ਮਾਲਕ ਬਣਦੀ ਸਰਕਾਰੀ ਫੀਸ 'ਤੇ ਰਜਿਸਟਰੀ ਕਰਵਾ ਸਕਦਾ ਹੈ। ਕਾਬਿਲੇਗੌਰ ਹੈ ਕਿ ਐਨ.ਓ.ਸੀ. ਜਾਰੀ ਕਰਨ ਦੀ ਸਾਰੀ ਪ੍ਰਕਿਰਿਆ ਪੋਰਟਲ 'ਤੇ ਬਿਨੈ-ਪੱਤਰ ਜਮ੍ਹਾਂ ਕਰਨ ਤੋਂ 21 ਕੰਮ-ਕਾਜੀ ਦਿਨਾਂ ਦੇ ਅੰਦਰ ਪੂਰੀ ਕੀਤੀ ਜਾਵੇਗੀ। ਇਹ ਸਿੰਗਲ ਪੋਰਟਲ ਅਰਜ਼ੀਆਂ ਦੇ ਤੁਰੰਤ ਨਿਪਟਾਰੇ ਵਾਸਤੇ ਐਮ.ਸੀ. ਅਤੇ ਐਮ.ਸੀ. ਖੇਤਰ ਦੇ ਬਾਹਰ ਪੈਂਦੇ ਪਲਾਟਾਂ ਅਤੇ ਇਮਾਰਤਾਂ ਨੂੰ ਨਿਯਮਤ ਕਰਨ ਲਈ ਤਿਆਰ ਕੀਤਾ ਗਿਆ ਹੈ।

# ਸ਼ਹੀਦ ਭਗਤ ਸਿੰਘ ਦਾ ਜਨਮ ਦਿਨ 28 ਸਤੰਬਰ ਨੂੰ ਮਨਾਇਆ ਜਾਏਗਾ

ਬ੍ਰੈਂਪਟਨ (ਬਾਸੀ ਹਰਚੰਦ): ਪੰਜਾਬੀ ਸੱਭਿਆਚਾਰ ਮੰਚ ਦੇ ਪ੍ਰਧਾਨ ਬਲਦੇਵ ਸਿੰਘ ਸਹਿਦੇਵ ਨੇ ਦੱਸਿਆ ਕਿ ਪੰਜਾਬੀ ਸੱਭਿਆਚਾਰ ਮੰਚ 28 ਸਤੰਬਰ ਬੁੱਧਵਾਰ ਸਾਢੇ ਦਸ ਦੋ ਵਜੇ ਤੱਕ ਸਖਹੀਦ ਭਗਤ ਸਿੰਘ ਦਾ ਜਨਮ ਦਿਨ ਕੈਸੀਕੈਂਬਲ ਕਮਿਉਨਿਟੀ ਸੈਂਟਰ ਵਿਚ ਮਨਾਇਆ ਜਾਵੇਗਾ। ਆਪ ਸੱਭ ਨੂੰ ਚੰਗੀ ਤਰ੍ਹਾਂ ਯਾਦ ਹੋਵੇਗਾ ਕਿ ਭਾਰਤ ਦੀ ਅਜ਼ਾਦੀ ਦੇ ਅੰਦੋਲਣ ਦੇ ਹਰਮਨ ਪਿਆਰੇ,ਨਿਡਰ, ਦਰਿੜ ਨਿਸਚੇ ਵਾਲੇ, ਦੂਰ ਦ੍ਰਿਸ਼ਟੀ ਵਾਲੇ ਅਤੇ ਅਜਾਦੀ ਤੋਂ ਬਾਅਦ ਭਾਰਤੀਆਂ ਲਈ ਸਮਾਨਤਾ ਅਤੇ ਨਿੱਜੀ ਸੁਤੰਤਰਤਾ ਦੇ ਮੁਦਈ ਸਨ। ਉਹ ਸਿਰਫ ਇਨਕਲਾਬੀ ਹੀ ਨਹੀਂ ਸਨ ਸਗੋਂ ਇੱਕ ਚਿੰਤਕ ਵੀ ਸਨ ਜਿਸ ਨੇ ਇੱਕ ਮਾਰਗ ਦਰਸ਼ਕ ਦਾ ਕੰਮ ਵੀ ਕੀਤਾ। ਜੋ ਸਾਡੇ ਲਈ ਅਧਿਕਾਰਾਂ ਵਾਸਤੇ ਲੜਣ ਅਤੇ ਜ਼ਿੰਮੇਵਾਰੀਆਂ ਨਿਭਾਉਣ ਦਾ ਅਮੀਰ ਵਿਰਸਾ ਛੱਡ ਗਏ। ਸਾਡਾ ਫਰਜ਼ ਬਣਦਾ ਹੈ ਉਹਨਾਂ ਦੀ ਸ਼ਹਾਦਤ ਨੂੰ ਯਾਦ ਰੱਖੀਏ। ਸੱਭ ਪਰਗਤੀਸ਼ੀਲ ਸਾਥੀਆਂ ਅਤੇ ਆਮ ਜਨਤਾ ਨੂੰ ਖੁੱਲਾ ਸੱਦਾ ਦਿਤਾ ਜਾਂਦਾ ਹੈ ਕਿ ਆਉ ਰਲ ਮਿਲ ਕੇ ਉਹਨਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕਰਨ ਲਈ ਅਤੇ ਆਪਣੇ ਅੰਦਰ ਲੋਕ ਹੱਕਾਂ ਦੇ ਸੰਘਰਸ਼ ਲਈ ਵਿਚਾਰਾਂ ਨੂੰ ਪਕੇਰਿਆਂ ਕਰਨ ਲਈ ਇਕੱਤਰ ਹੋ ਕੇ ਵਿਚਾਰਾਂ ਕਰੀਏ। ਭਾਰਤ ਦੇ ਨਿਘਾਰ ਵੱਲ ਜਾਂਦੇ ਅਜੋਕੇ ਹਾਲਤਾਂ ਨੂੰ ਸਮਝੀਏ। ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਸ਼ਾਮਲ ਹੋਣ ਲਈ ਵਿਸ਼ੇਸ਼ ਸੱਦ ਦਿਤਾ ਜਾਂਦਾ ਹੈ।

ਮਹਾਨ ਸਖਸੀਅਤਾਂ ਜਿੰਨ੍ਹਾਂ ਸਾਰੀ ਉਮਰ ਲੋਕ ਹਿਤਾਂ ਲਈ ਫਕੀਰਾਂ ਵਾਂਗੂ ਕੀਤੇ ਨੂੰ ਕੀਤਾ ਜਏਗਾ। ਨੋਟ:; ਕੈਸੀ ਕੈਂਪਬਲ ਕਮਿਉਨਿਟੀ ਸੈਂਟਰ 1050 ਸੈਂਡਲਵੁੱਡ ਪਾਰਕਵੇਅ ਵੈਸਟ ਬਰੈਂਪਟਨ ਤੇ ਸਥਿਤ ਹੈ।ਹੋਰ ਜਾਣਕਾਰੀ ਲਈ ਫੋਨ ਨੰਬਰ ਪ੍ਰਧਾਨ 647-855-1396 ਕਾ: ਸਕੱਤਰ 437-788-8035, 905-460-5544 ਵਿਦਿਆਰਥੀ ਸੁਮੀਤ ਵਲਟੋਹਾ 437-335-6927, 905-915-2707

# ਅਜੀਬ ਮਾਮਲਾ: ਜਦੋਂ ਇੱਕ ਪਤੀ ਨੇ ਸ਼ਰਾਬ ਦਾ ਸਵਾਦ ਬਦਲਣ ਲਈ ਉੱਪ ਮੁੱਖ ਮੰਤਰੀ ਨੂੰ ਲਿਖੀ ਚਿੱਠੀ


ਫਤਿਹਾਬਾਦ, 22 ਸਤੰਬਰ (ਪੋਸਟ ਬਿਊਰੋ): ਇੱਕ ਅਜੀਬ ਮਾਮਲਾ ਸਾਹਮਣੇ ਆਇਆ ਹੈ। ਇਹ ਮਾਮਲਾ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਨੂੰ ਲਿਖੀ ਚਿੱਠੀ ਦਾ ਹੈ। ਹਿਸਾਰ ਦੇ ਪਿੰਡ ਮਾਜਰਾ ਪਿਆਉ ਦਾ ਰਹਿਣ ਵਾਲਾ ਬੀਰੇਂਦਰ ਸਾਂਗਵਾਨ ਇਨ੍ਹੀਂ ਦਿਨੀਂ ਕਾਫੀ ਚਰਚਾ 'ਚ ਹੈ। ਸੁਰਖੀਆਂ ਵਿੱਚ ਆਉਣ ਦਾ ਕਾਰਨ ਉਨ੍ਹਾਂ ਵੱਲੋਂ ਡਿਪਟੀ ਸੀਐਮ ਦੁਸ਼ਯੰਤ ਚੌਟਾਲਾ ਨੂੰ ਲਿਖੀ ਚਿੱਠੀ ਹੈ। ਡਿਪਟੀ ਸੀਐਮ ਦੁਸ਼ਯੰਤ ਨੂੰ ਲਿਖੇ ਪੱਤਰ ਵਿੱਚ ਬੀਰੇਂਦਰ ਸਾਂਗਵਾਨ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਦੇ ਇਲਾਕੇ ਵਿੱਚ ਵਿਕਣ ਵਾਲੀ ਦੇਸੀ ਸ਼ਰਾਬ ਖ਼ਰਾਬ ਹੋ ਗਈ ਹੈ



ਤੇ ਇਸ ਦੇ ਸੇਵਨ ਨਾਲ ਮੂੰਹ ਵਿੱਚੋਂ ਬਹੁਤ ਬਦਬੂ ਆਉਂਦੀ ਹੈ, ਜਿਸ ਕਾਰਨ ਉਨ੍ਹਾਂ ਦੀ ਪਤਨੀ ਵੀ ਨੇੜੇ ਨਹੀਂ ਬੈਠਦੀ। ਪੁੱਛਣ 'ਤੇ ਕਹਿੰਦਾ ਹੈ ਕਿ ਦੇਸੀ ਸ਼ਰਾਬ ਪੀਂਦੇ ਹੋ ਤਾਂ ਮੂੰਹੋਂ ਵਿਚੋ ਬਦਬੂ ਆਉਂਦੀ ਹੈ। ਇੰਨਾ ਹੀ ਨਹੀਂ ਬੀਰੇਂਦਰ ਸਾਂਗਵਾਨ ਨੇ ਇਸ ਸਬੰਧੀ ਮੁਰਥਲ ਸਥਿਤ ਸ਼ਰਾਬ ਕੰਪਨੀ ਨੂੰ ਕਈ ਪੱਤਰ ਵੀ ਲਿਖੇ ਹਨ ਪਰ ਅਜੇ ਤਕ ਨਾ ਤਾਂ ਆਬਕਾਰੀ ਵਿਭਾਗ ਤੇ ਨਾ ਹੀ ਸ਼ਰਾਬ ਕੰਪਨੀ ਵੱਲੋਂ ਪੱਤਰ ਦਾ ਕੋਈ ਜਵਾਬ ਮਿਲਿਆ ਹੈ। ਬੀਰੇਂਦਰ ਨੇ ਦੱਸਿਆ ਕਿ ਉਸ ਨੇ ਇਹ ਪੱਤਰ ਮਾਰਚ 2022 ਵਿੱਚ ਲਿਖਿਆ ਸੀ ਪਰ ਹੁਣ ਅਚਾਨਕ ਇਹ ਵਾਇਰਲ ਹੋ ਗਿਆ ਹੈ।

ਚਿੱਠੀ ਵਿੱਚ ਲਿਖਿਆ ਹੈ ਕਿ ਅਸੀਂ ਇਹ ਗੱਲ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦੇ ਹਾਂ ਕਿ ਅੱਜਕੱਲ੍ਹ ਦੇਸੀ ਸ਼ਰਾਬ ਕੰਪਨੀਆਂ ਵੱਲੋਂ ਜੋ ਸ਼ਰਾਬ ਬਣਾਈ ਜਾ ਰਹੀ ਹੈ, ਉਹ ਬਹੁਤ ਹੀ ਘਟੀਆ ਕੁਆਲਿਟੀ ਦੀ ਹੈ। ਅਸੀਂ ਗ਼ਰੀਬ ਹਾਂ ਤੇ ਸਿਰਫ਼ ਦੇਸੀ ਸ਼ਰਾਬ ਪੀਂਦੇ ਹਾਂ। ਪਰ ਜਦੋਂ ਅਸੀਂ ਇਸ ਦੇਸੀ ਸ਼ਰਾਬ ਪੀ ਕੇ ਕਿਸੇ ਦੇ ਕੋਲ ਬੈਠਦੇ ਹਾਂ ਤਾਂ ਸਾਡੇ ਮੂੰਹੋਂ ਇੰਨੀ ਬਦਬੂ ਆਉਂਦੀ ਹੈ ਕਿ ਕੋਈ ਸਾਨੂੰ ਨੇੜੇ ਨਹੀਂ ਬੈਠਣ ਦਿੰਦਾ। ਜੇਕਰ ਇਸ ਦਾ ਸਵਾਦ ਬਦਲ ਜਾਵੇ ਤਾਂ ਇਸ ਤੋਂ ਬਦਬੂ ਨਹੀਂ ਆਵੇਗੀ ਤੇ ਸਮਾਜ ਦੇ ਲੋਕ ਸਾਨੂੰ ਇੱਜ਼ਤ ਦੀ ਨਿਗ੍ਹਾ ਨਾਲ ਦੇਖਣਗੇਤੇ ਪਰਿਵਾਰ ਦੇ ਮੈਂਬਰ ਬਦਬੂ ਤੋਂ ਪ੍ਰੇਸ਼ਾਨ ਨਹੀਂ ਹੋਣਗੇ। ਇਨ੍ਹਾਂ ਦੇਸੀ ਸ਼ਰਾਬ ਕੰਪਨੀਆਂ ਨੂੰ ਬਿਨਾਂ ਬਦਬੂ ਵਾਲੀ ਸ਼ਰਾਬ ਬਣਾਉਣ ਦੇ ਹੁਕਮ ਦਿੱਤੇ ਜਾਣ।

# ਕਾਮੇਡੀਅਨ ਰਾਜੂ ਸ਼੍ਰੀਵਾਸਤਵ ਦਾ ਹੋਇਆ ਦੇਹਾਂਤ



ਨਵੀਂ ਦਿੱਲੀ, 22 ਸਤੰਬਰ (ਪੋਸਟ ਬਿਊਰੋ): ਪ੍ਰਸਿੱਧ ਕਾਮੇਡੀਅਨ ਰਾਜੂ ਸ਼੍ਰੀਵਾਸਤਵ ਦਾ ਦੇਹਾਂਤ ਹੋ ਗਿਆ ਹੈ। ਉਹ ਪਿਛਲੇ ਕਾਫੀ ਸਮੇਂ ਤੋਂ ਬੀਮਾਰ ਚੱਲ ਰਹੇ ਰਨ। 10 ਅਗਸਤ ਤੋਂ ਏਮਜ ਵਿਚ ਦਾਖਲ ਸਨ। ਉਨ੍ਹਾਂ ਦੀ ਮੌਤ ਹੋਣ ਨਾਲ ਫਿਲਮੀ ਜਗਤ ਵਿਚ ਸੋਗ ਹੈ। ਜ਼ਿਕਰਯੋਗ ਹੈ ਕਿ 10 ਅਗਸਤ ਨੂੰ ਰਾਜੂ ਸ਼੍ਰੀਵਾਸਤਵ ਨੂੰ ਜਿੰਮ ਵਿੱਚ ਵਰਕਆਊਟ ਦੌਰਾਨ ਦਿਲ ਦਾ ਦੌਰਾ ਪਿਆ। ਜਿਸਤੋਂ ਬਾਅਦ ਰਾਜੂ ਨੂੰ ਦਿੱਲੀ ਏਮਜ਼ ਦਾਖਲ ਕਰਵਾਇਆ ਗਿਆ ਸੀ। ਡਾਕਟਰਾਂ ਦੇ ਮੁਤਾਬਕ ਰਾਜੂ ਦੇ ਦਿਲ ਵਿਚ ਕਈ ਬਲਾਕੇਜ ਸਨ। ਰਾਜੂ ਸ਼੍ਰੀਵਾਸਤਵ ਪਿਛਲੇ 41 ਦਿਨਾਂ ਤੋਂ ਵੈਂਟੀਲੇਟਰ ਸਪੋਰਟ 'ਤੇ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

# ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਦੇ 115 ਜਨਮ ਦਿਵਸ ਨੂੰ ਸਮਰਪਿਤ ਸੰਜੀਵਨ ਦੇ ਨਾਟਕ 'ਸਰਦਾਰ' ਦਾ ਮੰਚਣ 28 ਸਤੰਬਰ ਨੂੰ



ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਵਸ ਨੂੰ ਸਮਰਪਿਤ ਉਨ੍ਹਾਂ ਦੀ ਜ਼ਿੰਦਗੀ ਦੇ ਅਣਛੋਹੇ ਪਲਾਂ ਤੇ ਘਟਨਾਵਾਂ ਦੀ ਗੱਲ ਕਰਦੇ ਸੰਜੀਵਨ ਦੇ ਨਾਟਕ 'ਸਰਦਾਰ' ਦਾ ਮੰਚਣ ਸਰਘੀ ਕਲਾ ਕੇਂਦਰ ਵੱਲੋਂ ਸੰਗੀਤ ਨਾਟਕ ਅਕਾਦਮੀ ਦਿੱਲੀ ਦੇ ਸਹਿਯੋਗ ਨਾਲ ਸਰਦਾਰ ਭਗਤ ਸਿੰਘ ਦੇ ਜਨਮ ਦਿਵਸ ਮੌਕੇ 28 ਸਤੰਬਰ ਨੂੰ ਸ਼ਾਮ 6.30 ਵਜੇ ਰੰਧਾਵਾ ਆਡੀਟੋਰੀਅਮ, ਪੰਜਾਬ ਕਲਾ ਭਵਨ,ਸੈਕਟਰ-16, ਚੰਡੀਗੜ੍ਹ ਵਿਖੇ ਹੋਵੇਗਾ।ਇਹ ਜਾਣਕਾਰੀ ਸਰਘੀ ਕਲਾ ਕੇਂਦਰ ਦੇ ਪ੍ਰਚਾਰ ਸਕੱਤਰ ਰੰਜੀਵਨ ਸਿੰਘ ਨੇ ਦਿੰਦੇ ਦੱਸਿਆ ਕਿ ਨਾਟਕ 'ਸਰਦਾਰ' ਵਿਚ ਸੰਜੀਵਨ ਨੇ ਭਗਤ ਸਿੰਘ ਦੀ ਜ਼ਿੰਦਗੀ ਦੀਆਂ ਉਨਾਂ ਘਟਨਾਵਾਂ ਨੂੰ ਦੁਹਰਾਉਂਣ ਤੋਂ ਗੁਰੇਜ਼ ਕੀਤਾ ਹੈ, ਜਿਨ੍ਹਾਂ ਤੋਂ ਆਮ ਲੋਕ ਜਾਣੂੰ ਹਨ।ਅਤੇ ਜਿਨ੍ਹਾਂ ਉਪਰ ਅਨੇਕਾਂ ਫਿਲਮਾਂ ਤੇ ਨਾਟਕ ਹੋ ਚੁੱਕੇ ਹਨ।

ਜ਼ਿਕਰਯੋਗ ਹੈ ਕਿ ਤਿੰਨ ਦਹਾਕੇ ਤੋਂ ਆਪਣੀ ਵਿੱਤ ਅਤੇ ਸਮੱਰਥਾ ਮੁਤਾਬਿਕ ਪੰਜਾਬੀ ਰੰਗਮੰਚ ਦੇ ਖੇਤਰ ਵਿਚ ਸਰਗਰਮ ਆਈ ਸਰਘੀ ਕਲਾ ਕੇਂਦਰ ਵੱਲੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਲੇਖਕ ਸ਼੍ਰੋਮਣੀ ਸਾਹਿਤਕਾਰ ਸੰਤੋਖ ਸਿੰਘ ਧੀਰ, ਸਰਦਾਰ ਗੁਰਬਖਸ਼ ਸਿੰਘ ਪ੍ਰੀਤ ਲੜੀ ਅਤੇ ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀਆਂ ਅਤੇ ਨਿਕੋਸ ਕਜ਼ਾਨਜ਼ਾਕਿਸ ਦੇ ਵਿਸ਼ਵ ਪ੍ਰਸਿੱਧ ਨਾਵਲ 'ਜ਼ੋਰਬਾ ਦਾ ਗਰੀਕ' ਤੋਂ ਪ੍ਰਭਾਵਿਤ ਅਤੇ ਸੰਜੀਵਨ ਦੇ ਸਮਾਜਿਕ ਸਰੋਕਾਰਾਂ ਅਤੇ ਲੋਕ ਮਸਲਿਆਂ ਦੀ ਬਾਤ ਪਾਉਂਦੇ ਨਾਟਕਾਂ ਡੈਣ, ਮੇਰਾ ਉੱਜੜਿਆ ਗੁਆਂਢੀ, ਭਾਬੀ ਮੈਨਾ, ਫ਼ਰੀਡਮ ਫ਼ਾਇਟਰ, ਕਹਾਣੀ ਇਕ ਪਿੰਡ ਦੀ, ਮੁੱਖ ਮਹਿਮਾਨ, ਸੌਰੀ, ਮਸਤਾਨੇ, ਜ਼ਫਰਨਾਮਾ, ਸਿਰ ਦੀਜੈ ਕਾਣਿ ਨਾ ਕੀਜੈ, ਸੁੰਨਾ ਵਿਹੜਾ, ਸਰਦਾਰ, ਖੁਸਰੇ, ਬੇਰੀਆਂ, ਸਰਦਾਰ, ਜਹਾਜ਼, ਕੱਫਣ, ਦੇਸੀ, ਜ਼ੋਰ ਲਗਾ ਕੇ ਹਈ ਸ਼ਾਅ ਦੇ ਅਨੇਕਾਂ ਮੰਚਣ ਦੇਸ-ਵਿਦੇਸ਼ ਵਿਚ ਹੋ ਚੁੱਕੇ ਹਨ।

# ਪੰਜਾਬ ਦੇ ਸਰਪੰਚਾਂ ਨੂੰ ਮਾਣ ਭੱਤਾ ਜਲਦ ਦਿੱਤਾ ਜਾਵੇਗਾ : ਧਾਲੀਵਾਲ

## ਪੰਚਾਇਤੀ ਰਾਜ ਸੰਸਥਾਵਾਂ ਵਿਚ ਔਰਤਾਂ ਦੀ ਮਜ਼ਬੂਤ ਭਾਗੀਦਾਰੀ ਉਤੇ ਸੈਮੀਨਾਰ

ਅੰਮ੍ਰਿਤਸਰ, 22 ਸਤੰਬਰ (ਪੋਸਟ ਬਿਊਰੋ): ਪੰਚਾਇਤੀ ਰਾਜ ਸੰਸਥਾਵਾਂ ਵਿਚ ਔਰਤਾਂ ਦੀ ਮਜ਼ਬੂਤ ਭਾਈਵਾਲੀ ਉਤੇ ਕਰਵਾਏ ਪੰਜਾਬ ਦੇ ਪਲੇਠੇ ਸੈਮੀਨਾਰ ਨੂੰ ਸੰਬੋਧਨ ਕਰਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪੰਜਾਬ ਦੇ ਪਿੰਡਾਂ ਦੀ ਦਸ਼ਾ ਤੇ ਦਿਸ਼ਾ ਬਦਲਣ ਲਈ ਅੱਗੇ ਆਉਣ ਦਾ ਸੱਦਾ ਦਿੰਦੇ ਕਿਹਾ ਕਿ ਜੇਕਰ ਮੇਰੀਆਂ ਮਾਵਾਂ, ਭੈਣਾਂ, ਧੀਆਂ, ਜੋ ਕਿ ਪਿੰਡਾਂ ਦੀ ਸਰਪੰਚ ਲੋਕਾਂ ਦੁਆਰਾ ਚੁਣੀਆਂ ਗਈਆਂ ਹਨ, ਪਿੰਡਾਂ ਦੀ ਵਾਗਡੋਰ ਹਕੀਕਤ ਵਿਚ ਸੰਭਾਲ ਲੈਂਦੀਆਂ ਤਾਂ ਅੱਜ ਸਾਡੇ ਪਿੰਡਾਂ ਦੀ ਹਾਲਤ ਅੱਜ ਨਾਲੋਂ ਕਿਤੇ ਬਿਹਤਰ ਹੋਣੀ ਸੀ। ਉਨਾਂ ਕਿਹਾ ਕਿ ਸਰਕਾਰ ਨੇ ਸਰਪੰਚਾਂ ਦਾ ਰਾਖਵਾਂਕਰਨ 50 ਫੀਸਦੀ ਕਰ ਦਿੱਤਾ, ਲੋਕਾਂ ਨੇ ਵੋਟਾਂ ਪਾ ਕੇ ਮਹਿਲਾ ਸਰਪੰਚ ਚੁਣ ਲਏ, ਪਰ ਇੰਨਾਂ ਨੂੰ ਪੂਰੀ ਤਰਾਂ ਨਾਲ ਕੰਮ ਕਰਨ ਦਾ ਮੌਕਾ ਨਹੀਂ ਮਿਲ ਸਕਿਆ। ਉਨਾਂ ਕਿਹਾ ਕਿ ਜੇਕਰ ਪਿੰਡਾਂ ਵਿਚ ਕਮਾਂਡ ਔਰਤਾਂ ਦੇ ਹੱਥ ਹੁੰਦੀ ਤਾਂ ਪਿੰਡਾਂ ਵਿਚ ਨਸ਼ਾ, ਨਾਜਾਇਜ਼ ਕਬਜ਼ੇ, ਸ਼ਰੀਕੇਬਾਜ਼ੀ, ਵੈਰ-ਵਿਰੋਧ ਇੰਨੇ ਨਾ ਹੁੰਦੇ, ਜਿੰਨੇ ਕਿ ਹੁਣ ਹਨ। ਉਨਾਂ ਕਿਹਾ ਕਿ ਅੱਜ ਸਾਡੀਆਂ ਤਿੰਨ ਮਾਵਾਂ, ਜਿਸ ਵਿਚ ਜਨਮ ਦੇਣ ਵਾਲੀ ਮਾਂ, ਧਰਤੀ ਮਾਂ ਤੇ ਮਾਂ ਬੋਲੀ ਸ਼ਾਮਿਲ ਹਨ, ਸੰਕਟ ਵਿਚ ਹਨ। ਮਾਂ ਨੂੰ ਪੁੱਤਰ ਧੀਆਂ ਦੇ ਭਵਿੱਖ ਦੀ ਚਿੰਤਾ ਹੈ, ਧਰਤੀ ਮਾਂ ਪਲੀਤ ਹੁੰਦੇ ਵਾਤਵਰਣ ਤੋਂ ਪੀੜਤ ਹੈ ਅਤੇ ਸਾਡੀ ਮਾਂ ਬੋਲੀ ਨੂੰ ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਤੋਂ ਖ਼ਤਰਾ ਪੈਦਾ ਹੋ ਚੁੱਕਾ ਹੈ, ਸੋ ਅੱਜ ਲੋੜ ਹੈ ਕਿ ਆਪਣੀ ਮਾਵਾਂ ਨੂੰ ਬਚਾਉਣ ਲਈ ਪੁੱਤਰਾਂ ਦੇ ਨਾਲ-ਨਾਲ ਧੀਆਂ ਵੀ ਬਰਾਬਰ ਦੀ ਸਹਿਯੋਗੀ ਬਣਨ। ਉਨਾਂ ਕਿਹਾ ਕਿ ਮੈਂ ਆਪਣੇ ਵਿਭਾਗ ਦੇ ਅਧਿਕਾਰੀਆਂ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਕਿਸੇ ਵੀ ਹਾਲਤ ਵਿਚ ਮਹਿਲਾ ਸਰਪੰਚ ਜਾਂ ਪੰਚ ਦੀ ਥਾਂ ਉਸਦੇ ਪਤੀ ਨੂੰ ਦਫਤਰੀ ਕੰਮ ਵਿਚ ਦਖਲ ਨਾ ਦੇਣ ਦਿੱਤਾ ਜਾਵੇ, ਸੋ ਹੁਣ ਤੁਸੀ ਪਿੰਡਾਂ ਦੇ ਵਿਕਾਸ ਲਈ ਅੱਗੇ ਆਉ ਤਾਂ ਮੇਰੇ ਸਮੇਤ ਸਾਰੇ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਤੁਹਾਡਾ ਗਰਮਜੋਸ਼ੀ ਨਾਲ ਸਵਾਗਤ ਕਰਨਗੇ। ਇਕ ਸਵਾਲ ਦੇ ਜਵਾਬ ਵਿਚ ਉਨਾਂ ਕਿਹਾ ਕਿ ਸਰਪੰਚਾਂ ਦਾ ਭੱਤਾ ਵੀ ਛੇਤੀ ਰਿਲੀਜ਼ ਕਰ ਦਿੱਤਾ ਜਾਵੇਗਾ। ਉਨਾਂ ਕਿਹਾ ਕਿ ਅੱਜ ਦਾ ਸੈਮੀਨਾਰ ਸਰਪੰਚਾਂ ਦੀ ਮੁੱਢਲੀ ਸਿਖਲਾਈ ਹੈ ਅਤੇ ਅਜਿਹੀ ਸਿਖਲਾਈ ਮਹਿਲਾ ਸਰਪੰਚਾਂ ਨੂੰ ਤਾਕਤ ਦੇਣ ਲਈ ਹਰੇਕ ਜਿਲ੍ਹੇ ਵਿਚ ਦਿੱਤੀ ਜਾਵੇਗੀ।

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

(905)793-2202
You can
Place Your Business Here
To Reach Wider Audience
For more info Call 905-793-2202 or e-mail ads@punjabipost.ca

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

ਪਲਾਟ ਵਿਕਾਊ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।
ਫੋਨ ਨੰਬਰ 917837596119
647-760-2769

ਘਰਾਂ ਵਿੱਚ ਪੇਂਟ ਕਰਵਾਉਣ ਲਈ, ਗਾਰਡਨ ਦਾ ਕੰਮ ਕਰਵਾਉਣ ਲਈ ਅਤੇ ਘਾਹ ਲਗਵਾਉਣ ਲਈ ਮਿਲੋ
3 ਬੰਦਿਆਂ ਦੀ ਟੀਮ
11 ਸਾਲ ਦਾ ਤਜ਼ਰਬਾ
ਗੁਰਮੇਲ ਸਿੰਘ ਸਿੱਧੂ: 6475336514
6477946514, 6476735186

ਕੇਅਰ ਗਿਵਰ ਦੀ ਲੋੜ
ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000, 416-818-3777

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੌਆ

# ਕੀ ਭਾਰਤ ਦੇ ਐਟਮੀ ਸਿਧਾਂਤ ਵਿੱਚ ਤਬਦੀਲੀ ਦੀ ਲੋੜ ਹੈ

ਬ੍ਰਿਗੇ. ਕੁਲਦੀਪ ਸਿੰਘ ਕਾਹਲੋਂ

ਇੱਕ ਬਰਤਾਨਵੀ ਫਿਲਾਸਫਰ ਬਰਟਰੈਂਡ ਰਸਲ ਨੇ 1960 ਦੇ ਦਹਾਕੇ ਵਿੱਚ ਅੰਦਾਜ਼ੇ ਲਾਉਂਦਿਆਂ ਕਿਹਾ ਸੀ ਕਿ ਜੇ ਐਟਮੀ ਤਾਕਤ ਵਾਲੇ ਦੇਸ਼ ਆਪਣੇ ਸ਼ਸਤਰਾਂ ਨੂੰ ਘੱਟ ਕਰਨ ਲਈ ਕਰੜਾ ਰੁਖ ਨਹੀਂ ਆਪਣਾਉਂਦੇ ਤਾਂ ਆਉਣ ਵਾਲੇ 10 ਸਾਲਾਂ ਵਿੱਚ ਐਟਮੀ ਯੁੱਧ ਹੋਵੇਗਾ, ਪਰ ਵਿਗਿਆਨੀ ਰਸਲ ਅਤੇ ਇੱਕ ਹੋਰ ਬ੍ਰਿਟਿਸ਼ ਨਾਵਲਕਾਰ ਸੀ ਪੀ ਸਨੋਅ ਦੀ ਭਵਿੱਖਬਾਣੀ ਅਤੇ ਵਿਚਾਰਧਾਰਾ ਦੇ ਉਲਟ ਪੰਜ ਦਹਾਕੇ ਬਾਅਦ ਵੀ ਐਸਾ ਨਹੀਂ ਹੋਇਆ। ਜਦੋਂ ਰੂਸ-ਯੁਕਰੇਨ ਦੀ ਜੰਗ ਗੰਭੀਰ ਰੁਖ ਧਾਰਨ ਕਰਦੀ ਜਾ ਰਹੀ ਹੈ ਤੇ ਐਟਮੀ ਹਥਿਆਰ ਵਰਤਣ ਵਰਗੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਫਿਰ ਇਸ ਦਾ ਅਰਥ ਕੀ ਹੋਇਆ?ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡੇਨ ਨੇ ਰੂਸ ਦੇ ਖ਼ਿਲਾਫ਼ ਨਵੀਆਂ ਪਾਬੰਦੀਆਂ ਦਾ ਐਲਾਨ ਕਰਦਿਆਂ ਕਿਹਾ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅੰਤਰਰਾਸ਼ਟਰੀ ਸ਼ਾਂਤੀ ਲਈ ਵੱਡਾ ਖਤਰਾ ਹਨ ਤੇ ਜੇ ਰੂਸ-ਅਮਰੀਕਾ ਵਿਚਾਲੇ ਲੜਾਈ ਹੋਈ ਤਾਂ ਇਹ ਵਰਲਡ ਵਾਰ-3 ਹੋਵੇਗੀ? ਰੱਬ ਨਾ ਕਰੇ ਕਿ ਰੂਸ-ਯੂਕ੍ਰੇਨ ਦੇ ਯੁੱਧ ਦੌਰਾਨ ਜਾਂ ਕਿਸੇ ਵੀ ਕੋਨੇ ਵਿੱਚਐਟਮੀ ਸ਼ਕਤੀ ਦੀ ਗਲਤ ਵਰਤੋਂ ਕਿਸੇ ਵੀ ਮੁੱਦੇ ਬਾਰੇ ਕਿਸੇ ਦੇਸ਼ ਜਾਂ ਸੰਗਠਨਾਂ ਵੱਲੋਂ ਕੀਤੀ ਗਈ ਤਾਂ ਮਨੁੱਖਤਾ ਦਾ ਵਿਨਾਸ਼ ਹੋ ਸਕਦਾ ਹੈ। ਇਸ ਪ੍ਰਸੰਗ ਵਿੱਚ ਕੀ ਭਾਰਤ ਵਾਸਤੇ ਐਟਮੀ ਹਥਿਆਰਾਂ ਦੀ ਵਰਤੋਂ ਸੰਬੰਧੀ ਸੰਨ 1998 ਵਿੱਚ ਤਹਿ ਕੀਤੀ ਰਣਨੀਤੀ ਵਿੱਚ ਕੋਈ ਪਰਿਵਰਤਨ ਦੀ ਲੋੜ ਹੈ?

ਜਦੋਂ ਸੰਨ 1998 ਵਿੱਚ ਪੋਖਰਨ ਟੈਸਟ-2 ਕਰਨ ਪਿੱਛੋਂ ਭਾਰਤ ਇੱਕ ਐਟਮੀਤਾਕਤ ਵਾਲੇ ਦੇਸ਼ ਵਜੋਂ ਉੱਭਰ ਕੇ ਸਾਹਮਣੇ ਆਇਆ ਤਾਂ ਪੂਰੇ ਵਿਸ਼ਵ ਵਿੱਚ ਹਲਚਲ ਮੱਚ ਗਈ। ਓਦੋਂ ਵਾਜਪਾਈ ਸਰਕਾਰ ਦੇ ਦਲੇਰੀ, ਹਿੰਮਤ ਅਤੇ ਦੂਰਅੰਦੇਸ਼ੀ ਵਾਲੇ ਫੈਸਲੇ ਪਿੱਛੋਂ ਕਈ ਪ੍ਰਗਤੀਸ਼ੀਲ/ਪ੍ਰਭਾਵਸ਼ਾਲੀ ਦੇਸ਼ਾਂ ਨੇ ਭਾਰਤ ਉਪਰ ਆਰਥਿਕ ਸਹਾਇਤਾ ਉੱਤੇ ਜਾਂ ਸਹਿਯੋਗ ਨਾ ਦੇਣ ਦੀਆਂ ਰੋਕਾਂ ਲਾਈਆਂ ਅਤੇ ਦੇਸ਼ ਨੂੰ ਆਰਜ਼ੀ ਤੌਰ ਉੱਤੇ ਕਈ ਔਕੜਾਂ ਜਾ ਸਾਹਮਣਾ ਕਰਨਾ ਪਿਆ ਸੀ। ਇਸ ਦਾ ਲਾਭ ਓਦੋਂ ਹੋਇਆ ਜਦੋਂ ਡਾ. ਮਨਮੋਹਨ ਸਿੰਘ ਸਰਕਾਰ ਨੂੰ ਅਮਰੀਕਾ ਤੇ ਬਾਕੀ ਏਜੰਸੀਆਂ/ਸੰਸਥਾਵਾਂ ਨਾਲ ਗੈਰ-ਫੌਜੀ ਐਟਮੀਸਮਝੌਤਾ ਕਰਦੇ ਸਮੇਂ ਭਾਰਤ ਨੂੰ ਐਟਮੀ ਸ਼ਕਤੀ ਵਾਲੇ ਦੇਸ਼ ਵਜੋਂ ਮਾਨਤਾ ਮਿਲੀ। ਉਸ ਸਮੇਂ ਦੀ ਐਨ ਡੀ ਏ ਗੱਠਜੋੜ ਦੀ ਸਰਕਾਰ ਨੇ ਐਟਮੀ ਤਜਰਬੇ ਉਪਰ ਆਪਣੇ-ਆਪ ਰੋਕਾਂ ਦੇ ਨਾਲ ਐਟਮੀ ਹਥਿਆਰਾਂ ਦੀ ਵਰਤੋਂ ਕਰਨ ਵਾਸਤੇ ਪਹਿਲ ਨਾ ਕਰਨ ਭਾਵ 'ਨੋ ਫਰੂਟ ਜੂਸ' (ਐਨ ਐਫ ਯੂ) ਕਰਨ ਬਾਰੇ ਵੀ ਫੈਸਲਾ ਲਿਆ ਸੀ।

ਸਵਾਲ ਪੈਦਾ ਹੁੰਦਾ ਹੈ ਕਿ ਵਿਸ਼ਵ ਵਿੱਚ ਵਿਸ਼ੇਸ਼ ਤੌਰ ਉੱਤੇ ਭਾਰਤੀ ਉਪ-ਮਹਾਦੀਪ ਵਿੱਚ ਤੇਜ਼ੀ ਨਾਲ ਬਦਲਦੇ ਹਾਲਾਤ ਕਾਰਨ ਕੀ ਭਾਰਤ ਦੀ ਐਟਮੀ ਹਥਿਆਰਾਂ ਸੰਬੰਧੀ ਨੀਤੀ ਵਿੱਚ ਬਦਲਾਅ ਦੀ ਲੋੜ ਹੈ? ਲੋੜ ਇਸ ਗੱਲ ਦੀ ਵੀ ਹੈ ਕਿ ਅਗਲੇ ਸਮੇਂ ਵਿੱਚ ਸੰਭਾਵਿਤ ਯੁੱਧ ਬਾਰੇ ਸੋਚਦੇ ਸਮੇਂ ਪਾਕਿਸਤਾਨ ਨੂੰ ਗੁਆਂਢੀ ਦੇਸ਼ਾਂ ਤੋਂ ਨਿਖੇੜ ਕੇ ਕਿਆਫੇ ਨਹੀਂ ਲਾਉਣੇ ਚਾਹੀਦੇ।ਵਿਚਾਰਨ ਵਾਲੀ ਗੱਲ ਇਹ ਵੀ ਹੈ ਕਿ ਭਾਰਤ-ਚੀਨ ਦੇਵਿਚਾਲੇਐਟਮੀ ਸਥਿਰਤਾ ਦੇ ਸੰਕੇਤ ਹਨ? ਵਿਸ਼ੇਸ ਤੌਰ ਉੱਤੇ ਜਦੋਂ ਭਾਰਤ-ਚੀਨ ਸਰਹੱਦ ਉੱਤੇ ਤਣਾਅ ਵਾਲੀ ਸਥਿਤੀ ਹੈ ਅਤੇ ਚੀਨ ਨੇ ਆਪਣੇ ਰੱਖਿਆ ਬਜਟ ਨੂੰ 7.1 ਫੀਸਦੀ ਵਧਾਉਣ ਦਾ ਐਲਾਨ ਕੀਤਾ ਹੈ ਅਤੇ ਸਾਲ 2022-23 ਦਾ 17.57 ਲੱਖ ਕਰੋੜ ਦਾ ਅਨੁਮਾਨ ਹੈ, ਜਦੋਂ ਕਿ ਭਾਰਤ ਦਾ ਰੱਖਿਆ ਬਜਟ ਕੇਵਲ 5.25 ਲੱਖ ਕਰੋੜ ਹੈ।ਇਹ ਵੀ ਸਪੱਸ਼ਟ ਹੋ ਚੁੱਕਾ ਹੈ ਕਿ ਮਿਆਂਮਾਰ ਤੇਜ਼ੀ ਨਾਲ ਐਟਮੀ ਬੰਬ ਬਣਾਉਣਰੁੱਝਾ ਹੋਇਆ ਹੈ। ਇਹ ਵੀ ਹਕੀਕਤ ਹੈ ਕਿ ਜਦੋਂ ਪਾਕਿਸਤਾਨ ਦੇ ਵਿਗਿਆਨੀ 'ਏ ਕਿਊ ਖਾਨ' ਨੂੰ ਕੈਦ ਕੀਤਾ ਗਿਆ ਤਾਂ ਉਸ ਦੇ ਦੋ ਹੋਰ ਸਾਥੀਆਂ ਨੇ ਮਿਆਂਮਾਰ ਵਿੱਚ ਪਨਾਹ ਲੈ ਲਈ ਸੀ ਤੇ ਉਹ ਅੱਜ ਮਿਆਂਮਾਰ ਨੂੰ ਐਟਮੀ ਸ਼ਕਤੀ ਵਜੋਂ ਉਭਾਰਨ ਵਾਸਤੇ ਸਹਾਈ ਹੋ ਰਹੇ ਹਨ। ਇਹ ਵੀ ਸਿੱਧ ਹੋ ਗਿਆ ਹੈ ਕਿ ਚੀਨ, ਉਤਰੀ ਕੋਰੀਆ ਤੇ ਪਾਕਿਸਤਾਨ ਮਿਆਂਮਾਰ ਨੂੰ ਐਟਮੀ ਸ਼ਕਤੀ ਵਜੋਂ ਉਭਾਰਨ ਵਾਸਤੇ ਤਕਨਾਲੋਜੀ, ਐਟਮੀ ਬਾਲਣ ਤੇ ਹੋਰ ਹਰ ਕਿਸਮ ਦੀ ਮਦਦ ਦੇਣ ਵਿੱਚ ਸਹਾਈ ਹੋ ਰਹੇ ਹਨ। ਭਾਰਤੀ ਸਰਹੱਦ ਤੋਂ ਕਰੀਬ 850 ਕਿਲੋਮੀਟਰ ਦੂਰੀ ਉੱਤੇ ਮਿਆਂਮਾਰ ਅੰਦਰ 'ਕਛੂਆ ਦਾ ਕਵਚ' (ਕੋਡ ਵਰਡ) ਦੇ ਨਾਂ ਅਧੀਨ 800 ਸੁਰੰਗਾਂ ਵੀ ਪੁੱਟੀਆਂ ਜਾ ਰਹੀਆਂ ਹਨ। ਭਾਰਤ ਦੇ ਮਿਆਂਮਾਰ ਦੀ ਫ਼ੌਜ ਅਤੇ ਜਨਤਾ ਨਾਲ ਸੰਬੰਧ ਤਾਂ ਸੁਖਾਵੇਂ ਹਨ, ਪਰ ਕੀ ਸਾਡੀ ਸਰਕਾਰ ਮਿਆਂਮਾਰ ਉੱਤੇਐਟਮੀ ਹਥਿਆਰ ਤਿਆਰ ਕਰਨ ਉੱਤੇ ਕੋਈ ਰੋਕ ਲਾ ਸਕਦੀ ਹੈ?



ਇਸ ਵਿੱਚ ਸ਼ੱਕ ਨਹੀਂ ਕਿ ਪਾਕਿ-ਸਤਾਨ ਸੁਭਾਵਕ ਤੌਰ ਉੱਤੇ ਅਜਿਹਾ ਦੇਸ਼ ਹੈ ਜਿਸ ਬਾਰੇ ਪੱਕੀ ਤਰ੍ਹਾਂ ਕੁਝ ਨਹੀਂ ਕਿਹਾ ਜਾ ਸਕਦਾ। ਐਟਮੀ ਹਥਿਆਰਾਂ ਦੀ ਦੌੜ ਵਿੱਚਇਹ ਦੇਸ਼ ਵੱਧ ਖਤਰਨਾਕ ਸਿੱਧ ਹੋ ਸਕਦਾ ਹੈ। ਜੇ ਪਾਕਿਸਤਾਨ ਦੇ ਹਾਕਮ ਗਿੱਦੜ-ਭਬਕੀਆਂ ਮਾਰਦੇ ਹੋਣ ਤਾਂ ਕੀ ਹੋ ਸਕਦਾ ਹੈ? ਜੇਹਾਦੀ ਅਵਾਮ ਲੋੜ ਪੈਣ ਉੱਤੇ ਪਾਕਿਸਤਾਨ ਸਰਕਾਰ ਨੂੰ ਐਟਮੀ ਹਥਿਆਰਾਂ ਦੀ ਵਰਤੋਂ ਕਰਨ ਵਾਸਤੇ ਮਜ਼ਬੂਰ ਕਰ ਦੇਵੇ ਜਾਂ ਅੱਤਵਾਦੀ ਜਥੇਬੰਦੀਆਂ 9/11 ਤੇ 26/11 ਦੀ ਤਰ੍ਹਾਂ ਖੁਦ ਕੋਈ ਅਨੋਖੀ ਕਾਰਵਾਈ ਸ਼ੁਰੂ ਕਰਨ, ਜਿਸ ਨਾਲ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਠੇਸ ਪਹੁੰਚੇ। ਉਂਝ ਤਾਂ ਐਟਮੀ ਬੰਬਾਂ ਦੀ ਵਰਤੋਂ ਦੇ ਅਧਿਕਾਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਕੋਲ ਹਨ, ਪਰ ਐਟਮੀ ਸ਼ਸਤਰਘਰਾਂ ਦੀ ਅਸਲੀ ਚਾਬੀ ਤਾਂ ਉਥੋਂ ਦੀ ਫੌਜ ਕੋਲ ਹੀ ਹੈ।

ਕੋਈ ਵੀ ਐਟਮੀ ਸਮਰੱਥਾ ਵਾਲੀ ਮਹਾਂਸ਼ਕਤੀ ਐਟਮੀ ਹਥਿਆਰਾਂ ਤੇ ਕੈਮੀਕਲ ਵਸੀਲਿਆਂ ਦਾ ਵਰਤੋਂ ਕਰਨ ਦੀ ਅਵਸਥਾ ਵਿੱਚ ਪਹਿਲ ਕਰਨ ਦੀ ਪ੍ਰਤਿੱਗਿਆ ਤਦੇ ਕਰਦੀ ਹੈ ਜਦੋਂ ਉਸ ਦੀ ਆਰਥਿਕ ਸਥਿਤੀ ਮਜ਼ਬੂਤ ਹੋਵੇ ਤੇ ਉਸ ਨੂੰ ਅਹਿਸਾਸ ਹੋਵੇ ਕਿ ਉਸ ਕੋਲ ਰਵਾਇਤੀ ਸ਼ਕਤੀ ਇੰਨੀ ਹੈ ਕਿ ਉਸ ਨੂੰ ਲੜਾਈ ਮੌਕੇਐਟਮੀ ਹਥਿਆਰਾਂ ਦੀ ਵਰਤੋਂ ਨਹੀਂ ਕਰਨੀ ਪਵੇਗੀ। ਕੀ ਭਾਰਤ ਦੀ ਰਿਵਾਇਤੀ ਬੇਹਤਰੀ ਇੰਨੀ ਹੈ ਕਿ ਅਸੀਂ ਚੀਨ ਦੀਆਂ ਰਵਾਇਤੀ ਤਾਕਤਾਂ ਨੂੰ ਠੱਲ੍ਹ ਪਾ ਸਕੀਏ ਤੇ ਪਾਕਿਸਤਾਨ ਨੂੰ ਡਰਾ ਕੇ ਸਬਕ ਸਿਖਾਉਣ ਦੀ ਸਾਡੇ ਕੋਲ ਤਾਕਤ ਹੋਵੇ?

ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪੋਖਰਾਨ ਵਿਖੇ 16 ਅਗਸਤ 2019 ਨੂੰ ਕਿਹਾ ਸੀ ਕਿ ''ਭਾਰਤ ਨੇ ਅਜੇ ਤੱਕ ਐਟਮੀ ਹਥਿਆਰਾਂ ਦੀ ਪ੍ਰਯੋਗ ਦੀ ਪਹਿਲ ਨਾ ਕਰਨ ਵਾਲੀ ਨੀਤੀ ਰੱਖੀ ਹੈ ਪਰ ਅੱਗੋਂ ਹਾਲਤ ਉੱਤੇ ਨਿਰਭਰ ਕਰੇਗਾ।'' ਇਸ ਸਮੇਂ ਭਾਰਤ ਦੇ ਗੁਆਂਢੀ ਦੇਸ਼ਾਂ ਵੱਲੋਂ ਆਪਣੀ ਰਵਾਇਤੀ ਅਤੇ ਐਟਮੀ ਸ਼ਕਤੀ ਨੂੰ ਠੋਸ ਬਣਾਉਣ ਲਈ ਹਰ ਸੰਭਵ ਹੀਲੇ-ਵਸੀਲੇ ਵਰਤੇ ਜਾ ਰਹੇ ਹਨ। ਸਮੇਂ ਦੀ ਲੋੜ ਹੈ ਕਿ 'ਐਟਮੀ 'ਸਵੈ-ਰੱਖਿਅਕ' ਵਾਲੇ ਸਿਧਾਂਤ ਨੂੰ ਮੁੱਖ ਰੱਖਦਿਆਂ, ਰੱਖਿਅਕ ਹਥਿਆਰਾਂ ਦੇ ਨਵ-ਨਿਰਮਾਣ ਐਟਮੀ ਠਿਕਾਣਿਆਂ ਦੀ ਦੇਖ-ਰੇਖ ਅਤੇ ਲੋੜ ਪੈਣ ਉੱਤੇਐਟਮੀ ਸ਼ਕਤੀ ਦਾ ਇਸਤੇਮਾਲ ਕਰਨ ਸੰਬੰਧੀ ਇੱਕ ਵਿਸ਼ਾਲ, ਦਲੇਰਾਨਾ ਅਤੇ ਦ੍ਰਿੜਤਾ ਭਰੀ ਉਸਾਰੂ ਰਣਨੀਤੀ ਤਿਆਰ ਕਰਨ ਖਾਤਰ ਐਨ ਐਫ ਯੂ ਉੱਤੇ ਮੁੜ ਤੋਂ ਵਿਚਾਰ ਕੀਤੀ ਜਾਵੇ। ਇਸ ਵਿੱਚ ਸਮੁੱਚੇ ਦੇਸ਼ ਦੀ ਭਲਾਈ ਹੋਵੇਗੀ।

# ਚਾਨਣ ਦੀ ਕਿਰਨ

ਦਰਸ਼ਨ ਸਿੰਘ

ਜ਼ਿੰਦਗੀ ਦੁੱਖ-ਸੁੱਖ ਦਾ ਸੁਮੇਲ ਹੈ। ਇੱਕ ਦੂਜੇ ਦੇ ਦੁੱਖ ਵਿੱਚ ਪ੍ਰਗਟਾਈਆਂ ਹਮਦਰਦੀਆਂ ਦੇ ਪਲ ਉਮਰ ਭਰ ਲਈ ਕਈ ਵੱਡੀਆਂ ਸਾਂਝਾਂ ਪੈਦਾ ਕਰ ਦਿੰਦੇ ਹਨ। ਮਨੁੱਖ ਸਮਾਜਕ ਪ੍ਰਾਣੀ ਹੈ ਅਤੇ ਜ਼ਿੰਦਗੀ ਦੀ ਸੁਖਾਵੀਂ ਤੋਰ ਲਈ ਇੱਕ ਦੂਜੇ ਦੇ ਆਸਰਿਆਂ ਅਤੇ ਸਹਾਰਿਆਂ ਦੀ ਲੋੜ ਕਦੀ ਨਾ ਕਦੀ ਪੈਂਦੀ ਹੈ। ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਭਾਵੇਂ ਮਨੁੱਖੀ ਸੁਭਾਅ ਵਿੱਚ ਕਈ ਬਦਲਾਓ ਆਏ ਹਨ, ਮਨਾਂ ਵਿੱਚ ਇੱਕ ਦੂਜੇ ਲਈ ਦੂਰੀਆਂ, ਫਾਸਲੇ ਤੇ ਡੂੰਘੇ ਹਨੇਰੇ ਹਨ, ਪਰ ਸਾਂਝਾਂ ਤੇ ਹਮਦਰਦੀਆਂ ਦੇ ਚਾਨਣ ਵੀ ਹਨ।ਪਤਾ ਹੀ ਨਹੀਂ ਲੱਗਦਾ, ਕਦੋਂ ਚਾਨਣ ਦੀਆਂ ਇਹ ਲਕੀਰਾਂ ਜ਼ਿੰਦਗੀ ਵਿੱਚ ਦਾਖਲ ਹੋ ਕੇ ਇਸ ਨੂੰ ਸੁਖਾਵੇਂ ਮੋੜ ਦੇ ਦਿੰਦੀਆਂ ਹਨ। ਯਾਦ ਕਰਦਾ ਹਾਂ ਉਹ ਪਲ ਜਦੋਂ ਮੇਰੀ ਪਤਨੀ ਦੀ ਤਬੀਅਤ ਵਿੱਚ ਕੁਝ ਵਿਗਾੜ ਆਉਣ ਲੱਗੇ ਸਨ।

''ਕੀ ਗੱਲ ਆਂਟੀ ਜੀ, ਧੁੱਪੇ ਬੈਠੇ ਓ?'' ਗਲੀ ਗੁਆਂਢ ਦੇ ਕਈ ਘਰਾਂ ਵਿੱਚ ਕੰਮ ਕਰਦੀ ਵੀਹ ਕੁ ਸਾਲ ਦੀ ਕੁੜੀ ਨੇ ਮੇਰੀ ਪਤਨੀ ਕੋਲੋਂ ਲੰਘਦਿਆਂ ਕਿਹਾ।

''ਸਿਹਤ ਠੀਕ ਨਹੀਂ।'' ਸੰਖੇਪ ਜਿਹਾ ਉੱਤਰ ਮੇਰੀ ਪਤਨੀ ਦਾ ਸੀ। ਵੈਸੇ ਵੀ ਇਹ ਕੁੜੀ ਆਉਂਦੇ ਜਾਂਦੇ ਕੋਈ ਨਾ ਕੋਈ ਗੱਲ ਛੋਹ ਲੈਂਦੀ। ਇਸੇ ਕੁੜੀ ਨੂੰ ਘਰ ਕੰਮ ਕਰਨ ਲਈ ਮੇਰੀ ਪਤਨੀ ਨੇ ਕਈ ਵਾਰ ਕਿਹਾ ਵੀ ਸੀ, ਪਰ ਉਹ ਹਮੇਸ਼ਾ ਆਖਦੀ, ''ਕੋਸ਼ਿਸ਼ ਕਰਾਂਗੀ ਆਂਟੀ ਜੀ। ਕੰਮ ਦਾ ਬੋਝ ਪਹਿਲੋਂ ਹੀ ਬਹੁਤ ਹੈ।'' ਪਤਾ ਨਹੀਂ ਕਿਹੜੀ ਦਿਆਲਤਾ ਤੇ ਤਰਸ ਨੇ ਉਸ ਦੀਆਂ ਸੋਚਾਂ ਨੂੰ ਮੋੜ ਦਿੱਤਾ, ਇੱਕ ਦਿਨ ਉਸ ਨੇ ਆ ਕੇ ਕਿਹਾ, ''ਦੱਸੋ ਆਂਟੀ ਜੀ, ਕੀ ਕੰਮ ਕਰਨਾ ਹੈ?''

ਉਸ ਦਿਨ ਤੋਂ ਉਹ ਘਰ ਵਿੱਚ ਝਾੜੂ ਪੋਚਾ ਕਰਨ ਲੱਗੀ। ਦੋ ਕੁ ਮਹੀਨੇ ਉਸ ਨੇ ਕੰਮ ਕੀਤਾ ਸੀ ਕਿ ਮੇਰੀ ਪਤਨੀ ਗੁਜ਼ਰ ਗਈ। ਮੈਂ ਇਕੱਲਾ ਹੋ ਗਿਆ। ਬੱਚੇ ਦੂਰ ਦੁਰ-ਾਡੇ ਆਪੋ ਆਪਣੀਆਂ ਨੌਕਰੀਆਂ ਉੱਤੇ ਸਨ। ਮੇਰੇ ਕੋਲ ਉਨ੍ਹਾਂ ਦਾ ਰਹਿਣਾ ਸੰਭਵ ਨਹੀਂ ਸੀ। ਜ਼ਖਮ ਹਾਲੀ ਸੱਜਰਾ ਹੋਣ ਕਰ ਕੇ ਰਿਸਦਾ ਵਧੇਰੇ ਸੀ। ਸੋਚਿਆ, ਉਨ੍ਹਾਂ ਕੋਲ ਚਲੇ ਜਾਵਾਂ। ਇਕੱਲ ਦਾ ਸੰਤਾਪ ਕਦੋਂ ਤੱਕ ਹੰਢਾਵਾਂਗਾ? ਕਦੋਂ ਤੱਕ ਖਾਲੀ ਹੋਏ ਘਰ ਦੀਆਂ ਛੱਤਾਂ ਵੱਲ ਦੇਖਦਾ ਰਹਾਂਗਾ? ਮਨ ਇੱਕ ਪਲ ਇਹ ਫੈਸਲਾ ਕਰਦਾ, ਪਰ ਦੂਜੇ ਪਲ ਕੋਈ ਹੋਰ ਸੋਚ ਇੱਥੋਂ ਜਾਣ ਦੇ ਮਨ ਦੇ ਫੈਸਲੇ ਨੂੰ ਮਹੀਨੇ ਦੋ ਮਹੀਨੇ ਲਈ ਟਾਲ ਦਿੰਦੀ। ਕੰਮ ਲਈ ਆਉਂਦੇ ਜਾਂਦੇ ਕੁੜੀ ਨੂੰ ਦੁਪਹਿਰ ਹੋ ਜਾਂਦੀ। ਮੈਨੂੰ ਉਦਾਸ ਬੈਠਾ ਦੇਖ ਕੇ ਆਖਦੀ, ''ਰੋਟੀ ਬਣਾ ਦਿਆਂ ਅੰਕਲ?'' ਮੇਰੀ ਪਤਨੀ ਦੇ ਗੁਜ਼ਰ ਜਾਣ ਪਿੱਛੋਂ ਇਹ ਹਮਦਰਦੀ ਭਰੇ ਬੋਲ ਇਸ ਕੁੜੀ ਦੇ ਮੂੰਹੋਂ ਹੀ ਮੈਂ ਸੁਣੇ ਸਨ।

ਉਸ ਦੇ ਸੁਭਾਅ ਤੋਂ ਮੈਂ ਚੰਗੀ ਤਰ੍ਹਾਂ ਵਾਕਿਫ ਹੋ ਗਿਆ ਸੀ। ਕਾਫੀ ਹੱਦ ਤੱਕ ਉਹ ਮੈਨੂੰ ਸਮਝ ਚੁੱਕੀ ਸੀ। ਮੀਂਹ ਕਣੀ ਜਾਂ ਬੇਤਹਾਸ਼ਾ ਗਰਮੀ ਹੁੰਦੀ ਤਾਂ ਖੁੱਲ੍ਹੇ ਵਿਹੜੇ ਵਿੱਚ ਕੰਮ ਕਰਨ ਤੋਂ ਮੈਂ ਰੋਕ ਦਿੰਦਾ। ''ਕੰਮ ਤਾਂ ਅੰਕਲ ਜੀ ਕਰਨਾ ਹੈ। ਮੀਂਹ ਧੁੱਪ ਦਾ ਕੀ ਐ? ਹੋਰ ਘਰਾਂ ਵਿੱਚ ਵੀ ਕਰਦੀ ਹਾਂ, ਇੱਥੇ ਕਿਉਂ ਨਾ ਕਰੋਂ?'' ਚਿਹਰੇ ਉਤੇ ਮੁਸਕਾਨ ਭਰਦਿਆਂ ਉਹ ਝਾੜੂ ਪੋਚਾ ਕਰਦੀ ਰਹਿੰਦੀ। ਵਿਹੜੇ ਵਿੱਚ ਬੈਠਾ ਮੈਂ ਅਖਬਾਰ ਪੜ੍ਹਨ ਲੱਗਦਾ। ਇੱਕ ਦਿਨ ਡੂੰਘੀ ਉਦਾਸੀ ਵਿੱਚ ਮੈਨੂੰ ਅੱਖਾਂ ਭਰੀ ਬੈਠੇ ਨੂੰ ਉਹਨੇ ਦੇਖਿਆ। ਝਾੜੂ ਪੋਚਾ ਵਿੱਚੇ ਛੱਡ ਕੇ ਮੇਰੇ ਕੋਲ ਖੜ੍ਹੋ ਗਈ। ''ਅੰਕਲ ਜੀ, ਕਦੋਂ ਤੱਕ ਇਉਂ ਉਦਾਸ ਰਹੋਗੇ? ਜਾਣਦੀ ਹਾਂ ਕਿ ਤੁਰ ਗਏ ਜੀਆਂ ਬਿਨਾਂ ਕੰਧਾਂ ਖਾਣ ਨੂੰ ਆਉਂਦੀਆਂ, ਪਰਜ਼ਿੰਦਗੀ ਨੂੰ ਅੱਗੇ ਤੋਰਨਾ ਹੀ ਪੈਂਦਾ।'' ਸਿਰ ਚੁੱਕ ਕੇ ਮੈਂ ਉਸ ਵੱਲ ਦੇਖਿਆ। ਉਸ ਦੇ ਚਿਹਰੇ ਨੂੰ ਪਹਿਲੀ ਵਾਰ ਮੈਂ ਇੰਨਾ ਨੇੜਿਓਂ ਤੱਕਿਆ ਸੀ। ''ਪੋਤਾ ਹੈ, ਪੋਤੀ ਹੈ ਤੇ ਪੁੱਤ ਨੇ। ਆਂਟੀ ਦਾ ਰੂਪ ਇਨ੍ਹਾਂ ਵਿੱਚ ਹੀ ਦੇਖੋ...।'' ਸਿਆਣੀਆਂ ਤੇ ਗਹਿਰੀਆਂ ਸੋਚਾਂ ਵਿੱਚੋਂ ਆਈ ਉਸ ਦੀ ਇਸ ਗੱਲ ਦੇ ਗਹਿਰੇ ਅਰਥ ਸਨ।

''ਕੀ ਖਾਣਾ, ਬੱਚੇ?'' ਕੰਮ ਕਰਦੀ ਨੂੰ ਮੈਂ ਕਦੀ ਕਦੀ ਪੁੱਛਦਾ। ਉਹ ਹਰ ਵਾਰ ਨਾਂਹ ਕਰਦੀ, ਪਰ



ਮੈਂ ਫੇਰ ਵੀ ਕੋਈ ਨਾ ਕੋਈ ਫਲ ਉਸ ਨੂੰ ਦੇ ਦਿੰਦਾ। ਇਧਰ ਉਧਰ ਬੇਤਰਤੀਬੀਆਂ ਪਈਆਂ ਮੇਰੀਆਂ ਕਿਤਾਬਾਂ ਅਖਬਾਰਾਂ ਨੂੰ ਉਹ ਥਾਂ ਸਿਰ ਰੱਖਦੀ। ਸਰਦੀ ਦਾ ਮੌਸਮ ਸੀ। ਰਜ਼ਾਈ ਵਿੱਚ ਬੈਠੇ ਨੂੰ ਵੀ ਮੈਨੂੰ ਠੰਢ ਲੱਗ ਰਹੀ ਸੀ। ਪਤਲਾ ਜਿਹਾ ਊਨੀ ਸਵੈਟਰ ਪਾਈ ਉਹ ਆਈ ਤੇ ਆਉਂਦਿਆਂ ਹੀ ਸਾਫ ਸਫਾਈ ਵਿੱਚ ਰੁੱਝ ਗਈ। ਜਾਣ ਲੱਗੀ ਤਾਂ ਇੱਕ ਹਜ਼ਾਰ ਰੁਪਏ ਉਸ ਨੂੰ ਦਿੰਦੇ ਹੋਏ ਕਿਹਾ, ''ਨਵੀਂ ਕੋਟੀ ਲੈ ਲਈਂ ਬੱਚੇ। ਠੰਢ ਬੜੀ ਐ।'' ਝਿਜਕ ਭਰੀ ਨਾਂਹ ਉਸ ਨੇ ਕੀਤੀ, ਪਰ ਅਖੀਰ ਪੈਸੇ ਫੜ ਕੇ ਕਿਹਾ, ''ਜਾ ਰਹੀ ਹਾਂ ਅੰਕਲ।'' ਉਸ ਦੀਆਂ ਅੱਖਾਂ ਅੰਦਰ ਆਈ ਚਮਕ ਤੋਂ ਉਸ ਨੂੰ ਮਿਲੀ ਖੁਸ਼ੀ ਦਾ ਅੰਦਾਜ਼ਾ ਸਹਿਜੇ ਹੀ ਹੋ ਗਿਆ ਸੀ।

ਇੱਕ ਦਿਨ ਮੈਂ ਉਸ ਨੂੰ ਕਿਹਾ, ''ਸ਼ਾਇਦ ਮੈਂ ਬੱਚਿਆਂ ਕੋਲ ਚਲੇ ਜਾਵਾਂ।'' ਉਦਾਸ ਅਤੇ ਖਾਮੋਸ਼ ਜਿਹੀ ਉਹ ਉਥੇ ਦੀ ਉਥੇ ਖੜ੍ਹ ਗਈ। ਕੁਝ ਨਾ ਬੋਲੀ। ਚੁੱਪਚਾਪ ਕੰਮ ਕਰਦੀ ਰਹੀ। ਪੰਦਰਾਂ ਵੀਹ ਮਿੰਟ ਇਸੇ ਚੁੱਪ ਵਿੱਚ ਲੰਘ ਗਏ ਸਨ। ਸੋਚਾਂ ਤੋਂ ਬਾਹਰ ਆਉਂਦੇ ਇਹ ਬੋਲੀ, ''ਚਲੇ ਜਾਉ, ਪਰ ਛੇਤੀ ਮੁੜ ਆਇਉ।'' ਮਾਵਾਂ-ਧੀਆਂ ਇੱਕ ਦਿਨ ਦੋਵੇਂ ਘਰ ਆਈਆਂ। ਸੂਹਾ ਲਾਲ ਸੂਟ ਮੈਨੂੰ ਦਿਖਾ ਕੇ ਉਸ ਦੀ ਮਾਂ ਨੇ ਕਿਹਾ, ''ਸਾਂਭ ਸਾਂਭ ਰੱਖਦੀ ਸੀ ਹਜ਼ਾਰ ਰੁਪਏ, ਜੋ ਤੁਸੀਂ ਦਿੱਤੇ ਸਨ। ਇਨ੍ਹਾਂ ਪੈਸਿਆਂ ਦਾ ਇਹ ਸੂਟ ਅੱਜ ਲਿਆ। ਆਖਦੀ ਸੀ ਆਪਣੇ ਵਿਆਹ ਉੱਤੇ ਪਾਵਾਂਗੀ।''

ਮਾਂ ਦੀਗੱਲ ਸੁਣਦਿਆਂ ਉਸ ਨੇ ਨੀਵੀਂ ਪਾ ਲਈ। ਰਸੋਈ, ਕਮਰੇ, ਵਿਹੜੇ ਅਤੇ ਹੋਰ ਸਾਫ ਸਫਾਈ ਕਰਨ ਪਿੱਛੋਂ ਮੇਰੇ ਕੋਲ ਆਉਂਦਿਆਂ ਉਸ ਨੇ ਪੁੱਛਿਆ, ''ਮੇਰੇ ਵਿਆਹ ਉਤੇ ਆਓਗੇ ਅੰਕਲ?'' ਉਸ ਦੇ ਬੋਲਾਂ ਵਿੱਚ ਸਵਾਲ ਸੀ ਤੇ ਮੇਰੇ ਵੱਲ ਤੱਕਦੀਆਂ ਭਰੀਆਂ ਅੱਖਾਂ ਵਿੱਚ ਜਵਾਬ ਦੀ ਉਡੀਕ ਵੀ। ਉਸ ਦੇ ਮਨ ਅੰਦਰ ਮੇਰੇ ਪ੍ਰਤੀ ਮੈਨੂੰ ਸੁੱਚੇ ਮੋਹ ਤੇ ਮਹਿਕ ਭਰਿਆ ਚਾਨਣ ਦਿਖਾਈ ਦਿੱਤਾ ਤੇ ਇਸ ਚਾਨਣ ਵਿੱਚ ਕਿਸੇ ਪਵਿੱਤਰ ਰਿਸ਼ਤੇ ਦਾ ਅਕਸ...।

ਬਿਨਾਂ ਦੇਰੀ ਕਰਦਿਆਂ ਆਪਣਾ ਹੱਥ ਉਸ ਦੇ ਸਿਰ ਉੱਤੇ ਧਰਦਿਆਂ ਜਿਵੇਂ ਅਗਾਊਂ ਹੀ ਮੈਂ ਪਿਓ ਜਿਹੀ ਅਸੀਸ ਉਸ ਨੂੰ ਦੇ ਦਿੱਤੀ। ਧੀ ਨੂੰ ਵਿਦਾ ਕਰਨ ਸਮੇਂ ਦੇ ਉਦਾਸੀ ਦੇ ਪ੍ਰਛਾਵੇਂ ਮੇਰੇ ਚਿਹਰੇ ਉੱਤੇ ਵੀ ਆਏ। ਸੋਚਦਾਂ ਸਾਂ ਕਿ ਜ਼ਿੰਦਗੀ ਵਿੱਚ ਕੁਝ ਰਿਸ਼ਤੇ ਅਜਿਹੇ ਵੀ ਹੁੰਦੇ ਹਨ, ਜਿਨ੍ਹਾਂ ਦਾ ਕੋਈ ਨਾਂਅ ਨਹੀਂ, ਪਰ ਜ਼ਿੰਦਗੀ ਲਈ ਚਾਨਣ ਦੀ ਕਿਸੇ ਕਿਰਨ ਜਿਹੇ ਹੁੰਦੇ ਹਨ ਜਾਂ ਜੁਗਨੂੰਆਂ ਵਾਂਗ ਜ਼ਿੰਦਗੀ ਦੇ ਹਨੇਰਿਆਂ ਨੂੰ ਚਾਨਣ ਵੰਡਦੇ ਹਨ।

# ਹਵਾ ਵਿੱਚ ਖ਼ਤਰਾ

## ਕੋਵਿਡ ਦੇ ਮਾਮਲੇ ਘੱਟ ਹੋ ਸਕਦੇ ਹਨ ਪਰ ਕੀ ਖੰਭਾਂ ਵਿੱਚ ਕੋਈ ਅਗਲੀ ਲਹਿਰ ਹੈ?

ਓਮਿਕਰੋਨ ਵੇਵ ਦੇ ਘਟਣ ਤੋਂ ਬਾਅਦ ਭਾਰਤ ਆਮ ਵਾਂਗ ਵਾਪਸ ਆ ਗਿਆ ਹੈ। ਰੋਜ਼ਾਨਾ ਸਿਰਫ਼ 3,000 ਤੋਂ ਵੱਧ ਨਵੇਂ ਕੇਸ ਦਰਜ ਹੁੰਦੇ ਹਨ। ਮੌਤਾਂ ਦੀ ਗਿਣਤੀ ਵਿੱਚ ਕਮੀ ਆਈ ਹੈ। ਟੀਕਿਆਂ ਦੀਆਂ 1.8 ਬਿਲੀਅਨ ਤੋਂ ਵੱਧ ਖੁਰਾਕਾਂ ਦਿੱਤੀਆਂ ਗਈਆਂ ਹਨ। 12 ਸਾਲ ਤੋਂ ਵੱਧ ਉਮਰ ਦੇ ਬੱਚੇ ਟੀਕੇ ਲਗਵਾ ਰਹੇ ਹਨ। 20 ਮਿਲੀਅਨ ਲੋਕਾਂ ਨੂੰ ਬੂਸਟਰ ਡੋਜ਼ ਮਿਲ ਚੁੱਕੇ ਹਨ। ਆਰਥਿਕਤਾ ਪੂਰੀ ਭਾਫ਼ ਨਾਲ ਚੱਲ ਰਹੀ ਹੈ. ਜ਼ਿਆਦਾਤਰ ਪਾਬੰਦੀਆਂ ਹਟਾ ਲਈਆਂ ਗਈਆਂ ਹਨ ਅਤੇ ਅੰਤਰਰਾਸ਼ਟਰੀ ਹਵਾਈ ਯਾਤਰਾ 27 ਮਾਰਚ ਤੋਂ ਮੁੜ ਸ਼ੁਰੂ ਹੋ ਜਾਵੇਗੀ। ਫਿਰ ਵੀ, ਚਿੰਤਾ ਦਾ ਵਿਸ਼ਾ ਹੈ। ਕੀ ਕੋਵਿਡ-19 ਹੁਣ ਨਹੀਂ ਰਿਹਾ? ਹਲਚਲ ਦੀ ਕਲਪਨਾ ਕਰੋ ਜੇਕਰ ਕੋਈ ਹੋਰ ਲਹਿਰ ਦੇਸ਼ ਨੂੰ ਆਪਣੀ ਲਪੇਟ ਵਿੱਚ ਲੈ ਲਵੇ। ਵਿਗਿਆਨੀ ਇਸ ਗੱਲ ਦੀ ਪੁਸ਼ਟੀ ਨਹੀਂ ਕਰ ਰਹੇ ਹਨ ਕਿ ਅਸੀਂ ਮਹਾਂਮਾਰੀ ਦਾ ਪਿਛਲਾ ਹਿੱਸਾ ਦੇਖਿਆ ਹੈ। ਸਪਾਕ ਇਨ ਦ ਵ੍ਹੀਲ ਬੁੱਧਵਾਰ ਨੂੰ ਦਾ ਬਿਆਨ ਹੈ ਕਿ ਜਨਵਰੀ ਤੋਂ ਬਾਅਦ ਦੇਖੀ ਗਈ ਗਿਰਾਵਟ ਨੂੰ ਉਲਟਾਉਂਦੇ ਹੋਏ, ਕੋਵਿਡ -19 ਸੰਕਰਮਣ ਇੱਕ ਵਾਰ ਫਿਰ ਵੱਧ ਰਹੇ ਹਨ। ਦੁਨੀਆ ਭਰ ਵਿੱਚ ਪਿਛਲੇ ਇੱਕ ਹਫ਼ਤੇ ਵਿੱਚ 43,000 ਤੋਂ ਵੱਧ ਮੌਤਾਂ ਦੇ ਨਾਲ 11 ਮਿਲੀਅਨ ਤੋਂ ਵੱਧ ਨਵੇਂ ਸੰਕਰਮਣ ਦੀ ਰਿਪੋਰਟ ਕੀਤੀ ਗਈ ਹੈ। ਇਹ ਚਿੰਤਾਜਨਕ ਹੈ। ਸਭ ਤੋਂ ਵੱਧ ਵਾਧਾ ਯੂਰਪ ਵਿੱਚ ਦੇਖਿਆ ਗਿਆ ਹੈ. ਓਮਿਕਰੋਨ ਦੇ ਉਪ-ਵਰਗ ਦਾ ਫੈਲਣਾ ਅਤੇ ਸੁਰੱਖਿਆ ਪ੍ਰੋਟੋਕੋਲ ਵਿੱਚ ਢਿੱਲ ਕਾਰਨ ਹਨ। ਨਵੇਂ ਆਫਸ਼ੂਟ ਨੂੰ "ਸਟੀਲਥ ਵੇਰੀਐਂਟ" ਕਿਹਾ ਜਾ ਰਿਹਾ ਹੈ ਕਿਉਂਕਿ ਇਸਦੇ ਜੈਨੇਟਿਕ ਪਰਿਵਰਤਨ ਪੀਸੀਆਰ ਟੈਸਟਾਂ ਲਈ ਇਸਨੂੰ ਡੈਲਟਾ ਵੇਰੀਐਂਟ ਤੋਂ ਵੱਖ ਕਰਨਾ ਮੁਸ਼ਕਲ ਬਣਾ ਰਹੇ ਹਨ। ਡੈਨਮਾਰਕ ਦੇ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਉਪ-ਵਰਗ ਓਮਿਕਰੋਨ ਨਾਲੋਂ ਬਹੁਤ ਜ਼ਿਆਦਾ ਸੰਚਾਰਿਤ ਹੈ। ਇਹ ਯੂਰਪ ਵਿੱਚ ਅੱਧੇ ਤੋਂ ਵੱਧ ਨਵੇਂ ਕੇਸਾਂ ਲਈ ਜ਼ੰਮੇਵਾਰ ਹੈ। ਡਬਲਯੂਐਚਓ ਦਾ ਕਹਿਣਾ ਹੈ ਕਿ ਜਿਹੜੇ ਲੋਕ ਪਹਿਲਾਂ ਹੀ ਓਮਿਕਰੋਨ ਦੁਆਰਾ ਸੰਕਰਮਿਤ ਹਨ, ਉਨ੍ਹਾਂ ਨੂੰ ਉਪ-ਵਰਗ ਤੋਂ ਮੁੜ ਸੰਕਰਮਣ ਦੇ ਵਿਰੁੱਧ ਮਜ਼ਬੂਤ ਸੁਰੱਖਿਆ ਹੈ। ਇਸ ਤੋਂ ਇਲਾਵਾ, ਟੀਕੇ ਅਤੇ ਬੂਸਟਰਾਂ ਦਾ ਧੰਨਵਾਦ, ਹਸਪਤਾਲਾਂ ਵਿੱਚ ਭਰਤੀ ਘੱਟ ਅਤੇ ਮੌਤਾਂ ਘੱਟ ਹਨ।

ਏਸ਼ੀਆ ਵਿੱਚ ਵੀ, ਤਾਜ਼ਾ ਸੰਕਰਮਣ ਦੇ ਮਾਮਲੇ ਵੱਧ ਰਹੇ ਹਨ। ਚੀਨ, ਹਾਂਗਕਾਂਗ, ਨਿਊਜ਼ੀਲੈਂਡ ਅਤੇ ਦੱਖਣੀ ਕੋਰੀਆ ਵਿੱਚ ਸਪੁਰਟਸ ਰਜਿਸਟਰ ਕੀਤੇ ਜਾ ਰਹੇ ਹਨ। ਅਸਵੀਕਾਰਨਯੋਗ ਤੱਥ ਇਹ ਹੈ ਕਿ ਤੇਜ਼ੀ ਨਾਲ ਪ੍ਰਸਾਰਿਤ ਉਪ-ਵਿਭਿੰਨਤਾ ਕਿਸੇ ਤਰ੍ਹਾਂ ਭਾਰਤ ਤੱਕ ਪਹੁੰਚ ਜਾਵੇਗੀ। ਇੱਕ ਵਾਰ ਜਦੋਂ ਅੰਤਰਰਾਸ਼ਟਰੀ ਉਡਾਣ ਸੰਚਾਲਨ ਮੁੜ ਸ਼ੁਰੂ ਹੋ ਜਾਂਦਾ ਹੈ, ਤਾਂ ਇਹ ਦਾਖਲ ਹੋਣਾ ਲਾਜ਼ਮੀ ਹੈ। ਕੁਝ ਖੋਜਕਰਤਾਵਾਂ ਦਾ ਸੁਝਾਅ ਹੈ ਕਿ ਮਹਾਂਮਾਰੀ ਦੀ ਅਗਲੀ ਲਹਿਰ ਭਾਰਤ ਵਿੱਚ ਜੂਨ ਦੇ ਅਖੀਰ ਵਿੱਚ ਸ਼ੁਰੂ ਹੋ ਸਕਦੀ ਹੈ ਅਤੇ ਅੱਧ ਅਗਸਤ ਦੇ ਆਸਪਾਸ ਸਿਖਰ 'ਤੇ ਆ ਸਕਦੀ ਹੈ। ਕੁਝ ਵਿਗਿਆਨੀਆਂ ਨੂੰ ਭਰੋਸਾ ਹੈ ਕਿ ਓਮੀਕਰੋਨ ਵਰਗਾ ਨਵਾਂ ਉਪ-ਵਰਗ ਫੇਫੜਿਆਂ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ ਹੈ ਅਤੇ ਇਸ ਲਈ ਮੌਤਾਂ ਦੀ ਗਿਣਤੀ ਘੱਟ ਹੋ ਸਕਦੀ ਹੈ। ਪਰ ਇਸ ਗੱਲ ਦੀ ਕੀ ਗਰੰਟੀ ਹੈ ਕਿ ਭਾਰਤ ਵਿੱਚ ਵਰਤਮਾਨ ਵਿੱਚ ਵਰਤੇ ਜਾ ਰਹੇ ਟੀਕੇ ਗੰਭੀਰ ਸੰਕਰ-ਮਣ ਤੋਂ ਬਚਾ ਸਕਦੇ ਹਨ? ਅਤੇ ਕੀ ਜੇ ਵਾਇਰਸ ਪਰਿਵਰਤਨ ਦਾ ਇਹ ਸਮੇਂ-ਸਮੇਂ ਤੇ ਕ੍ਰਮ ਮੌਸਮੀ ਤਰੰਗਾਂ ਵੱਲ ਖੜਦਾ ਹੈ? ਅਤੇ ਉੱਨਤ ਦੇਸ਼ਾਂ ਵਿੱਚ, ਜ਼ਿਆਦਾਤਰ ਨੇ ਤਿੰਨ ਖੁਰਾਕਾਂ ਪ੍ਰਾਪਤ ਕੀਤੀਆਂ ਹਨ, ਜਿਸ ਵਿੱਚ ਵੈਕਸੀਨ ਦੀ ਘੱਟੋ-ਘੱਟ ਇੱਕ ਖੁਰਾਕ ਸ਼ਾਮਲ ਹੈ, ਅਤੇ ਉਹ ਘੱਟੋ-ਘੱਟ ਲਾਗਾਂ ਤੋਂ ਬਚ ਗਏ ਹਨ। ਭਾਰਤ ਨਾਲ ਅਜਿਹਾ ਨਹੀਂ ਹੋਵੇਗਾ। ਇਸਦੇ ਸਿਖਰ 'ਤੇ, ਸਾਡੇ ਵਿੱਚੋਂ ਬਹੁਤਿਆਂ ਨੇ ਮਾਸਕ ਪਹਿਨਣ ਜਾਂ ਸੈਨੀਟਾਈਜ਼ਰ ਦੀ ਵਰਤੋਂ ਛੱਡ ਦਿੱਤੀ ਹੈ। ਜੇਕਰ ਨਵੇਂ ਉਪ-ਵਰਗ ਦਾ ਪ੍ਰਭਾਵ ਭਾਰਤ ਨੂੰ ਮਾਰਨ 'ਤੇ ਗੰਭੀਰ ਨਹੀਂ ਹੈ, ਤਾਂ ਕੀ ਅਸੀਂ ਇਹ ਫੈਸਲਾ ਕਰਦੇ ਹਾਂ ਕਿ ਤਾਲਾਬੰਦੀ ਅਤੇ ਪਾਬੰਦੀਆਂ ਦੀ ਸਮਾਜਕ ਲਾਗਤ ਨਵੀਂ ਲਹਿਰ ਦੇ ਸੰਭਾਵਿਤ ਨੁਕਸਾਨ ਤੋਂ ਕਿਤੇ ਵੱਧ ਹੈ? ਸਾਨੂੰ ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਵੈਕਸੀਨ-ਪ੍ਰੇਰਿਤ ਪ੍ਰਤੀਰੋਧਕ ਸ਼ਕਤੀ ਦੂਜੀ ਖੁਰਾਕ ਤੋਂ ਛੇ ਮਹੀਨਿਆਂ ਬਾਅਦ ਵੱਡੀ ਗਿਣਤੀ ਵਿੱਚ ਘੱਟ ਸਕਦੀ ਹੈ ਅਤੇ ਭਵਿੱਖ ਵਿੱਚ ਗੰਭੀਰ ਲਾਗ ਤੋਂ ਬਚਣ ਲਈ ਉਹਨਾਂ ਨੂੰ ਬੂਸਟਰ ਖੁਰਾਕ ਦੀ ਲੋੜ ਹੁੰਦੀ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

# ਤੂੜੀ ਵਾਲਾ ਕੋਠਾ

ਇਹ ਗੱਲ ਉਸ ਸਮੇਂ ਦੀ ਹੈ, ਜਦੋਂ ਚਾਹ ਪੱਤੀ ਬਾਜ਼ਾਰਾਂ ਵਿੱਚ ਲੱਕੜ ਜਾਂ ਕਹਿ ਲਈਏ ਹਲਕੀ ਪਲਾਈ ਦੀਆਂ ਬਣੀਆਂ ਚੌਰਸ ਪੇਟੀਆਂ ਵਿੱਚ ਆਉਂਦੀ ਸੀ। ਮੇਰੀਆਂ ਵੀ ਕਈ ਯਾਦਾਂ ਜੁੜੀਆਂ ਨੇ ਇਸ ਚਾਹ ਪੱਤੀ ਦੀਆਂ ਬਣੀਆਂ ਚੌਰਸ ਪੇਟੀਆਂ ਨਾਲ, ਜੋ ਕਰੀਬ ਦੋ ਢਾਈ ਫੁੱਟ ਹਲਕੀ ਪਲਾਈ ਦੀ ਚੌਰਸ ਅਕਾਰ ਦੀ ਅਤੇ ਚਾਰੇ ਪਾਸਿਓਂ ਇੱਕ ਲੋਹੇ ਦੀ ਪੱਤਰੀ ਨਾਲ ਮੜ੍ਹੀ ਹੁੰਦੀ ਸੀ। ਇਸ ਵਿੱਚ ਇੱਕ ਵੱਡਾ ਮੋਮੀ ਕਾਗਜ਼ ਹੁੰਦਾ ਸੀ, ਜਿਸ ਵਿੱਚ ਖੁੱਲ੍ਹੀ ਚਾਹ ਪੱਤੀ ਹੁੰਦੀ ਅਤੇ ਉਤਲੇ ਪਾਸੇ ਇੱਕ ਵੱਡੇ ਫੋਆਇਲ ਪੇਪਰ ਨਾਲ ਸੀਲ ਕਰ ਉਪਰ ਫਿਰ ਪਲਾਈ ਲਾਈ ਹੁੰਦੀ ਸੀ।

ਖੈਰ, ਅਸਲ ਗੱਲ ਕਹਾਣੀ ਤਾਂ ਉਨ੍ਹਾਂ ਭਲਿਆਂ ਵੇਲਿਆਂ ਵਿੱਚ ਔਖੇ ਸੌਖੇ ਹੋ ਕੇ ਪਾਏ 'ਤੂੜੀ ਵਾਲੇ ਕੋਠੇ' ਦੀ ਹੈ, ਜਦੋਂ ਲੋਕਾਂ ਕੋਲ ਜ਼ਿੰਦਗੀ ਬਸਰ ਕਰਨ ਲਈ ਸੀਮਤ ਸਾਧਨ, ਸੀਮਤ ਆਮਦਨ ਤੇ ਸੀਮਤ ਜਿਹੇ ਖਰਚੇ ਸਨ। ਕੱਚਾ ਕੋਠਾ ਪਾਉਣਾ ਵੀ ਬੜਾ ਮਿਹਨਤ ਅਤੇ ਸੁਚੱਜ ਦਾ ਕੰਮ ਸੀ। ਇੱਥੇ ਚਾਹ ਪੱਤੀ ਵਾਲੀ ਪੇਟੀ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਸੀ। ਗੱਲ ਕਰਦੇ ਹਾਂ, ਜਦੋਂ ਉਹ ਸਿੱਧੇ-ਪੱਧਰੇ ਅਤੇ ਸਾਦੇ ਵੇਲੇ ਹੁੰਦੇ ਸਨ, ਉਨ੍ਹਾਂ ਭਲਿਆਂ ਵੇਲਿਆਂ ਵਿੱਚ ਘਰ ਪਾਲੇ ਕੱਟੇ, ਵੱਛੇ, ਮੱਝਾਂ, ਗਾਵਾਂ ਨਾਲ ਪਿਆਰ ਹੁੰਦਾ ਸੀ। ਆਪਣੇ ਰਹਿਣ ਲਈ ਬਣਾਈ ਥਾਂ ਨਾਲੋਂ ਮਾਲ-ਡੰਗਰ ਦੇ ਰੱਖ-ਰਖਾਓ ਦਾ ਵਧੇਰੇ ਫਿਕਰ ਹੁੰਦਾ ਅਤੇ ਨਾਲ ਹੀ ਉਨ੍ਹਾਂ ਦੇ ਕੱਖ ਕੰਡੇ ਅਤੇ ਤੂੜੀ ਤੰਦ ਦੀ ਸਾਂਭ-ਸੰਭਾਲ ਦਾ ਵੀ।ਸੀਮਤ ਜਿਹੀ ਆਮਦਨ ਤੇ ਸੀਮਤ ਜਿਹੇ ਖਰਚ ਨਾਲ ਠੀਕ-ਠਾਕ ਜਿਹਾ ਗੁਜ਼ਾਰਾ ਹੋਈ ਜਾਂਦਾ ਸੀ, ਮੁਸ਼ਕਲ ਉਦੋਂ ਹੁੰਦੀ ਜਦੋਂ ਕੋਈ ਵੱਡਾ ਖਰਚਾ ਅਚਾਨਕ ਆ ਘੇਰਦਾ ਤੇ ਘਰ ਦਾ ਲਾਣੇਦਾਰ ਫਿਕਰਾਂ ਨਾਲ ਡੁੱਬ ਜਾਂਦਾ। ਉਹ ਆਪਣੀ ਫਿਕਰ ਦਾ ਜ਼ਿਕਰ ਕਿਸੇ ਕੋਲ ਨਾ ਕਰ ਕੇ ਸਿਰ ਪਈ ਸਮੱਸਿਆ ਦਾ ਹੱਲ ਲੱਭਣ ਵਿੱਚ ਜੁਟ ਜਾਂਦਾ। ਇੱਕ ਪਾਸੇ ਪੈਸੇ-ਟਕੇ ਤੋਂ ਹੱਥ ਤੰਗ ਤੇ ਦੂਜੇ ਪਾਸੇ ਅਚਾਨਕ ਖਸਤਾ ਹਾਲਤ ਹੋਏ ਤੂੜੀ ਵਾਲੇ ਕੋਠੇ ਦਾ ਢਹਿ ਜਾਣਾ ਕਿਸੇ ਅਚਨਚੇਤ ਆਈ ਮੁਸੀਬਤ ਤੋਂ ਘੱਟ ਨਹੀਂ ਸੀ। ਹਾੜ੍ਹੀ ਦਾ ਫਸਲ ਦੀ ਸੰਭਾਲ ਮਗਰੋਂ ਸਭ ਤੋਂ ਪਹਿਲਾ ਕੰਮ ਮਾਲ ਡੰਗਰ ਲਈ ਸਾਰੇ ਸਾਲ ਭਰ ਦੇ ਤੂੜੀ-ਤੰਦ ਦੀ ਸਾਂਭ ਸੰਭਾਲ ਦਾ ਹੁੰਦਾ।

ਜ਼ਿੰਦਗੀ ਮਿੰਨੀ-ਮਿੰਨੀ ਚਾਲੇ ਚੱਲ ਰਹੀ ਸੀ, ਪੰਜ-ਚਾਰ ਮੱਝਾਂ, ਗਾਵਾਂ ਨਾਲ ਦਸ-ਬਾਰਾਂ ਕਿੱਲਿਆਂ ਦੀ ਖੇਤੀ, ਪਰ ਉਨ੍ਹਾਂ ਸਮਿਆਂ ਵਿੱਚ ਪੈਸੇ ਟਕੇ ਦੀ ਅਕਸਰ ਤੰਗੀ ਰਹਿੰਦੀ ਤੇ ਖੇਤੀ ਦੀ ਸੀਮਤ ਜਿਹੀ ਆਮਦਨ ਤੋਂ ਘਰ ਦੇ ਖਰਚ ਚਲਾਉਣੇ ਬੜੇ ਮੁਸ਼ਕਲ ਹੁੰਦੇ ਸਨ। ਹਾੜ੍ਹੀ ਦੀ ਫਸਲ ਆਉਣ ਤੋਂ ਪਹਿਲਾਂ ਤੂੜੀ ਵਾਲੇ ਕੋਠੇ ਦਾ ਢਹਿ ਜਾਣਾ ਸਾਡੇ ਲਈ ਕਿਸੇ ਮਹਿਲ ਦੇ ਢਹਿ ਜਾਣ ਤੋਂ ਘੱਟ ਨਹੀਂ ਸੀ ਅਤੇ ਸਭ ਤੋਂ ਜ਼ਰੂਰੀ ਸੀ ਇਸ ਕੋਠੇ ਦੀ ਮੁੜ ਉਸਾਰੀ। ਇਹ ਇਸ ਲਈ ਵੀ ਜ਼ਰੂਰੀ ਸੀ ਕਿ ਇਸ ਕੋਠੇ ਵਿੱਚ ਇੱਕਾ-ਦੁੱਕਾ ਖੇਤੀ ਦੇ ਸੰਦਾਂ ਤੋਂ ਬਿਨਾਂ ਡੰਗਰ, ਵੱਛਾ ਵੀ ਬੰਨ੍ਹ ਲਿਆ ਜਾਂਦਾ ਅਤੇ ਇਸ ਨੂੰ ਅਸੀਂ ਤੂੜੀ ਵਾਲਾ ਕੋਠਾ ਤਾਂ ਕਹਿੰਦੇ ਹੀ ਸਾਂ ਤੇ ਨਾਲ ਹੀ ਇਸ ਨੂੰ ਡੰਗਰਾਂ ਵਾਲਾ ਅੰਦਰ ਵੀ ਕਹਿ ਲਿਆ ਕਰਦੇ ਸਾਂ।

ਪਿੰਡ ਦੇ ਅੱਧ ਸੁੱਕੇ ਟੋਭੇ ਤੋਂ ਲਿਆਂਦੀ ਮਿੱਟੀ ਨਾਲ ਅਸਾਂ ਤੂੜੀ ਵਾਲੇ ਕੋਠੇ ਦੀਆਂ ਕੰਧਾਂ ਦੀ ਚਿਣਾਈ ਸ਼ੁਰੂ ਕਰ ਦਿੱਤੀ, ਕੰਧਾਂ ਦੀ ਉਸਾਰੀ ਲਈ ਇੱਟ ਪੂਰੀ-ਸੂਰੀ ਸੀ। ਜੋ ਟੋਟਾ, ਦੇਹਲੀ, ਅੱਧੀ ਪੌਣੀ ਇੱਟ ਸੀ ਸਾਰੀ ਕੰਧਾਂ ਦੀ ਚਿਣਾਈ ਵਿੱਚ ਲੱਗਾ, ਕੰਧਾਂ ਤਕਰੀਬਨ ਅੱਠ-ਨੌਂ ਫੁੱਟ ਉੱਚੀਆਂ ਕਰ ਲਈਆਂ। ਜਮੋਏ ਦੀ ਲੱਕੜ ਦੇ ਤਿੰਨ ਸ਼ਤੀਰਾਂ ਨਾਲ ਚਾਰ ਖਣਾਂ ਦਾ ਤੂੜੀ ਵਾਲਾ ਕੋਠਾ ਖੜ੍ਹਾ ਕਰ ਲਿਆ, ਪਰ ਕੋਠੇ ਦੀਆਂ ਕੰਧਾਂ ਉੱਤੇ ਰੱਖੇ ਛੱਤ ਪਾਉਣ ਲਈ ਸ਼ਤੀਰਾਂ ਉੱਤੇ ਪੂਰੇ-ਸੂਰੇ ਬਾਲਿਆਂ ਤੋਂ ਇਲਾਵਾ ਹੋਰ ਕੁਝ ਨਹੀਂ ਸੀ। ਉਂਝ ਕੋਠੇ ਦੀਆਂ ਕੰਧਾਂ ਉੱਤੇ ਸ਼ਤੀਰ, ਸ਼ਤੀਰਾਂ ਉੱਤੇ ਬਾਲੇ ਅਤੇ ਬਾਲਿਆਂ ਉੱਤੇ ਇੱਟ-ਟਾਈਲ ਹੀ ਪੈਣੀ ਚਾਹੀਦੀ ਸੀ, ਪਰ ਤੰਗਦਸਤੀ ਕਾਰਨ ਕਿਤੋਂ ਵੀ ਨਵੀਂ-ਪੁਰਾਣੀ ਇੱਟ-ਟਾਇਲ ਲਿਆਉਣ ਦੀ ਹਿੰਮਤ ਨਹੀਂ ਪਈ।

ਇਸ ਤਰ੍ਹਾਂ ਕਿਵੇਂ ਵੀ ਇੱਟ-ਟਾਈਲ ਦਾ ਪ੍ਰਬੰਧ ਨਹੀਂ ਸੀ ਹੋ ਰਿਹਾ। ਅਚਾਨਕ ਖੱਦਰ ਦੇ ਗਲਾਸ ਵਿੱਚ ਚਾਹ ਪੀਂਦੇ ਸਾਡੇ ਲਾਣੇਦਾਰ ਦੇ ਦਿਮਾਗ ਵਿੱਚ ਸਕੀਮ ਆਈ ਕਿ ਕਿਉਂ ਨਾ ਬਾਲਿਆਂ ਦੀ ਛੱਤ ਉੱਤੇ ਚਾਹ ਪੱਤੀ ਦੀਆਂ ਪੇਟੀਆਂ ਦੀ ਪਲਾਈ ਪਾ ਦਿੱਤੀ ਜਾਵੇ। ਬੱਸ, ਦਿਨ ਚੜ੍ਹਦੇ ਹੀ ਅਸੀਂ ਲਾਣੇਦਾਰ ਨਾਲ ਸ਼ਹਿਰ ਨੂੰ ਹੋ ਤੁਰੇ ਅਤੇ ਪੰਜ-ਸੱਤ ਪਰਚੂਨ ਦੀਆਂ ਹੱਟੀਆਂ ਤੋਂਅੱਠ-ਦਸ ਚਾਹ ਪੱਤੀ ਦੀਆਂ ਖਾਲੀ ਪੇਟੀਆਂ ਦਾ ਪ੍ਰਬੰਧ ਕਰ ਕੇ ਸ਼ਾਮ ਤੱਕ ਘਰ ਪਰਤ ਆਏ। ਪੱਤੀ ਦੀਆਂ ਖਾਲੀ ਪੇਟੀਆਂ ਖੋਲ੍ਹਕੇ ਉਨ੍ਹਾਂ ਦੀ ਕੱਚੀ ਪੱਕੀ ਪਲਾਈ ਰੱਖ ਦਿੱਤੀ ਤੇ ਨਾਲ ਉਨ੍ਹਾਂ ਚਾਹ ਪੱਤੀ ਦੀਆਂ ਖਾਲੀ ਪੇਟੀਆਂ ਵਿੱਚੋਂ ਨਿਕਲਿਆ ਮੋਮੀ ਕਾਗਜ ਉਤੇ ਵਿਛਾ ਦਿੱਤਾ। ਕੋਠੇ ਦਾ ਸਾਡਾ ਫਿਕਰ ਮੁੱਕਣ ਕੰਢੇ ਸੀ। ਬਾਲਿਆਂ ਉੱਤੇ ਰੱਖੀ ਚਾਹ ਪੱਤੀ ਦੀਆਂ ਪੇਟੀਆਂ ਦੀ ਪਲਾਈ ਅਤੇ ਮੋਮੀ ਕਾਗਜ਼ ਤੋਂ ਬਾਅਦ ਟੋਭੇ ਤੋਂ ਲਿਆਂਦੀ ਮਿੱਟੀ ਵਿੱਚ ਤੂੜੀ ਰਲਾ ਕੇ ਹੌਲੀ-ਹੌਲੀ ਬਾਲਿਆਂ, ਸ਼ਤੀਰਾਂ ਉੱਤੇ ਪੈਰ ਟਿਕਾ ਮਿੱਟੀ ਪਾਉਣ ਮਗਰੋਂ ਉਪਰ ਮਿੱਟੀ ਤੂੜੀ ਰਲਾ ਪੋਚਾ ਲਾ ਦਿੱਤਾ ਤੇ ਸਾਡਾ ਤੂੜੀ ਵਾਲਾ ਕੋਠਾ ਤਿਆਰ ਹੋ ਗਿਆ।

ਫਿਰ ਅਸਾਂ ਉਹ ਇੱਕ ਦਰਵਾਜ਼ੇ ਉੱਤੇ ਇੱਕ ਛੋਟੀ ਜਿਹੀ ਖਿੜਕੀ ਵਾਲਾ ਕੋਠਾ ਤੂੜੀ ਨਾਲ ਭਰ ਦਿੱਤਾ। ਮੈਨੂੰਯਾਦ ਹੈ ਕਿ ਉਹ ਤੂੜੀ ਵਾਲਾ ਕੋਠਾ ਆਪਣੀ ਜਗ੍ਹਾ ਬਾਰ੍ਹਾਂ-ਤੇਰ੍ਹਾਂ ਸਾਲ ਜਿਉਂ ਦਾ ਤਿਉਂ ਖੜ੍ਹਾ ਰਿਹਾ, ਨਾ ਢਹਿਆ ਤੇ ਨਾ ਹੀ ਮੀਂਹ-ਕਣੀ ਵਿੱਚ ਕਦੀ ਚੋਇਆ। ਹਾਂ, ਇੱਕ ਸਖਤ ਹਦਾਇਤ ਸੀ ਸਭ ਨੂੰ ਕਿ ਤੂੜੀ ਵਾਲੇ ਕੋਠੇ ਉੱਤੇ ਕਿਸੇ ਚੜ੍ਹਨਾ ਨਹੀਂ।

# ਫਿਲਮੀ ਦੁਨੀਆ

## ਰਵੀਨਾ ਕਰੇਗੀ ਵਾਪਸੀ, ਅਰਬਾਜ਼ ਖ਼ਾਨ ਪ੍ਰੋਡਕਸ਼ਨ ਬੈਨਰ ਹੇਠ ਬਣੇਗੀ ਫ਼ਿਲਮ



ਬਾਲੀਵੁੱਡ ਦੀ ਦਿੱਗਜ ਅਦਾਕਾਰਾ ਰਵੀਨਾ ਟੰਡਨ ਖ਼ੂਬਸੂਰਤ ਅਦਾਕਾਰਾ ’ਚੋਂ ਇਹ ਹੈ। ਅਦਾਕਾਰਾ ਦੀ ਦਮਦਾਰ ਅਦਾਕਾਰੀ ਨੂੰ ਹਰ ਕੋਈ ਬੇਹੱਦ ਪਸੰਦ ਕਰਦਾ ਹੈ। ਕਾਫ਼ੀ ਲੰਮੇ ਸਮੇਂ ਤੋਂ ਫ਼ਿਲਮਾਂ ਤੋਂ ਦੂਰ ਰਹੀ ਰਵੀਨਾ ਟੰਡਨ ਜਦੋਂ ‘ਕੇ.ਜੀ.ਐੱਫ਼ ਚੈਪਟਰ 2’ ’ਚ ਪ੍ਰਧਾਨ ਮੰਤਰੀ ਦੀ ਭੂਮਿਕਾ ’ਚ ਨਜ਼ਰ ਆਈ ਤਾਂ ਲੋਕਾਂ ਨੇ ਉਸ ਨੂੰ ਪ੍ਰਧਾਨ ਮੰਤਰੀ ਦੇ ਕਿਰਦਾਰ ’ਚ ਕਾਫੀ ਪਸੰਦ ਕੀਤਾ। ਇਸ ਤੋਂ ਬਾਅਦ ਉਸ ਨੇ ਨੈੱਟਫਲਿਕਸ ਦੀ ਵੈੱਬ ਸੀਰੀਜ਼ ‘ਆਰਣਯਕ’ ’ਚ ਪੁਲਸ ਅਫ਼ਸਰ ਦੀ ਭੂਮਿਕਾ ’ਚ ਵੀ ਆਪਣਾ ਪ੍ਰਭਾਵ ਛੱਡਿਆ। ਹੁਣ ਹਿੰਦੀ ਸਿਨੇਮਾ ’ਚ ਵੱਡੇ ਪਰਦੇ ’ਤੇ ਉਸ ਦੀ ਜ਼ਬਰਦਸਤ ਵਾਪਸੀ ਫ਼ਿਲਮ ‘ਪਟਨਾ ਸ਼ੁਕਲਾ’ ਨਾਲ ਹੋਣ ਜਾ ਰਹੀ ਹੈ।

ਦੱਸ ਦੇਈਏ ਕਿ ਅਰਬਾਜ਼ ਖ਼ਾਨ ਆਪਣੀ ਪ੍ਰੋਡਕਸ਼ਨ ਕੰਪਨੀ ਅਰਬਾਜ਼ ਖ਼ਾਨ ਪ੍ਰੋਡਕਸ਼ਨ ਦੇ ਬੈਨਰ ਹੇਠ ‘ਪਟਨਾ ਸ਼ੁਕਲਾ’ ਬਣਾਉਣ ਜਾ ਰਹੇ ਹਨ। ‘ਪਟਨਾ ਸ਼ੁਕਲਾ’ ਨੂੰ ਵਿਵੇਕ ਬੁਡਾਕੋਟੀ ਡਾਇਰੈਕਟ ਕਰਨ ਜਾ ਰਹੇ ਹਨ।

ਅਰਬਾਜ਼ ਖ਼ਾਨ ਦਾ ਕਹਿਣਾ ਹੈ ਕਿ ‘ਜਦੋਂ ਵਿਵੇਕ ਬੁਡਾਕੋਟੀ ਸਾਡੇ ਲਈ ‘ਪਟਨਾ ਸ਼ੁਕਲਾ’ ਦੀ ਸਕ੍ਰਿਪਟ ਲੈ ਕੇ ਆਏ ਤਾਂ ਮੈਨੂੰ ਫ਼ਿਲਮ ਦੀ ਕਹਾਣੀ ਬਹੁਤ ਪਸੰਦ ਆਈ। ਇਸ ਫ਼ਿਲਮ ਦਾ ਵਿਸ਼ਾ ਸਮਾਜਿਕ ਮੁੱਦੇ ’ਤੇ ਹੈ। ਇਸ ਫ਼ਿਲਮ ’ਚ ਰਵੀਨਾ ਟੰਡਨ ਮੁੱਖ ਭੂਮਿਕਾ ਨਿਭਾਉਂਦੀ ਨਜ਼ਰ ਆਵੇਗੀ।

ਇਸ ਦੇ ਨਾਲ ਉਨ੍ਹਾਂ ਕਿਹਾ ਕਿ ‘ਰਵੀਨਾ ਟੰਡਨ ਨੇ ਆਪਣੇ ਕਰੀਅਰ ’ਚ ਇਕ ਤੋਂ ਵਧ ਕੇ ਇਕ ਸ਼ਾਨਦਾਰ ਫ਼ਿਲਮਾਂ ’ਚ ਕੰਮ ਕੀਤਾ ਹੈ। ਇਹ ਫ਼ਿਲਮ ਉਨ੍ਹਾਂ ਦੇ ਕਰੀਅਰ ਦੀ ਸਭ ਤੋਂ ਵਧੀਆ ਫ਼ਿਲਮ ਵੀ ਸਾਬਤ ਹੋਵੇਗੀ।’

ਇਸ ਦੇ ਨਾਲ ਦੱਸ ਦੇਈਏ ਕਿ ਰਵੀਨਾ ਟੰਡਨ ਤੋਂ ਇਲਾਵਾ ‘ਪਟਨਾ ਸ਼ੁਕਲਾ’ ’ਚ ਸਤੀਸ਼ ਕੌਸ਼ਿਕ, ਮਾਨਵ ਵਿੱਜ, ਚੰਦਨ ਰਾਏ ਸਾਨਿਆਲ, ਜਤਿਨ ਗੋਸਵਾਮੀ ਅਤੇ ਅਨੁਸ਼ਕਾ ਕੌਸ਼ਿਕ ਵੀ ਮੁੱਖ ਭੂਮਿਕਾਵਾਂ ’ਚ ਹਨ।

## ਆਯੂਸ਼ਮਾਨ ਦੀ ਫ਼ਿਲਮ ‘ਡਾਕਟਰ ਜੀ’ 14 ਅਕਤੂਬਰ ਨੂੰ ਹੋਵੇਗੀ ਰਿਲੀਜ਼



ਬੌਲੀਵੁੱਡ ਅਦਾਕਾਰ ਆਯੂਸ਼ਮਾਨ ਖੁਰਾਣਾ ਦੀ ਆਉਣ ਵਾਲੀ ਕਾਮੇਡੀ ਤੇ ਡਰਾਮਾ ਫ਼ਿਲਮ ‘ਡਾਕਟਰ ਜੀ’ ਅਗਲੇ ਮਹੀਨੇ 14 ਅਕਤੂਬਰ ਨੂੰ ਸਿਨੇਮਾਘਰਾਂ ਦਾ ਸ਼ਿੰਗਾਰ ਬਣੇਗੀ। ‘ਡਾਕਟਰ ਜੀ’ ਵਿੱਚ ਆਯੂਸ਼ਮਾਨ ਮੈਡੀਕਲ ਦੇ ਵਿਦਿਆਰਥੀ ਵਜੋਂ ਭੂਮਿਕਾ ਨਿਭਾਅ ਰਿਹਾ ਹੈ। ਅਦਾਕਾਰ ਨੇ ਫਿਲਮ ਦਾ ਪਹਿਲਾ ਪੋਸਟਰ ਜਾਰੀ ਕਰ ਦਿੱਤਾ ਹੈ। ਫ਼ਿਲਮ ਵਿੱਚ ਉਸ ਦੇ ਮੈਡੀਕਲ ਦੀ ਪੜ੍ਹਾਈ ਤੋਂ ਲੈ ਕੇ ‘ਪੁਰਸ਼ ਗਾਇਨੀਕੋਲੋਜਿਸਟ’ ਬਣਨ ਤੱਕ ਸਫ਼ਰ ਨੂੰ ਦਿਖਾਇਆ ਗਿਆ ਹੈ। ‘ਡਾਕਟਰ ਜੀ’ ਵਿੱਚ ਡਾ. ਫਾਤਿਮਾ ਸਿੱਦੀਕੀ ਦਾ ਕਿਰਦਾਰ ਰਕੁਲਪ੍ਰੀਤ ਸਿੰਘ, ਡਾ. ਨੰਦਨੀ ਸ੍ਰੀਵਾਸਤਵ ਦਾ ਸ਼ੇਫਾਲੀ ਅਤੇ ਆਯੂਸ਼ਮਾਨ ਦੀ ਮਾਂ ਦਾ ਅਹਿਮ ਕਿਰਦਾਰ ਸ਼ੀਬਾ ਚੱਢਾ ਨਿਭਾਏਗੀ। ਆਯੂਸ਼ਮਾਨ ਖੁਰਾਣਾ ਨੇ ਸੋਸ਼ਲ ਮੀਡੀਆ ’ਤੇ ‘ਡਾਕਟਰ ਜੀ’ ਦਾ ਪੋਸਟਰ ਜਾਰੀ ਕਰਦਿਆਂ ਕਿਹਾ, “ਮੇਰੀ ਜ਼ਿੰਦਗੀ ਪੂਰੀ ਗੂਗਲੀ ਹੈ, ਬਣਨਾ ਸੀ ਓਰਥੋਪੈਡਿਕਸ ਪਰ ਬਣ ਗਿਆ ਡਾਕਟਰਜੀ”, ਜੋ ਤੁਹਾਨੂੰ ਮਿਲਣ ਦਾ ਸਮਾਂ ਦੇਣ ਲਈ ਤਿਆਰ ਹੈ ਅਤੇ ਡਾਕਟਰ ਜੀ ਤੁਹਾਨੂੰ 14 ਅਕਤੂਬਰ ਤੋਂ ਸਿਨੇਮਾ ਘਰਾਂ ਵਿੱਚ ਮਿਲੇਗਾ।” ਇਹ ਫਿਲਮ ਅਨੁਭੂਤੀ ਕਸ਼ਯਪ ਵੱਲੋਂ ਨਿਰਦੇਸ਼ਿਤ ਕੀਤੀ ਗਈ ਹੈ।

## ਇਕ ਮਹਿਲਾ ਦੇ ਦ੍ਰਿੜ੍ਹ ਵਿਸ਼ਵਾਸ ਦੀ ਤਾਕਤ ਨੂੰ ਬਿਆਨ ਕਰੇਗੀ ਫ਼ਿਲਮ ‘ਮਜ਼ਾ ਮਾ’



ਭਾਰਤ ਦੇ ਸਭ ਤੋਂ ਪਸੰਦੀਦਾ ਐਂਟਰਟੇਨਮੈਂਟ ਹੱਬ ਪ੍ਰਾਈਮ ਵੀਡੀਓ ਨੇ ਆਪਣੀ ਪਹਿਲੀ ਭਾਰਤੀ ਐਮਾਜ਼ੋਨ ਆਰੀਜਨਲ ਮੂਵੀ ‘ਮਜ਼ਾ ਮਾ’ ਦੇ ਵਰਲਡ ਪ੍ਰੀਮੀਅਰ ਦਾ ਐਲਾਨ ਕੀਤਾ ਹੈ। ਲੀਓ ਮੀਡੀਆ ਕਲੈਕਟਿਵ ਤੇ ਅੰਮ੍ਰਿਤਪਾਲ ਸਿੰਘ ਬਿੰਦਰਾ ਵਲੋਂ ਨਿਰਮਿਤ, ਆਨੰਦ ਤਿਵਾਰੀ ਵਲੋਂ ਨਿਰਦੇਸ਼ਿਤ ਤੇ ਸੁਮਿਤ ਬਥੇਜਾ ਵਲੋਂ ਲਿਖਿਤ ‘ਮਜ਼ਾ ਮਾ’ ਇਕ ਪਰਿਵਾਰਕ ਮਨੋਰੰਜਨ ਹੈ। ਮਾਧੁਰੀ ਦੀਕਸ਼ਿਤ ਮੁੱਖ ਭੂਮਿਕਾ ’ਚ ਹੈ। ਫ਼ਿਲਮ ’ਚ ਗਜਰਾਜ ਰਾਓ, ਰਿਤਵਿਕ ਭੌਮਿਕ, ਬਰਖਾ ਸਿੰਘ, ਸ੍ਰਿਸ਼ਟੀ ਸ਼੍ਰੀਵਾਸਤਵ, ਰਜਿਤ ਕਪੂਰ, ਸ਼ੀਬਾ ਚੱਢਾ, ਸਿਮੋਨ ਸਿੰਘ, ਮਲਹਾਰ ਠਾਕਰ ਤੇ ਨਿਨਾਦ ਕਾਮਤ ਵਰਗੇ ਕਲਾਕਾਰ ਅਹਿਮ ਕਿਰਦਾਰਾਂ ’ਚ ਹਨ। ਪ੍ਰਾਈਮ ਮੈਂਬਰਸ ਭਾਰਤ ਤੇ 240 ਤੋਂ ਵੱਧ ਦੇਸ਼ਾਂ ਤੇ ਖੇਤਰਾਂ ’ਚ ਇਸ ਬਹੁ-ਉਡੀਕੀ ਜਾਣ ਵਾਲੀ ਹਿੰਦੀ ਐਮਾਜ਼ੋਨ ਆਰੀਜਨਲ ਫ਼ਿਲਮ ਨੂੰ 6 ਅਕਤੂਬਰ ਤੋਂ ਸਟ੍ਰੀਮ ਕਰ ਸਕਦੇ ਹਨ। ਅਪਰਨਾ ਪੁਰੋਹਿਤ ਮੁਖੀ, ਇੰਡੀਆ ਆਰੀਜਨਲਜ਼, ਪ੍ਰਾਈਮ ਵੀਡੀਓ ਨੇ ਕਿਹਾ, “ਫ਼ਿਲਮ ‘ਮਜ਼ਾ ਮਾ’ ਅਨੇਕਾਂ ਆਰੀਜਨਲ ਫ਼ਿਲਮਾਂ ’ਚੋਂ ਪਹਿਲੀ ਹੈ, ਜੋ ਸਿੱਧੇ ਸਾਡੀ ਸਰਵਿਸ ’ਤੇ ਲਾਂਚ ਹੋਵੇਗੀ।




## ‘ਟਾਈਟੈਨਿਕ’ ਅਦਾਕਾਰਾ ਕੇਟ ਵਿੰਸਲੇਟ ਸ਼ੂਟਿੰਗ ਦੌਰਾਨ ਹੋਈ ਜ਼ਖ਼ਮੀ

ਹਾਲੀਵੁੱਡ ਅਦਾਕਾਰਾ ਕੇਟ ਵਿੰਸਲੇਟ ਫਿਲਮ ਦੀ ਸ਼ੂਟਿੰਗ ਦੌਰਾਨ ਜ਼ਖਮੀ ਹੋ ਗਈ। ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਹਸਪਤਾਲ 'ਚ ਭਰਤੀ ਹੋਣ ਕਾਰਨ ਫਿਲਮ ਦੀ ਸ਼ੂਟਿੰਗ ਰੁਕ ਗਈ ਹੈ। ਉਹ ਕ੍ਰੋਏਸ਼ੀਆ 'ਚ ਬਾਇਓਪਿਕ 'ਲੀ' ਦੀ ਸ਼ੂਟਿੰਗ ਕਰ ਰਹੀ ਸੀ



ਹਾਲੀਵੁੱਡ ਸਟਾਰ ਅਤੇ 'ਟਾਈਟੈਨਿਕ' ਦੀ ਮੁੱਖ ਅਦਾਕਾਰਾ ਕੇਟ ਵਿੰਸਲੇਟ ਆਉਣ ਵਾਲੀ ਫਿਲਮ ਦੀ ਸ਼ੂਟਿੰਗ ਦੌਰਾਨ ਜ਼ਖਮੀ ਹੋ ਗਈ। ਉਨ੍ਹਾਂ ਦਾ ਐਕਸੀਡੈਂਟ ਹੋ ਗਿਆ, ਜਿਸ ਕਾਰਨ ਉਸ ਦੀ ਲੱਤ 'ਤੇ ਗੰਭੀਰ ਸੱਟਾਂ ਲੱਗੀਆਂ ਹਨ। ਉਹ ਅਨੁਭਵੀ ਅਮਰੀਕੀ ਫੋਟੋ ਜਰਨਲਿਸਟ ਲੀ ਮਿਲਰ ਦੀ ਬਾਇਓਪਿਕ ਦੀ ਸ਼ੂਟਿੰਗ ਕਰ ਰਹੀ ਸੀ। ਫਿਲਮ ਦੀ ਸ਼ੂਟਿੰਗ ਕਰੋਸ਼ੀਆ ਦੇ ਕੁਪਾਰੀ ਪਿੰਡ 'ਚ ਹੋ ਰਹੀ ਸੀ ਅਤੇ ਇਸ ਦੌਰਾਨ ਉਹ ਫਿਸਲ ਗਈ। 46 ਸਾਲਾ ਅਦਾਕਾਰਾ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਦੀ ਲੱਤ 'ਤੇ ਗੰਭੀਰ ਸੱਟਾਂ ਲੱਗੀਆਂ ਹਨ।

ਕ੍ਰੋਏਸ਼ੀਅਨ ਪ੍ਰੈਸ ਦੁਆਰਾ ਸ਼ੇਅਰ ਕੀਤੀਆਂ ਗਈਆਂ ਫੋਟੋਆਂ ਵਿੱਚ, ਇਹ ਦੇਖਿਆ ਜਾ ਸਕਦਾ ਹੈ ਕਿ ਕੇਟ ਵਿੰਸਲੇਟ ਕਈ ਲੋਕਾਂ ਦੇ ਨਾਲ ਇੱਕ ਕਾਲੇ ਰੰਗ ਦੀ ਵੈਨ ਵਿੱਚ ਡਬਰੋਵਨਿਕ ਹਸਪਤਾਲ ਪਹੁੰਚੀ। ਬਾਅਦ ਵਿੱਚ ਘਟਨਾ ਨਾਲ ਸਬੰਧਤ ਇੱਕ ਬਿਆਨ ਵੀ ਜਾਰੀ ਕੀਤਾ ਗਿਆ। ਬਿਆਨ ਵਿੱਚ ਲਿਖਿਆ ਹੈ, "ਕੇਟ ਫਿਸਲ ਗਈ ਅਤੇ ਪ੍ਰੋਡਕਸ਼ਨ ਉਨ੍ਹਾਂ ਨੂੰ ਜ਼ਰੂਰੀ ਸਾਵਧਾਨੀ ਦੇ ਇਲਾਜ ਲਈ ਹਸਪਤਾਲ ਲੈ ਗਿਆ। ਉਹ ਠੀਕ ਹੈ ਅਤੇ ਯੋਜਨਾ ਅਨੁਸਾਰ ਇਸ ਹਫਤੇ ਸ਼ੂਟ ਕਰੇਗੀ।”

ਦੋ ਸਾਲ ਪਹਿਲਾਂ, ਸਾਲ 2020 ਵਿੱਚ, ਇਹ ਘੋਸ਼ਣਾ ਕੀਤੀ ਗਈ ਸੀ ਕਿ ਕੇਟ ਵਿੰਸਲੇਟ ਵੋਗ ਕਵਰ ਮਾਡਲ ਤੋਂ ਜੰਗੀ ਪੱਤਰਕਾਰ ਲੀ ਮਿਲਰ ਦੀ ਬਾਇਓਪਿਕ ਵਿੱਚ ਮੁੱਖ ਅਦਾਕਾਰਾ ਹੋਵੇਗੀ। ਫਿਲਮ ਦਾ ਨਾਂ 'ਲੀ' ਹੋਵ-ੇਗਾ। ਫਿਲਮ ਫੋਟੋ ਜਰਨਲਿਸਟ ਦੇ ਜੀਵਨ ਅਤੇ ਅਨੁਭਵਾਂ ਨੂੰ ਉਜਾਗਰ ਕਰੇਗੀ। ਇਹ ਦੂਜੇ ਵਿਸ਼ਵ ਯੁੱਧ ਅਤੇ ਨਾਜ਼ੀਆਂ ਦੀਆਂ ਭਿਆਨਕ ਸੱਚਾਈਆਂ ਨੂੰ ਉਜਾਗਰ ਕਰਨ ਲਈ ਲੀ ਦੁਆਰਾ ਇੱਕ ਦਲੇਰਾਨਾ ਕੋਸ਼ਿਸ਼ ਸੀ।

## ‘ਮੈਰੀ ਕ੍ਰਿਸਮਸ’ ਵਿਚ ਕੈਟਰੀਨਾ ਨਾਲ ਨਜ਼ਰ ਆਉਣਗੇ ਵਿਜੇ ਸੇਤੂਪਤੀ



ਅਦਾਕਾਰਾ ਕੈਟਰੀਨਾ ਕੈਫ ਨਾ ਸਿਰਫ਼ ਬਾਲੀਵੁੱਡ ਦੀਆਂ ਬਿਹਤਰੀਨ ਅਦਾਕਾਰਾਂ 'ਚ ਸ਼ੁਮਾਰ ਹੈ,ਸਗੋਂ ਆਪਣੀ ਲੁੱਕ ਨਾਲ ਉਹ ਲੋਕਾਂ ਦਾ ਧਿਆਨ ਖਿੱਚਦੀ ਰਹਿੰਦੀ ਹੈ। ਕੈਟਰੀਨਾ ਕੈਫ ਨੇ ਨਿਰਦੇਸ਼ਕ ਸ਼੍ਰੀਰਾਮ ਰਾਘਵਨ ਦੀ ਫ਼ਿਲਮ ‘ਮੈਰੀ ਕ੍ਰਿਸਮਸ’ ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਸ਼ੂਟਿੰਗ ਦੌਰਾਨ ਸੈੱਟ ਤੋਂ ਤਸਵੀਰਾਂ ਅਦਾਕਾਰਾ ਨੇ ਸਾਂਝੀਆਂ ਕੀਤੀਆਂ ਹਨ। ਇਹ ਤਸਵੀਰਾਂ ਅਦਾਕਾਰਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ਸਟੋਰੀ ’ਤੇ ਸਾਂਝੀਆਂ ਕੀਤੀਆਂ ਹਨ। ਇਹ ਤਿੰਨ ਤਸਵੀਰਾਂ ਹਨ ਜਿਸ ’ਚ ਅਦਾਕਾਰਾ ਨੇ ਪਹਿਲੀ ਤਸਵੀਰ ’ਚ ਅਦਾਕਾਰਾ ਨੇ ਕਲਿਪਬੋਰਡ ਦੀ ਤਸਵੀਰ ਸਾਂਝੀ ਕੀਤੀ ਹੈ। ਜਿਸ ’ਚ ‘ਮੈਰੀ ਕ੍ਰਿਸਮਸ’ ਲਿਖਿਆ ਹੋਇਆ ਹੈ। ਇਸ ਦੇ ਨਾਲ ਅਦਾਕਾਰਾ ਨੇ ਵਰਕ,ਵਰਕ,ਵਰਕ ਲਿਖਿਆ ਹੈ। ਕੈਟਰੀਨਾ ਦੇ ਫ਼ਿਲਮੀ ਕਰੀਅਰ ਦੀ ਗੱਲ ਕਰੀਏ ਤਾਂ ਕੈਟਰੀਨਾ ‘ਟਾਈਗਰ 3’ ’ਚ ਸਲਮਾਨ ਖ਼ਾਨ ਅਤੇ ‘ਫੋਨ ਭੂਤ’ ’ਚ ਈਸ਼ਾਨ ਖੱਟਰ ਅਤੇ ਸਿਧਾਂਤ ਚਤੁਰਵੇਦੀ ਨਾਲ ਨਜ਼ਰ ਆਵੇਗੀ। ਇਸ ਤੋਂ ਇਲਾਵਾ ਕੈਟਰੀਨਾ ਫ਼ਰਹਾਨ ਅਖ਼ਤਰ ਦੀ ‘ਜੀ ਲੇ ਜ਼ਾਰਾ’ ’ਚ ਆਲੀਆ ਭੱਟ ਅਤੇ ਪ੍ਰਿਅੰਕਾ ਚੋਪੜਾ ਨਾਲ ਨਜ਼ਰ ਆਵੇਗੀ।

## ਚਿਤਰਗੁਪਤ ਬਣੇ ਅਜੇ ਦੇਵਗਨ ’ਤੇ ਵਿਵਾਦਾਂ ਦੇ ਬੱਦਲ



'ਥੈਂਕ ਗੌਡ’ ਫ਼ਿਲਮ ਦਾ ਟਰੇਲਰ ਜਦੋਂ ਤੋਂ ਰਿਲੀਜ਼ ਹੋਇਆ ਹੈ, ਵਿਵਾਦਾਂ ਦੇ ਬੱਦਲ ਛਾਅ ਗਏ ਹਨ। ਫ਼ਿਲਮ ਵਿਚ ਚਿਤਰਗੁਪਤ ਬਣੇ ਅਜੇ ਦੇਵਗਨ ਵੀ ਇਸ ’ਚ ਫੱਸਦੇ ਜਾ ਰਹੇ ਹਨ। ਪਹਿਲਾਂ ਜੌਨਪੁਰ ਦੇ ਕਾਯਸਥ ਸਮਾਜ ਨੇ ਸ਼ਿਕਾਇਤ ਦਰਜ ਕਰਵਾਈ ਸੀ। ਹੁਣ ਮੱਧ ਪ੍ਰਦੇਸ਼ ਦੇ ਮੰਤਰੀ ਵਿਸ਼ਵਾਸ ਸਾਰੰਗ ਨੇ ਕੇਂਦਰੂ ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੂੰ ਚਿੱਠੀ ਲਿਖ ਕੇ ਫ਼ਿਲਮ ਦੇ ਕੁਝ ਦ੍ਰਿਸ਼ਾਂ ’ਤੇ ਇਤਰਾਜ਼ ਜਤਾਇਆ ਹੈ।

ਮੰਤਰੀ ਵਿਸ਼ਵਾਸ ਸਾਰੰਗ ਨੇ ਦੋਸ਼ ਲਗਾਇਆ ਹੈ ਕਿ ਫ਼ਿਲਮ ’ਚ ਕਾਯਸਥ ਸਮਾਜ ਦੇ ਭਗਵਾਨ ਚਿਤਰਗੁਪਤ ਨੂੰ ਇਤਰਾਜ਼ਯੋਗ ਤਰੀਕੇ ਨਾਲ ਫ਼ਿਲਮਾਇਆ ਗਿਆ ਹੈ। ਉਥੇ ਦੂਜੇ ਪਾਸੇ

ਹੁਣ ਫ਼ਿਲਮ ਖ਼ਿਲਾਫ਼ ਕਾਯਸਥ ਸਮਾਜ ਸੜਕਾਂ ’ਤੇ ਵੀ ਉਤਰ ਆਇਆ ਹੈ। ਭੋਪਾਲ ’ਚ ਪ੍ਰਦਰਸ਼ਨ ਕਰਕੇ ਇਸ ਫ਼ਿਲਮ ’ਤੇ ਬੈਨ ਦੀ ਮੰਗ ਕੀਤੀ ਜਾ ਰਹੀ ਹੈ।

ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ’ਚ ਮੰਗਲਵਾਰ ਨੂੰ ਪ੍ਰਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਕਾਯਸਥ ਸਮਾਜ ਦੇ ਲੋਕ ਪਹੁੰਚੇ। ਸਾਰਿਆਂ ਨੇ ਸ਼ਿਵਰਾਜ ਸਰਕਾਰ ’ਚ ਮੰਤਰੀ ਵਿਸ਼ਵਾਸ ਸਾਰੰਗ ਨੂੰ ਮਿਲ ਕੇ ਅਜੇ ਦੇਵਗਨ ਦੀ ਫ਼ਿਲਮ ‘ਥੈਂਕ ਗੌਡ’ ’ਤੇ ਵਿਰੋਧ ਜ਼ਾਹਿਰ ਕੀਤਾ। ਕਾਯਸਥ ਸਮਾਜ ਦੇ ਲੋਕਾਂ ਦਾ ਦੋਸ਼ ਹੈ ਕਿ ਬਾਲੀਵੁੱਡ ’ਚ ਹਿੰਦੂ ਧਰਮ ਦੇ ਦੇਵੀ-ਦੇਵਤਿਆਂ ਦਾ ਇਤਰਾਜ਼ਯੋਗ ਚਿੱਤਰਣ ਘੱਟ ਨਹੀਂ ਹੋ ਰਿਹਾ ਹੈ।

ਅਜੇ ਦੇਵਗਨ ਦੀ ਆਉਣ ਵਾਲੀ ਫ਼ਿਲਮ ’ਚ ਵੀ ਜਿਸ ਤਰ੍ਹਾਂ ਨਾਲ ਉਨ੍ਹਾਂ ਦੇ ਭਗਵਾਨ ਚਿਤਰਗੁਪਤ ਨੂੰ ਦਿਖਾਇਆ ਗਿਆ ਹੈ, ਉਹ ਇਤਰਾਜ਼ਯੋਗ ਹੈ। ਇਸ ਲਈ ਜਾਂ ਤਾਂ ਇਤਰਾਜ਼ਯੋਗ ਦ੍ਰਿਸ਼ਾਂ ਨੂੰ ਫ਼ਿਲਮ ਤੋਂ ਹਟਾਇਆ ਜਾਵੇ ਜਾਂ ਫਿਰ ਮੱਧ ਪ੍ਰਦੇਸ਼ ’ਚ ਫ਼ਿਲਮ ਨੂੰ ਰਿਲੀਜ਼ ਨਾ ਕੀਤਾ ਜਾਵੇ।










FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017